# ਉਂਨਟਾਰੀਓ ਫਰੈਂਡਜ਼ ਕਲੱਬ ਵੱਲੋਂ ਡਾ: ਸਰਬਜੀਤ ਕੌਰ ਸੋਹਲ ਨੂੰ ਦੁਬਾਰਾ ਪੰਜਾਬ ਸਾਹਿਤ ਅਕਾਡਮੀ ਦਾ ਪ੍ਰਧਾਨ ਬਨਣ ਤੇ ਵਧਾਈਆਂ




ਟੋਰਾਂਟੋ (ਪੰਜਾਬੀ ਅਖਬਾਰ ਬਿਊਰੋ) ਪੰਜਾਬ ਸਾਹਿਤ ਅਕਾਡਮੀ ਦੇ ਦੂਜੀ ਵਾਰ ਪ੍ਰਧਾਨ ਬਨਣ ਤੇ ਬਹੁਤ ਹੀ ਸਤਿਕਾਰਯੋਗ ਤੇ ਮਾਣਮੱਤੀ ਸਖਸ਼ੀਅਤ ਡਾ : ਸਰਬਜੀਤ ਕੌਰ ਸੋਹਲ ਜੀ ਨੂੰ ਓ . ਐਫ . ਸੀ ਤੇ ਡਬਲਯੂ ਪੀ ਸੀ ਦੇ ਪ੍ਰਧਾਨ ਸ : ਰਵਿੰਦਰ ਸਿੰਘ ਕੰਗ ਜੀ ਵੱਲੋਂ ਦਿਲੋਂ ਢੇਰ ਸਾਰੀਆਂ ਵਧਾਈਆਂ ਤੇ ਸੁੱਭ ਇੱਛਾਵਾਂ ਦਿੱਤੀਆਂ ਹਨ ।ਆਪਣੇ 4 ਸਾਲ ਦੇ ਕਾਰਜ-ਕਾਲ ਵਿੱਚ ਡਾ : ਸਰਬਜੀਤ ਕੌਰ ਸੋਹਲ ਜੀ ਨੇ ਬਹੁਤ ਸਾਰੇ ਯਾਦਗਾਰੀ ਸਾਹਿਤਕ ਤੇ ਸਭਿਆਚਾਰਕ ਪ੍ਰੋਗ੍ਰਾਮ ਵੀ ਕੀਤੇ ।ਡਾ : ਸਰਬਜੀਤ ਕੌਰ ਸੋਹਲ ਜੀ ਨੇ 7 ਕਾਵਿ ਪੁਸਤਕਾਂ , 3 ਅਲੋਚਨਾ ਪੁਸਤਕਾਂ , 5 ਸੰਪਾਦਿਤ ਪੁਸਤਕਾਂ , 11 ਅਨੁਵਾਦ ਪੁਸਤਕਾਂ ਤੇ 1 ਕਹਾਣੀਆਂ ਦੀ ਕਿਤਾਬ ਉਹਨਾਂ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ ।ਹੁਣ ਤੱਕ ਕਈ ਤਰਾਂ ਦੇ ਮਾਨਾਂ ਸਨਮਾਨਾਂ ਨਾਲ ਉਹਨਾਂ ਨੂੰ ਨਿਵਾਜਿਆ ਵੀ ਗਿਆ ਹੋਇਆ ਹੈ ।ਕੋਰੋਨਾ ਕਾਲ ਵਿੱਚ ਆਨ ਲਾਈਨ ਸਾਹਿਤਕ ਸਮਾਗਮ ਲਗਾਤਾਰ ਕਰਦੇ ਰਹੇ । ਡਾ. ਸਰਬਜੀਤ ਕੌਰ ਸੋਹਲ ਜੀ ਦਾ ਨਾਮ " ਦੁਨੀਆ ਦੇ 101 ਸਿਰਮੌਰ ਪੰਜਾਬੀ " ਸੂਚੀ ਵਿਚ ਦਰਜ ਹੈ । ਡਾ. ਸਰਬਜੀਤ ਕੌਰ ਸੋਹਲ ਪੰਜਾਬ, ਭਾਰਤ ਦੀ ਉਹ ਪਹਿਲੀ ਔਰਤ ਹੈ ਜਿਸ ਨੇ ਆਪਣੇ ਬਲ ਬੂਤੇ ਤੇ ਵਰਲਡ ਪੰਜਾਬੀ ਕਾਨਫਰੰਸ ਕਰਵਾਈ ।ਜਗਤ ਪੰਜਾਬੀ ਫੋਰਮ ਵੱਲੋਂ ਡਾ. ਸਰਬਜੀਤ ਕੌਰ ਸੋਹਲ ਨੂੰ ਦੁਨੀਆਂ ਦੇ 52 ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿੱਚ ਦਰਜ ਕੀਤਾ ਗਿਆ ਸੀ ਤੇ ਐੱਚ. ਐੱਮ. ਵੀ. ਕਾਲਜ ਜਲੰਧਰ ਵਿਖੇ ਸਨਮਾਨਤ ਕੀਤਾ ਗਿਆ ਸੀ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਡਾ. ਸਰਬਜੀਤ ਕੌਰ ਸੋਹਲ ਕੋਲੋਂ ਵੱਡੀਆਂ ਉਮੀਦਾਂ ਹਨ ਰਮਿੰਦਰ ਰਮੀ ਸਰਪ੍ਰਸਤ ਉਂਨਟਾਰੀਓ ਫਰੈਂਡਜ਼ ਕਲੱਬ ਵੱਲੋਂ ਡਾ. ਸਰਬਜੀਤ ਕੌਰ ਸੋਹਲ ਜੀ ਨੂੰ ਬਹੁਤ ਬਹੁਤ ਮੁਬਾਰਕਾਂ ਓ ਐਫ ਸੀ ਦੀ ਵੂਮੈਨ ਵਿੰਗ ਦੀ ਸਰਪ੍ਰਸਤ ਤੇ ਮੀਡੀਆ ਡਾਇਰੈਕਟਰ ਰਮਿੰਦਰ ਕੌਰ ਵਾਲੀਆ ਜੀ ਨੇ ਵੀ ਉਹਨਾਂ ਨੂੰ ਦਿਲ ਦੀਆਂ ਗਹਿਰਾਈਆਂ ਵਿੱਚੋਂ ਢੇਰ ਸਾਰੀਆਂ ਮੁਬਾਰਕਾਂ ਤੇ ਸੁੱਭ ਇੱਛਾਵਾਂ ਦਿੱਤੀਆਂ ਹਨ ਤੇ ਉਹਨਾਂ ਇਹ ਵੀ ਕਿਹਾ ਹੈ ਕਿ ਉਹ ਹਮੇਸਾਂ ਡਾ: ਸਰਬਜੀਤ ਕੌਰ ਜੀ ਦੇ ਨਾਲ ਹਨ , ਮੇਰੀਆਂ ਸੇਵਾਵਾਂ ਉਹਨਾਂ ਲਈ ਹਮੇਸਾਂ ਹਾਜਰਿ ਹਨ ।ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਉਹਨਾਂ ਨੂੰ ਦਿਨ ਦੁਗੁਣੀ ਰਾਤ ਚੋਗੁਣੀ ਤਰੱਕੀਆਂ ਬਖਸਣ ਤੇ ਹਮੇਸਾਂ ਚੜ੍ਹਦੀਆਂ ਕਲਾ ਵਿੱਚ ਰਹਿਣ ।

# ਆਖਣਾ ਸਮੇਂ ਦੀ ਸਰਕਾਰ ਨੂੰ ਉਹ ਗਹਿਣੇ ਸਾਡਾ ਦੇਸ਼ ਨਾ ਧਰੇ - ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲ਼ਾਂ ਵਿੱਚੋਂ ਨੀਰ ਵਗਿਆ ਵਰਗੀਆਂ ਰਚਨਾਵਾਂ ਗਾਕੇ ਕੈਲਗਰੀ ਦੇ ਲਿਖਾਰੀਆਂ ਨੇ ਦਿਲ ਦੀ ਭੜਾਸ ਕੱਢੀ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪਹਿਲੀ ਮਈ ਨੂੰ ਰਾਈਟਰਜ਼ ਫੋਰਮ ਕੈਲਗਰੀ ਦੀ ਮਈ ਦਿਵਸ ਦੀ ਜ਼ੂਮ ਮੀਟਿੰਗ ਸੋਗੀ ਤੇ ਉਦਾਸ ਮਾਹੌਲ ਵਿਚ ਹੋਈ ਜਿਸ ਵਿਚ ਵਿਛੜੇ ਸਾਹਿਤਕਾਰ ਪ੍ਰੇਮ ਗੋਰਖੀ ਅਤੇ ਗੀਤਕਾਰ ਸੁਰਜੀਤ ਗਿੱਲ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਰਨੈਲ ਸਿੰਘ ਤੱਗੜ ਦੇ ਜਵਾਈ ਸਤਨਾਮ ਸਿੰਘ ਪਰਮਾਰ ਅਤੇ ਮਾਸਟਰ ਭਜਨ ਗਿੱਲ ਜੀ ਦੇ ਦੋਹਤੇ ਕਾਕਾ ਵਿਸ਼ਵਜੀਤ ਸਿੰਘ ਉਰਫ ਪ੍ਰਿੰਸ ਦੇ ਬੇ-ਵਕਤ ਸਦੀਵੀ ਵਿਛੋੜੇ ਤੇ ਨਮ ਅੱਖਾਂ ਅਤੇ ਭਰੇ ਮਨ ਨਾਲ ਸ਼ੋਕ ਮਤਾ ਪਾਸ ਕੀਤਾ ਗਿਆ। ਸਦਮਾ ਗ੍ਰਸਤ ਪਰਿਵਾਰਾਂ ਪ੍ਰਤੀ ਆਪਣੀ ਸਾਂਝ, ਹਮਦਰਦੀ ਅਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਡਾ. ਬਲਵਿੰਦਰ ਕੌਰ ਬਰਾੜ ਨੇ ਭਾਰਤ ਵਿਚ ਹੋ ਰਹੇ ਮੌਤਾਂ ਦੇ ਤਾਂਡਵ ਨਾਚ, ਮਹਾਂਮਾਰੀ ਸਮੇਤ ਕਿਸਾਨ ਅੰਦੋਲਨ ਪ੍ਰਤੀ ਸਰਕਾਰ ਦੀ ਮੁਜਰਮਾਨਾ ਬੇ-ਰੁਖੀ, ਮਈ ਦਿਵਸ ਬਾਰੇ, ਪ੍ਰੇਮ ਗੋਰਖੀ ਨਾਲ ਨਿੱਜੀ ਸਾਂਝ ਬਾਰੇ ਅਤੇ ਗੁਰੂ ਤੇਗ ਬਹਾਦਰ ਜੀ ਦੇ ਤਿਲਕ ਜੰਜੂ ਦੇ ਰਾਖੇ ਵਜੋਂ ਵਿਚਾਰ ਰੱਖ ਕੇ ਮੀਟਿੰਗ ਦਾ ਏਜੰਡਾ ਤਹਿ ਕਰ ਦਿੱਤਾ।ਜਗਦੀਸ਼ ਕੌਰ ਸਰੋਆ ਨੇ ਭਜਨ-ਬਿਨ ਬੋਲਿਆ ਸਭ ਕਿਛੁ ਜਾਣਦਾ, ਗੁਰਦੀਸ਼ ਕੌਰ ਗਰੇਵਾਲ ਨੇ ਕਵਿਤਾ-ਬਣ ਕੇ ਸੁਆਲੀ ਦਾਤਾ, ਜੋਗਾ ਸਿੰਘ ਸਹੋਤਾ ਨੇ ਗੀਤ-ਮੁਝੇ ਇਤਨਾ ਬਤਾ ਪ੍ਰਮਾਤਮਾ, ਅਜਾਇਬ ਸਿੰਘ ਸੇਖੋਂ ਨੇ ਨੌਵੇਂ ਮਹਲੇ ਦੇ ਸਲੋਕ, ਬਿੱਕਰ ਸਿੰਘ ਸੰਧੂ ਨੇ ਸੂਫ਼ੀ ਰੰਗਤ ਦਾ ਧਾਰਮਿਕ ਗੀਤ, ਸਰੂਪ ਸਿੰਘ ਮੰਡੇਰ ਨੇ ਮਨਉਕਤੀ ਮੁਕਤਕ ਛੰਦ ਦੀ ਤਰਜ਼ ਵਿਚ ਕਵੀਸ਼ਰੀ ਰਾਹੀਂ ਗੁਰੂ ਤੇਗ ਬਹਾਦਰ ਜੀ ਪ੍ਰਥਾਏ ਅਕੀਦਾ ਪੇਸ਼ ਕੀਤਾ। ਨਰਿੰਦਰ ਢਿੱਲੋਂ ਨੇ ਗੁਰੂ ਜੀ ਦੁਆਰਾ ਜ਼ੁਲਮ ਦਾ ਟਾਕਰਾ ਕਰਨ ਅਤੇ ਮਜ਼ਲੂਮਾਂ ਖਾਤਰ ਕੁਰਬਾਨ ਹੋਣ ਦੇ ਉਪਦੇਸ਼ ਨੂੰ ਉਜਾਗਰ ਕੀਤਾ। ਗੁਰਚਰਨ ਕੌਰ ਥਿੰਦ ਨੇ ਮਈ ਦਿਵਸ ਦੇ ਪਿਛੋਕੜ ਅਤੇ ਮਹੱਤਵ ਬਾਰੇ ਦੱਸਿਆ। ਉਜਾਗਰ ਸਿੰਘ ਕੰਵਲ ਬ੍ਰੈਂਪਟਨ ਨੇ ਗ਼ਜ਼ਲ-ਸ਼ਬਦਾਂ ਵਿਚ ਅਰਥਾਂ ਦੀ ਮਹਿਕ ਜ਼ਰੂਰੀ ਹੈ,ਹਰਮਿੰਦਰ ਕੌਰ ਚੁੱਘ ਤੇ ਮਨਮੋਹਨ ਬਾਠ ਨੇ ਹਿੰਦੀ ਗਾਣੇ, ਅਮਰਜੀਤ ਸਹੋਤਾ ਐਡਮੰਟਨ ਨੇ ਗ਼ਜ਼ਲ, ਡਾ. ਮਨਮੋਹਨ ਕੌਰ ਨੇ ਕਿਸਾਨਾਂ ਬਾਰੇ ਕਵਿਤਾ, ਰਾਜਵੰਤ ਕੌਰ ਮਾਨ ਨੇ ਕਵਿਤਾ- ਬਣਾ ਕੇ ਕਾਫ਼ਲਾ ਸਾਂਝਾ, ਸਰਬਜੀਤ ਕੌਰ ਉਪਲ ਨੇ - ਕਾਹਦਾ ਜਿੰਦੇ ਮਾਣ ਕਰੇਂਦੀ, ਪ੍ਰਸ਼ੋਤਮ ਭਾਰਦਵਾਜ ਨੇ--ਦਿਲ ਬੜਾ ਰੱਖਿਆ ਕਰੋ, ਰਾਮ ਸੈਣੀ ਨੇ ਸ਼ਿਵ ਦਾ ਗੀਤ- ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ, ਸੁਖਵਿੰਦਰ ਤੂਰ ਨੇ ਸੰਤ ਰਾਮ ਉਦਾਸੀ ਦਾ ਗੀਤ- ਆਖਣਾ ਸਮੇਂ ਦੀ ਸਰਕਾਰ ਨੂੰ ਉਹ ਗਹਿਣੇ ਸਾਡਾ ਦੇਸ਼ ਨਾ ਧਰੇ, ਤੇ ਜਗਜੀਤ ਰਹਿਸੀ ਨੇ ਸ਼ੇਅਰਾਂ ਦੀ ਪੇਸ਼ਕਾਰੀ ਰਾਹੀਂ ਵੱਖੋ-ਵੱਖਰੇ ਅੰਦਾਜ਼ ਪਰੋਸੇ। ਜਗਦੇਵ ਸਿੱਧੂ ਨੇ ਪ੍ਰੇਮ ਗੋਰਖੀ ਤੇ ਸੰਤ ਰਾਮ ਉਦਾਸੀ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਲੋਕ-ਪੱਖੀ ਕਿਰਤਾਂ ਦਾ ਹਵਾਲਾ ਦੇ ਕੇ ਉਨ੍ਹਾਂ ਦਾ ਅਜੋਕੀ ਸਥਿਤੀ ਅਤੇ ਕਿਸਾਨ ਅੰਦੋਲਨ ਦੇ ਸੰਦਰਭ ਨਾਲ ਸਬੰਧਤ ਨਜ਼ਰੀਆ ਪੇਸ਼ ਕੀਤਾ- ਗਲ ਲੱਗ ਕੇ ਸੀਰੀ ਦੇ ਜੱਟ ਰੋਵੇ ਬੋਹਲ਼ਾਂ ਵਿੱਚੋਂ ਨੀਰ ਵਗਿਆ। ਦਿਲਾਵਰ ਸਮਰਾ, ਸੇਵਾ ਸਿੰਘ, ਅਮਰੀਕ ਸਿੰਘ ਸਰੋਆ ਨੇ ਮਾਹੌਲ ਮੁਤਾਬਕ ਵਿਚਾਰਾਂ ਦੀ ਸਾਂਝ ਪਾਈ। ਜਸਵੀਰ ਸਹੋਤਾ ਨੇ ਇਕ ਨਜ਼ਮ ਅਰਜ਼ ਕੀਤੀ ਅਤੇ ਸੰਚਾਲਨ ਦੌਰਾਨ ਹੋ ਰਹੀਆਂ ਪੇਸ਼ਕਾਰੀਆਂ ਬਾਰੇ ਢੁਕਵੀਆਂ ਟਿੱਪਣੀਆਂ ਕਰ ਕੇ ਲੜੀ ਨਾਲ ਲੜੀ ਜੋੜੀ ਰੱਖੀ। ਪ੍ਰਧਾਨ ਸਮਸ਼ੇਰ ਸਿੰਘ ਸੰਧੂ ਨੇ ਹਾਜ਼ਰੀਨ ਦੀ ਹੌਸਲਾ ਅਫ਼ਜ਼ਾਈ ਕਰ ਕੇ ਜ਼ਰੂਰੀ ਪੱਖ ਪੂਰਿਆ।

# ਮੰਗੀ ਕੀਮਤ ਨਾਲੋਂ ਵੀ ਵੱਧ ਕੀਮਤ ਉੱਪਰ ਘਰ ਹੁਣ ਕੈਲਗਰੀ ਵਿੱਚ ਵਿਕਣ ਲੱਗੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਪ੍ਰੈਲ ਮਹੀਨੇ ਦੌਰਾਨ ਕੈਲਗਰੀ ਵਿੱਚ ਘਰਾਂ ਦੀ ਰਿਕਾਰਡ ਵਿਕਰੀ ਨੇ ਆਰਥਕ ਖੇਤਰ ਵਿੱਚ ਨਵੀਂ ਹਲਚਲ ਪੈਦਾ ਕੀਤੀ ਹੈ ਤੇ ਸਿਟੀ ਦੇ ਰੀਅਲ ਇਸਟੇਟ ਬੋਰਡ ਨੇ ਦੱਸਿਆ ਹੈ ਕਿ ਪਿਛਲੇ ਸਾਲ ਅਪ੍ਰੈਲ ਮਹੀਨੇ ਵਿੱਚ 571 ਘਰਾਂ ਦੀ ਸੇਲ ਦਰਜ ਹੋਈ ਸੀ ਜਦੋਂ ਇਸ ਸਾਲ ਇਹ ਸੰਖਿਆ ਵਧ ਕੇ 3209 'ਤੇ ਪਹੁੰਚ ਗਈ ਹੈ। ਇਹ ਵਾਧਾ 462% ਦਰਜ ਕੀਤਾ ਜਾ ਰਿਹਾ ਹੈ। ਇੱਕ ਪਾਸੇ ਜਦੋਂ ਸਮੁੱਚਾ ਅਰਥਚਾਰਾ ਡੁੱਬਦਾ ਜਾ ਰਿਹਾ ਸੀ, ਘਰਾਂ ਦੀ ਵਿਕਰੀ ਸਿਖ਼ਰਾਂ ਵੱਲ ਜਾ ਰਹੀ ਸੀ।ਰੀਅਲ ਅਸਟੇਟ ਖੇਤਰ ਵਿੱਚ ਲੰਮੇ ਅਰਸੇ ਤੋਂ ਕੰਮ ਕਰਦੇ ਆ ਰਹੇ ਗੁਰਪ੍ਰੀਤ ਸਿੱਧੂ ਰਾਣਾ ਨੇ ਦੱਸਿਆ ਕਿ ਕਈ ਮਾਮਲਿਆਂ ਵਿੱਚ ਮੰਗੀ ਗਈ ਕੀਮਤ ਨਾਲੋਂ ਵੀ ਵੱਧ ਮੁੱਲ 'ਤੇ ਵਿਕਰੀ ਹੋਣ ਦੀ ਸੂਚਨਾ ਹੈ। ਆਉਂਦੀ ਪਹਿਲੀ ਜੂਨ ਤੋਂ ਮੌਰਗੇਜ ਨਿਯਮ ਹੋਰ ਸਖ਼ਤ ਹੋ ਜਾਣ ਦੀ ਸੂਚਨਾ ਦਰਮਿਆਨ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਵੱਲੋਂ ਘਰ ਖ਼ਰੀਦੇ ਜਾਣ ਵਿੱਚ ਵੱਧ ਦਿਲਚਸਪੀ ਵਿਖਾਈ ਜਾ ਰਹੀ ਹੈ। ਪਿਛਲੇ ਸਾਲ ਦੇ ਅਪ੍ਰੈਲ ਦੇ ਮੁਕਾਬਲੇ ਇਸ ਸਾਲ ਲਿਸਟਿੰਗ ਵਿੱਚ 227% ਦਾ ਵਾਧਾ ਹੋਇਆ ਦਰਜ ਕੀਤਾ ਗਿਆ ਹੈ। ਘਰਾਂ ਦੀ ਔਸਤ ਕੀਮਤ ਵਿੱਚ ਵੀ 20% ਦਾ ਵਾਧਾ ਦਰਜ ਕੀਤਾ ਜਾ ਰਿਹਾ ਹੈ। ਕੌਂਡੋ, ਅਟੈਚਡ ਅਤੇ ਡੀਟੈਚਡ, ਟਾਊਨ ਹਾਊਸ ਆਦਿ ਸਭ ਕਿਸਮਾਂ ਦੇ ਘਰਾਂ ਦੀ ਵਿਕਰੀ ਵਿੱਚ ਇਸ ਸਮੇਂ ਤੇਜ਼ੀ ਦੇਖੀ ਜਾ ਰਹੀ ਹੈ।

# ਜੇ ਸੂਬਾ ਵਾਸੀ ਨਿਯਮਾਂ ਦਾ ਪਾਲਨ ਨਹੀਂ ਕਰਨਗੇ ਤਾਂ ਸਰਕਾਰ ਨੂੰ ਹੋਰ ਸਖ਼ਤ ਕਦਮ ਚੁੱਕਣੇ ਹੀ ਪੈਣਗੇ-ਕੈਨੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੂਬੇ ਵਿੱਚ ਕੋਰੋਨਾ ਵਾਇਰਸ ਦੇ ਐਕਟਿਵ ਕੇਸਾਂ ਦੀ ਗਿਣਤੀ 2000 ਪਾਰ ਕਰ ਜਾਣ ਮਗਰੋਂ ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਹੋਰ ਸਖ਼ਤ ਸਿਹਤ ਪਾਬੰਦੀਆਂ ਲਾਗੂ ਕਰਨ ਸੰਬੰਧੀ ਐਲਾਨ ਕਰਨਾ ਪੈਣਾ ਹੈ। 3 ਮਈ ਵਾਲੇ ਦਿਨ ਦੱਸਿਆ ਗਿਆ ਕਿ ਸੂਬੇ ਵਿੱਚ ਇਸ ਵਾਇਰਸ ਦੇ ਨਵੇਂ ਐਕਟਿਵ ਕੇਸਾਂ ਦੀ ਸੰਖਿਆ 2012 ਰਿਪੋਰਟ ਕੀਤੀ ਗਈ ਹੈ ਅਤੇ ਕੁੱਲ ਐਕਟਿਵ ਕੇਸਾਂ ਦੀ ਸੰਖਿਆ 23608 ਟੱਪ ਗਈ ਹੈ। ਪਿਛਲੇ ਸਾਲ ਤੋਂ ਲੈ ਕੇ ਹੁਣ ਤੱਕ ਇਸ ਵਾਇਰਸ ਦੇ ਸਭ ਤੋਂ ਵੱਧ ਮਾਮਲੇ ਦਰਜ ਹੋਣ ਦਾ ਰਿਕਾਰਡ ਬਣ ਗਿਆ ਹੈ। ਪੌਜ਼ਿਟਿਵਿਟੀ ਰੇਟ 13.2% ਉੱਪਰ ਪਹੁੰਚ ਗਈ ਹੈ ਤੇ ਹਸਪਤਾਲਾਂ ਵਿੱਚ ਦਾਖ਼ਲ ਹੋਣ ਵਾਲੇ ਕੋਰੋਨਾ ਪੀੜਤ ਵਿਅਕਤੀਆਂ ਦੀ ਸੰਖਿਆ 658 'ਤੇ ਪਹੁੰਚ ਗਈ ਹੈ। ਇਹਨਾਂ ਵਿੱਚੋਂ 154 ਇੰਟੈਂਸਿਵ ਕੇਅਰ ਯੂਨਿਟਸ ਵਿੱਚ ਭਰਤੀ ਹਨ। ਪ੍ਰੀਮੀਅਰ ਜੇਸਨ ਕੈਨੀ ਨੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਸੂਬੇ ਦੇ ਅਰਥਚਾਰੇ ਨੂੰ ਵੇਖਦਿਆਂ ਸੰਤੁਲਿਤ ਪਹੁੰਚ ਅਪਣਾਏ ਜਾਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਐਲਬਰਟਾ ਵਿੱਚ ਸੈਸਕੈਚੇਵਾਨ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਨਿਯਮ ਲਾਗੂ ਕੀਤੇ ਗਏ ਹਨ ਪਰ ਐਲਬਰਟਾ ਵਿੱਚ ਕੇਸਾਂ ਦੀ ਗਿਣਤੀ ਦੋਵਾਂ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਦਰਜ ਹੋ ਰਹੀ ਹੈ। ਉਹਨਾਂ ਕਿਹਾ ਕਿ ਜੇ ਸੂਬਾ ਵਾਸੀ ਨਿਯਮਾਂ ਦਾ ਪਾਲਨ ਨਹੀਂ ਕਰਨਗੇ ਤਾਂ ਸਰਕਾਰ ਨੂੰ ਹੋਰ ਸਖ਼ਤ ਕਦਮ ਚੁੱਕਣੇ ਹੀ ਪੈਣਗੇ। ਕੈਲਗਰੀ ਜ਼ੋਨ ਵਿੱਚ ਇਹਨਾਂ ਐਕਟਿਵ ਕੇਸਾਂ ਦੀ ਸੰਖਿਆ 9942 'ਤੇ ਪਹੁੰਚ ਗਈ ਹੈ ਜਦੋਂ ਕਿ ਐਡਮੰਟਨ ਵਿੱਚ 6 ਹਜ਼ਾਰ 33 ਅਤੇ ਨੌਰਥ ਜ਼ੋਨ ਵਿੱਚ 3478 ਮਾਮਲੇ ਦਰਜ ਕੀਤੇ ਗਏ ਹਨ। ਮਰਨ ਵਾਲਿਆਂ ਦਾ ਅੰਕੜਾ 2090 ਪਾਰ ਕਰ ਗਿਆ ਹੈ।






# ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜ਼ੂਮ ਮੀਟਿੰਗ ਲੇਖਕ ਸਵ: ਮਨਜੀਤ ਮੀਤ ਨੂੰ ਸਮਰਪਿਤ



ਸਰੀ (ਪੰਜਾਬੀ ਅਖਬਾਰ ਬਿਊਰੋ) 10 ਅਪ੍ਰੈਲ,2021 ਸ਼ਨਿੱਚਰਵਾਰ ਬਾਅਦ ਦੁਪਹਿਰ 12:30 ਵਜੇ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਜ਼ੂਮ ਮੀਟਿੰਗ ਹੋਈ । ਇਹ ਸਮਾਗਮ ਦੇ ਮੁੱਖ ਬੁਲਾਰੇ ਪ੍ਰਸਿੱਧ ਲੇਖਕ ਡਾ: ਗੁਰਮੇਲ ਸਿੱਧੂ ਅਤੇ ਮੁੱਖ ਮਹਿਮਾਨ ਰਵਿੰਦਰ ਰਵੀ ਸਨ । ਮੰਚ ਦਾ ਸੰਚਾਲਨ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਵੱਲੋਂ ਕੀਤਾ ਗਿਆ । ਸਮਾਗਮ ਦੀ ਪ੍ਰਧਾਨਗੀ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਕੀਤੀ ਗਈ । ਸਭਾ ਦੀ ਪਿਛਲੇ ਮਹੀਨੇ ਦੀ ਕਾਰਵਾਈ ਅਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ । ਅੱਜ ਦਾ ਸਮਾਗਮ ਸਭਾ ਦੇ ਬਾਨੀ ਮੈਂਬਰ,ਸਾਬਕਾ ਪ੍ਰਧਾਨ, ਪ੍ਰਸਿੱਧ ਲੇਖਕ ਸਵ: ਮਨਜੀਤ ਮੀਤ ਢੱਟ ਨੂੰ ਸਮਰਪਿਤ ਰਿਹਾ ।ਇਸ ਮੌਕੇ ਉਨ੍ਹਾਂ ਦੀ ਧਰਮ ਪਤਨੀ ਦਮਿੰਦਰ ਕੌਰ ਵੀ ਸ਼ਾਮਿਲ ਹੋਏ । ਆਰੰਭ ਵਿੱਚ ਰੂਪਿੰਦਰ ਖਹਿਰਾ ਰੂਪੀ ਵੱਲੋਂ ਮਰਹੂਮ ਲੇਖਕ ਦੀ ਪੁਸਤਕ "ਨੰਗੇ ਪੈਰੀਂ ਪੌਣ" ਚੋਂ ਇੱਕ ਰਚਨਾ , ਅਤੇ ਦੂਸਰੀ ਪ੍ਰਸਿੱਧ ਲੇਖਕ ਰਵਿੰਦਰ ਰਵੀ ਦੀ ਰਚਨਾ ਮਨਜੀਤ ਮੀਤ ਨੂੰ ਸਮਰਪਿਤ ਸਾਂਝੀਆਂ ਕੀਤੀਆਂ ਗਈਆਂ ।ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਵੱਲੋਂ ਮਨਜੀਤ ਮੀਤ ਨੂੰ ਸ਼ਰਧਾਂਜਲੀ ਅਤੇ ਤਰਨੰਮ ਵਿੱਚ ਉਨ੍ਹਾਂ ਦੀਆਂ ਰਚਨਾਵਾਂ ਸਾਂਝੀਆਂ ਕੀਤੀਆ । ਪ੍ਰਸਿੱਧ ਲੇਖਕ ਅਤੇ ਨਾਟਕ ਕਾਰ ਰਵਿੰਦਰ ਰਵੀ ਵੱਲੋਂ ਵਿਸਥਾਰ ਸਹਿਤ ਮਰਹੂਮ ਲੇਖਕ ਮਨਜੀਤ ਮੀਤ ਦੇ ਜੀਵਨ, ਸਾਹਿਤਕ ਸਫ਼ਰ ਬਾਰੇ ਦਿਲਚਸਪ ਜਾਣਕਾਰੀ ਕੀਤੀ ਗਈ ਅਤੇ ਆਪਣੇ ਮਿੱਤਰ ਨਾਲ ਨਿੱਜੀ ਯਾਦਗਾਰੀ ਪਲ ਵੀ ਸਾਂਝੇ ਕੀਤੇ ਗਏ ।ਮਨਜੀਤ ਮੀਤ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਧਰਮ ਪਤਨੀ ਦਮਿੰਦਰ ਢੱਟ ਵੱਲੋਂ ਬਹੁਤ ਭਾਵਪੂਰਵਕ ਸ਼ਬਦਾਂ ਨਾਲ ਸਭਾ ਦਾ ਧੰਨਵਾਦ ਕੀਤਾ ਅਤੇ ਕੁਝ ਸ਼ਬਦ ਸਾਂਝੇ ਕੀਤੇ । ਉਪਰੰਤ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਅੱਜ ਦੇ ਮੁੱਖ ਬੁਲਾਰੇ ਪ੍ਰਸਿੱਧ ਲੇਖਕ ਡਾ: ਗੁਰਮੇਲ ਸਿੱਧੂ ਨੂੰ ਜੀ ਆਇਆਂ ਆਖਿਆ ਅਤੇ ਫ਼ੋਨ ਰਾਹੀਂ ਸਰੋਤਿਆਂ ਨਾਲ ਉਨ੍ਹਾਂ ਨਾਲ ਸਾਂਝ ਪਾਈ ।ਉਹ ਇੱਕ ਉੱਘੇ ਲੇਖਕ ,ਸਾਇੰਸਦਾਨ ,ਪੰਜਾਬੀ ਸਾਹਿਤ ਦੇ ਵਿਦਵਾਨ ਹਨ। ਉਨ੍ਹਾਂ ਨੇ ਵਿਸਥਾਰ ਸਹਿਤ ਗੱਦਰ ਇਤਿਹਾਸ ,ਗੱਦਰੀ ਬਾਬਿਆਂ ਦੀ ਜਦੋ ਜ਼ਹਿਦ ਅਤੇ ਗੱਦਰ ਲਹਿਰ ਤੇ ਹੋਰ ਪ੍ਰਕਾਸ਼ਤ ਪੁਸਤਕਾਂ ਬਾਰੇ ਵਢਮੁੱਲੀ ਜਾਣਕਾਰੀ ਸਾਂਝੀ ਕੀਤੀ ।ਸੁਰਜੀਤ ਕਲਸੀ ਵੱਲੋਂ ਮਨਜੀਤ ਦੀ ਇੱਕ ਭਾਵੁਕ ਰਚਨਾ ਅਤੇ ਕੁਝ ਯਾਦਗਾਰੀ ਪਲ ਸਾਂਝੇ ਕੀਤੇ ਗਏ । ਕਵੀ ਦਰਬਾਰ ਵਿੱਚ ਸਭ ਕਵੀਆਂ ਨੇ ਮਨਜੀਤ ਮੀਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ,ਡਾ:ਬਲਦੇਵ ਖਹਿਰਾ ਵੱਲੋਂ ਮਿੰਨੀ ਕਹਾਣੀ ਪੇਸ਼ ਕੀਤੀ ਗਈ, ਸੁੱਚਾ ਸਿੰਘ ਕਲੇਰ( ਸ਼ਰਧਾਂਜਲੀ) ,ਹਰਸ਼ਰਨ ਕੌਰ (ਕਵਿਤਾ), ਹਰਚੰਦ ਬਾਗੜੀ (ਕਵਿਤਾ),ਸੁਰਿੰਦਰ ਪਾਲ ਬਰਾੜ (ਸ਼ਰਧਾਂਜਲੀ ਅਤੇ ਕਵਿਤਾ),ਡਾ:ਗੁਰਮਿੰਦਰ ਸਿੱਧੂ (ਕਵਿਤਾ), ਇੰਦਰਜਤ ਧਾਮੀ ( ਕਵਿਤਾ ਅਤੇ ਵਿਚਾਰ), ਅਮਰੀਕ ਪਲਾਹੀ (ਕਵਿਤਾ),ਗੁਰਚਰਨ ਸਿੰਘ ਟਲੇਵਾਲੀਆ ਵਿਚਾਰ, ਹਾਜ਼ਰ ਸਰੋਤਿਆਂ ਵਿੱਚ ਪੰਜਾਬੀ ਸਾਹਿਤ ਸਭਾ ਸਿਆਟਲ ਤੋਂ ਬਲਿਹਾਰ ਸਿੰਘ ਲੇਲ੍ਹ ,ਹਰਚੰਦ ਸਿੰਘ ਗਿੱਲ ,ਜਾਗੀਰ ਸਿੰਘ ਕਾਹਲੋਂ ਸ਼ਾਮਿਲ ਸਨ। ਅੰਤ ਵਿੱਚ ਆਪਣੇ ਪ੍ਰਧਾਨਗੀ ਭਾਸ਼ਨ ਵਿੱਚ ਪ੍ਰੋਗਰਾਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ । ਇਹ ਸਮਾਗਮ ਯਾਦਗਾਰੀ ਹੋ ਨਿਬੜਿਆ ।

# ਕੈਲਗਰੀ ਦੇ ਮੇਅਰ ਦਾ ਕਹਿਣਾ ਹੈ ਕਿ ਪਾਬੰਦੀਆਂ ਦਾ ਉਲੰਘਣ ਕਰਨ ਵਾਲਿਆਂ ਨਾਲ ਨਜਿੱਠਣ ਲਈ ਅਦਾਲਤਾਂ ਅੱਗੇ ਆਉਣ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੂਬੇ ਭਰ ਵਿੱਚ ਕੋਵਿਡ-19 ਸੰਬੰਧੀ ਲੱਗੀਆਂ ਪਾਬੰਦੀਆਂ ਦਾ ਖੁਲ੍ਹੱਮ-ਖੁੱਲ੍ਹਾ ਉਲੰਘਣ ਕਰਨ ਦੀਆਂ ਵਧ ਰਹੀਆਂ ਘਟਨਾਵਾਂ ਨੂੰ ਪਰੇਸ਼ਾਨ ਕਰਨ ਵਾਲੀਆਂ ਦੱਸਦਿਆਂ ਕੈਲਗਰੀ ਮੇਅਰ ਨਾਹੀਦ ਨੈਂਸ਼ੀ ਨੇ ਕਿਹਾ ਹੈ ਕਿ ਇਸ ਸੰਬੰਧੀ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ 23 ਹਜ਼ਾਰ ਤੋਂ ਜ਼ਿਆਦਾ ਐਕਟਿਵ ਕੇਸ ਆਉਣ ਮਗਰੋਂ ਐਲਬਰਟਾ ਪੂਰੇ ਨੌਰਥ ਅਮੇਰਿਕਾ ਵਿੱਚ ਇਸ ਵਾਇਰਸ ਦੀ ਲਪੇਟ ਵਿੱਚ ਆਉਣ ਵਾਲਾ ਸਭ ਤੋਂ ਵੱਧ ਕੇਸਾਂ ਵਾਲਾ ਸੂਬਾ ਬਣ ਗਿਆ ਹੈ। ਨੈਂਸ਼ੀ ਨੇ ਲੰਘੇ ਵੀਕ-ਐਂਡ 'ਤੇ ਹੋਏ "ਨੋ ਮੋਰ ਮਾਸਕ ਰੋਡੀ? ਸ਼ੋ" ਨੇ ਬਹੁਤ ਨਿਰਾਸ਼ ਕੀਤਾ ਹੈ ਤੇ ਮੇਅਰ ਨੇ ਕਿਹਾ ਕਿ ਪ੍ਰੀਮੀਅਰ ਦੇ ਢਿੱਲ-ਮੱਠ ਵਾਲੇ ਰਵਈਏ ਤੋਂ ਸੂਬਾ ਵਾਸੀਆਂ ਨੂੰ ਕਦੀ ਕਦੀ ਇਹ ਲੱਗਦਾ ਹੈ ਕਿ ਇਹਨਾਂ ਪਾਬੰਦੀਆਂ ਦੀ ਕੋਈ ਪਰਵਾਹ ਕਰਨ ਦੀ ਲੋੜ ਨਹੀਂ ਹੈ। ਨੈਂਸ਼ੀ ਨੇ ਕਿਹਾ ਕਿ ਸਾਰਿਆਂ ਨੂੰ ਚਾਹੀਦਾ ਹੈ ਕਿ ਸਿਹਤ ਸੰਬੰਧੀ ਪਾਬੰਦੀਆਂ ਦਾ ਪਾਲਨ ਕਰਨ। ਉਹਨਾਂ ਸਰਕਾਰ ਅਤੇ ਕੋਰਟ ਸਿਸਟਮ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਮੰਗ ਕੀਤੀ ਤੇ ਕਿਹਾ ਕਿ ਕੋਰਟਸ ਇਸ ਮਾਮਲੇ ਵਿੱਚ ਸਿੱਧਾ ਦਖ਼ਲ ਦੇਣ।







# ਕਰੋਨਾ ਪਾਬੰਦੀਆਂ ਦਾ ਵਿਰੋਧ ਕਰਨ ਵਾਲੇ ਹੁਣ ਮੇਲੇ ਲਾਉਣ ਲੱਗੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਐਲਬਰਟਾ ਭਰ ਵਿੱਚ ਕੋਵਿਡ-19 ਨਾਲ ਸੰਬੰਧਿਤ ਮਾਮਲਿਆਂ ਦੀ ਗਿਣਤੀ ਵਿੱਚ ਖ਼ਤਰਨਾਕ ਢੰਗ ਨਾਲ ਵਾਧਾ ਹੁੰਦਾ ਜਾ ਰਿਹਾ ਹੈ, ਦੂਜੇ ਪਾਸੇ ਇਸ ਸੰਬੰਧੀ ਲੱਗੀਆਂ ਪਾਬੰਦੀਆਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਵੀ ਹੋ ਰਿਹਾ ਹੈ। ਹਾਇਵੇਅ 2-ਏ ਦੇ ਨਾਲ ਲੱਗਦੇ ਬਾਉਡੈਨ ਵਿੱਚ ਇਹਨਾਂ ਪਾਬੰਦੀਆਂ ਦਾ ਵਿਰੋਧ ਕਰਨ ਵਾਸਤੇ ਲੰਘੇ ਸ਼ਨੀਵਾਰ ਅਤੇ ਐਤਵਾਰ ਵਾਲੇ ਦਿਨ 'ਨੋ ਮੋਰ ਲੌਕਡਾਊਨ ਰੋਡੀਓ ਰੈਲੀ' ਰੱਖੀ ਗਈ ਜਿਸ ਵਿੱਚ ਇੱਕ ਹਜ਼ਾਰ ਤੋਂ ਵੱਧ ਲੋਕ ਸ਼ਾਮਿਲ ਹੋਏ ਤੇ ਕਿਸੇ ਨੇ ਵੀ ਸਰੀਰਕ ਵਿੱਥ ਰੱਖਣ ਜਾਂ ਮਾਸਕ ਪਾਉਣ ਦੀ ਕੋਈ ਲੋੜ ਨਹੀਂ ਸਮਝੀ। ਇਸ ਰੈਲੀ ਦਾ ਮਕਸਦ ਸੀ ਕਿ ਜਿਹੜੇ ਲੋਕ ਇਹਨਾਂ ਪਾਬੰਦੀਆਂ ਦਾ ਵਿਰੋਧ ਕਰਨਾ ਚਾਹੁੰਦੇ ਹਨ, ਉਹ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਵਾਸਤੇ ਇਕੱਠੇ ਹੋਣ ਤੇ ਅਜਿਹਾ ਹੀ ਹੋਇਆ ਵੀ। ਇਸ ਰੋਡੀਓ ਸ਼ੋ ਨੂੰ ਰੱਖਣ ਵਾਲਿਆਂ ਨੂੰ ਆਰ.ਸੀ.ਐਮ.ਪੀ. ਅਤੇ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਕਿਹਾ ਗਿਆ ਸੀ ਕਿ ਉਹ ਪ੍ਰੋਗਰਾਮ ਨਾ ਕਰਨ ਪਰ ਇਹਨਾਂ ਹਿਦਾਇਤਾਂ ਦਾ ਕੋਈ ਪਾਲਨ ਨਹੀਂ ਕੀਤਾ ਗਿਆ। ਏ.ਐਚ.ਐਸ. ਨੇ ਇਹ ਪ੍ਰੋਗਰਾਮ ਮਨਾਹੀ ਦੇ ਬਾਵਜੂਦ ਕੀਤੇ ਜਾਣ 'ਤੇ ਅਫ਼ਸੋਸ ਪ੍ਰਗਟ ਕੀਤਾ ਹੈ। ਇਸ ਪ੍ਰੋਗਰਾਮ ਨੂੰ ਕਰਨ ਵਾਸਤੇ ਜਿਸ ਸੰਸਥਾ ਕੋਲੋਂ ਜ਼ਮੀਨ ਲਈ ਗਈ ਸੀ, ਉਹਨਾਂ ਨੇ ਇਸ ਦੀ ਪ੍ਰਵਾਨਗੀ ਬਾਦ ਦੁਪਹਿਰ ਵਾਪਸ ਲੈ ਲਈ ਜਿਸ ਮਗਰੋਂ ਇਹ ਮੇਲਾ ਖ਼ਤਮ ਹੋ ਗਿਆ। ਐਤਵਾਰ ਨੂੰ ਇਹ ਮੇਲਾ ਹੋਰ ਕਿਸੇ ਥਾਂ ਰੱਖ ਲਿਆ ਗਿਆ ਦੱਸਿਆ ਜਾਂਦਾ ਹੈ। ਹੁਣ ਇਸ ਮਾਮਲੇ 'ਤੇ ਕਾਨੂੰਨੀ ਰਸਤਾ ਲਏ ਜਾਣ 'ਤੇ ਵਿਚਾਰ ਹੋ ਰਿਹਾ ਹੈ।

# ਅਲਬਰਟਾ ਦੇ ਸਕੂਲੀ ਸਟਾਫ ਨੂੰ ਵੀ ਟੀਕੇ ਲੱਗਣੇ ਸ਼ੁਰੂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰੀਮੀਅਰ ਜੇਸਨ ਕੈਨੀ ਨੇ ਐਲਾਨ ਕੀਤਾ ਹੈ ਕਿ 4 ਮਈ ਤੋਂ ਸੂਬੇ ਭਰ ਵਿੱਚ ਸਕੂਲੀ ਅਧਿਆਪਕਾਂ, ਸਕੂਲ ਸਪੋੱਰਟ ਸਟਾਫ਼ ਦੇ ਮੈਂਬਰਾਂ ਅਤੇ ਸਾਰੇ ਚਾਇਲਡ ਕੇਅਰ ਵਰਕਰਜ਼ ਨੂੰ ਕੋਵਿਡ-19 ਵੈਕਸਿਨ ਦਿੱਤੇ ਜਾਣ ਦਾ ਸਿਲਸਿਲਾ ਸ਼ੁਰੂ ਹੋ ਰਿਹਾ ਹੈ। ਉਮਰ ਦੇ ਲਿਹਾਜ਼ ਨਾਲ ਟੀਕਾਕਰਨ ਪ੍ਰੋਗਰਾਮ ਵਿੱਚ 60% ਸਕੂਲ ਸਟਾਫ਼ ਪਹਿਲਾਂ ਹੀ ਆਪੋ ਆਪਣੇ ਇੰਜੈਕਸ਼ਨਜ਼ ਲਗਵਾ ਚੁੱਕੇ ਹਨ ਤੇ ਬਾਕੀ ਰਹਿੰਦਾ ਸਟਾਫ਼ ਹੁਣ ਲਗਵਾ ਸਕੇਗਾ। ਉਹਨਾਂ ਕਿ ਵੈਕਸਿਨ ਸਪਲਾਈ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਜਲਦੀ ਹੀ ਵੈਕਸਿਨੇਸ਼ਨ ਰੋਲ ਆਉਟ ਪਲੈਨ ਤਹਿਤ ਤੀਸਰਾ ਫੇਜ਼ ਸ਼ੁਰੂ ਹੋਵੇਗਾ ਜਿਸ ਦੇ ਅੰਤਰਗਤ 16 ਸਾਲ ਤੋਂ ਉੱਪਰ ਦੀ ਉਮਰ ਦੇ ਵਿਅਕਤੀਆਂ ਨੂੰ ਟੀਕੇ ਲਗਾਏ ਜਾਣਗੇ।

# ਇਕਾਂਤਵਾਸ ਰਹਿਣ ਵਾਲਿਆਂ ਨੂੰ 10 ਦਿਨ ਦੀ ਤਨਖਾਹ ਘਰ ਬੈਠਿਆਂ ਮਿਲਣੀ ਚਾਹੀਦੀ ਹੈ -ਨੌਟਲੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਧਾਨਸਭਾ ਵਿੱਚ ਵਿਰੋਧੀ ਧਿਰ ਐਨ.ਡੀ.ਪੀ. ਦੀ ਲੀਡਰ ਰੇਚੈਲ ਨੌਟਲੀ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੋਵਿਡ-19 ਕਾਰਨ ਆਇਸੋਲੇਸ਼ਨ ਵਿੱਚ ਜਾਣ ਵਾਲੇ ਕਰਮਚਾਰੀਆਂ ਨੂੰ 10 ਦਿਨ ਦੀ ਪੇਡ ਛੁੱਟੀ ਮਿਲਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਨੁਕਸਾਨ ਨਾ ਹੋਵੇ ਅਤੇ ਕੰਮ ਮਾਲਕਾਂ ਨੂੰ ਇਹ ਰਕਮ ਜਾਰੀ ਕੀਤੀ ਜਾਵੇ। ਨੌਟਲੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਰਕਮ ਫੈਡਰਲ ਸਰਕਾਰ ਦੇ ਰਿਕਵਰੀ ਸਿਕਨੈੱਸ ਬੈਨੇਫਿਟ ਪ੍ਰੋਗਰੈਮ ਤੋਂ ਹਾਸਲ ਕਰ ਸਕਦੀ ਹੈ। ਨੌਟਲੀ ਨੇ ਕਿਹਾ ਕਿ ਕਈ ਵਾਰ ਕਰਮਚਾਰੀ ਤਨਖਾਹ ਦੇ ਨੁਕਸਾਨ ਤੋਂ ਬਚਣ ਲਈ ਖ਼ਤਰਾ ਹੋਣ ਜਾਂ ਬਿਮਾਰ ਹੋਣ ਦੇ ਬਾਵਜੂਦ ਕੰਮ 'ਤੇ ਜਾਂਦੇ ਹਨ ਤੇ ਵਾਇਰਸ ਫੈਲਦਾ-ਵਧਦਾ ਹੈ ਪਰ ਜਦ ਉਹਨਾਂ ਨੂੰ ਤਨਖਾਹ ਦੇ ਨੁਕਸਾਨ ਦਾ ਫਿਕਰ ਨਹੀਂ ਹੋਵੇਗਾ ਤਾਂ ਉਹ ਵਧੇਰੇ ਚੌਕਸ ਰਹਿਣਗੇ। ਸਾਬਕਾ ਪ੍ਰੀਮੀਅਰ ਨੇ ਸਲਾਹ ਦਿੱਤੀ ਹੈ ਕਿ ਸਰਕਾਰ ਕੰਮ ਮਾਲਕਾਂ ਨਾਲ ਸਲਾਹ ਕਰਕੇ ਅਮੀਰ ਮਾਲਕਾਂ ਨੂੰ ਆਪਣਾ ਹਿੱਸਾ ਵਧਾਉਣ ਲਈ ਕਹਿ ਸਕਦੀ ਹੈ। ਸਰਕਾਰ ਵੱਲੋਂ ਫਿਲਹਾਲ ਇਸ ਮਾਮਲੇ 'ਤੇ ਆਪਣੀ ਕੋਈ ਰਾਇ ਨਹੀਂ ਦਿੱਤੀ ਗਈ ਹੈ।







# ਕੈਲਗਰੀ ਦੇ ਲੋਕਾਂ ਨੂੰ ਪੁੱਛਿਆ ਗਿਆ ਕਿ ਤੁਹਾਡੇ ਇਲਾਕੇ ਵਿੱਚ ਕਲਾ ਕ੍ਰਿਤਾਂ ਦੇ ਪੀਸ ਕਿਹੋ ਜਿਹੇ ਹੋਣ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨੌਰਥ ਈਸਟ ਹਿੱਸੇ ਵਿੱਚ ਰਹਿਣ ਵਾਲੇ ਲੋਕਾਂ ਨੂੰ ਪੁਛਿਆ ਗਿਆ ਹੈ ਕਿ ਉਹਨਾਂ ਦੇ ਇਲਾਕਿਆਂ ਵਿੱਚ ਪਬਲਿਕ ਆਰਟ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤੇ ਇਸ ਬਾਰੇ ਉਹ ਕੀ ਸੋਚਦੇ ਹਨ। ਪਿਛਲੇ ਕਈ ਸਾਲਾਂ ਤੋਂ ਕੈਲਗਰੀ ਦੇ ਇਸ ਹਿੱਸੇ ਵਿੱਚ ਆਰਟ ਸੰਬੰਧੀ ਕੋਈ ਇਨਵੈਸਟਮੈਂਟ ਨਹੀਂ ਕੀਤੀ ਗਈ ਹੈ। ਜੈਨੇਸਿਸ ਸੈਂਟਰ ਦੀ ਸਾਊਥ ਵਾਲੇ ਐਂਟਰੈਂਸ 'ਤੇ ਪਹਿਲਾਂ 'ਵਿਸ਼ਿੰਗ ਵੌਲ' ਨਾਮ ਦਾ ਇੱਕ ਆਰਟ ਪੀਸ ਲੱਗਿਆ ਹੁੰਦਾ ਸੀ ਜਿਹੜਾ ਸਾਲ 2014 ਵਿੱਚ ਹਟਾ ਲਿਆ ਗਿਆ ਸੀ ਕਿਉਂਕਿ ਉਸ ਕਾਰਨ ਕਿਸੇ ਵਿਅਕਤੀ ਦੀ ਜੈਕਟ ਸੜ ਗਈ ਸੀ। ਵਾਰਡ 5 ਤੋਂ ਕੌਂਸਲਰ ਜੌਰਜ ਚਾਹਲ ਦਾ ਕਹਿਣਾ ਹੈ ਕਿ ਇਸ ਇਲਾਕੇ ਨੂੰ ਆਰਟ ਪੱਖੋਂ ਵਾਂਝਾ ਹੀ ਰੱਖਿਆ ਗਿਆ ਹੈ ਤੇ ਹੁਣ ਲੋਕ ਰਾਇ ਹਾਸਲ ਕੀਤੀ ਗਈ ਹੈ। ਬੀਤੀ 19 ਅਪ੍ਰੈਲ ਤੱਕ ਇਹ ਰਾਇ ਦਿੱਤੀ ਗਈ ਸੀ। ਇਸ ਸੰਬੰਧੀ ਔਨਲਾਇਨ ਸਰਵੇ ਭਰਨ ਨੂੰ ਕਿਹਾ ਗਿਆ ਸੀ।



# ਡਬਲਿਉ.ਐਚ ਓ ਅਨੁਸਾਰ ਭਾਰਤ ਦੀ ਮੌਜੂਦਾ ਹਾਲਤ ਦਿਲ ਤੋੜ ਦੇਣ ਵਾਲੀ ਹਾਲਾਤ ਤੋਂ ਵੀ ਟੱਪ ਗਈ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਕੋਰੋਨਾ ਵਾਇਰਸ ਦੀ ਬਦਤਰ ਹੁੰਦੀ ਜਾ ਰਹੀ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਦੀ ਅੰਤਰਰਾਸ਼ਟਰੀ ਅਪੀਲ ਮਗਰੋਂ ਅਮੈਰਿਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨਾਲ ਗੱਲਬਾਤ ਕੀਤੀ ਹੈ ਤੇ ਜਲਦ ਹੀ ਦਵਾਈ ਵਾਸਤੇ ਕੱਚਾ ਮੇਲ ਭੇਜਣ ਦਾ ਭਰੋਸਾ ਦਵਾਇਆ ਹੈ। ਜਰਮਨੀ, ਇੰਗਲੈਂਡ, ਸਿੰਗਾਪੁਰ ਅਤੇ ਫ੍ਰਾਂਸ ਨੇ ਭਾਰਤ ਨੂੰ ਤੁਰੰਤ ਮੈਡਿਕਲ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਵਲਡ ਹੈਲਥ ਔਗੇਨਾਇਜ਼ੇਸ਼ਨ – ਡਬਲਿਉ.ਐਚ.?. ਦੇ ਮੁਖੀ, ਟੈਡਰੌਸ ਐਡਨੌਮ ਗ਼ੈਬ੍ਰੇਸਿਉਸ ਨੇ ਕਿਹਾ ਹੈ ਕਿ ਭਾਰਤ ਦੀ ਮੌਜੂਦਾ ਹਾਲਤ ਦਿਲ ਤੋੜ ਦੇਣ ਵਾਲੀ ਤੋਂ ਵੀ ਟੱਪ ਗਈ ਹੈ। ਉਹਨਾਂ ਕਿਹਾ ਕਿ 2600 ਤੋਂ ਵੱਧ ਸਟਾਫ਼ ਮੈਂਬਰਾਂ ਨੂੰ ਭਾਰਤ ਵਿੱਚ ਵੱਖ ਵਾਖ ਸਹਾਇਤਾ ਮਿਸ਼ਨਾਂ ਲਈ ਤੈਨਾਤ ਕੀਤਾ ਜਾ ਰਿਹਾ ਹੈ। ਭਾਰਤੀ ਫੌਜ ਦੀਆਂ ਮੈਡਿਕਲ ਟੀਮਾਂ ਸਿਵਿਲ ਮੈਡਿਕਲ ਟੀਮਾਂ ਨਾਲ ਕੰਮ ਕਰਨ ਲਈ ਤੈਨਾਤ ਕਰ ਦਿੱਤੀਆਂ ਗਈਆਂ ਹਨ। ਕਰਨਾਟਕਾ ਸਰਕਾਰ ਨੇ 2 ਹਫ਼ਤਿਆਂ ਲਈ ਪੂਰੇ ਸੂਬੇ ਵਿੱਚ ਕਰਫਿਊ ਨਾਫਿਜ਼ ਕਰ ਦਿੱਤਾ ਹੈ। ਰੂਸ ਨੇ ਆਪਣੀ ਵੈਕਸਿਨ –ਸਪੁਤਨਿਕ ਪਹਿਲੀ ਮਈ ਤੋਂ ਭਾਰਤ ਭੇਜਣ ਦਾ ਐਲਾਨ ਕੀਤਾ ਹੈ। ਕੈਲਿਫੋਰਨੀਆ ਦੀ ਇਕ ਕੰਪਨੀ ਨੇ ਭਾਰਤ ਨੂੰ ਸਾਢੇ 4 ਲੱਖ ਕੋਵਿਡ-19 ਦੀਆਂ ਵਾਇਲਜ਼ ਮੁਫ਼ਤ ਭੇਜਣ ਦਾ ਐਲਾਨ ਕੀਤਾ ਹੈ।

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
info.blissandbeauty@gmail.com
Located on 2nd Floor in Saddleridge Plaza

ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
INDIVIDUAL COURSES
We Provide Laser Hair Removal Treatments
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
• Makeup
• Hair styling
• Manicure/Pedicure
• Microdermabrasion
• Artificial Nails
GD COLLEGE CALGARY
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜਿੰਦਗੀ ਨੂੰ ਕਲਾ ਵਿੱਚ ਬਦਲੋ
DIPLOMA PROGRAMS
• Esthetics Diploma • Makeup Artistry Diploma • Nail Technician Diploma • Clinical Esthetics
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
CONTACT FOR FAST SERVICE
Bikkar Gill (Moga) 780-465-6166
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨੈਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

## ਹੁਣ ਬੈਂਫ ਅਤੇ ਹੋਰਨਾਂ ਇਲਾਕਿਆਂ ਵਿੱਚ ਜੌਨਸਨ ਐਂਡ ਜੋਨਸਨ ਦੀ ਬਜਾਇ ਕਿਸੇ ਹੋਰ ਕੰਪਨੀ ਦੀ ਵੈਕਸੀਨ ਮਿਲੇਗੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੌਨਸਨ ਐਂਡ ਜੌਨਸਨ ਕੰਪਨੀ ਦੀ ਦਵਾਈ ਸਪਲਾਈ ਰੁਕ ਜਾਣ ਮਗਰੋਂ ਬੈਂਫ਼ ਅਤੇ ਲੇਕ ਲੁਇਸ ਦੇ ਨਾਲ ਨਾ ਮਿਉਨਿਸਿਪੈਲਿਟੀ ਆਫ਼ ਵੁਡ ਬੱਫੈਲੋ ਨੇ ਨਿਰਾਸ਼ਾ ਦਾ ਇਜ਼ਹਾਰ ਕਰਦਿਆਂ ਸੂਬਾ ਸਰਕਾਰ ਨੂੰ ਕੋਈ ਬਦਲਵਾਂ ਪ੍ਰਬੰਧ ਕਰਨ ਲਈ ਕਿਹਾ ਹੈ। ਇਹਨਾਂ ਖੇਤਰਾਂ ਵਿੱਚ ਕੋਵਿਡ-19 ਦੇ ਮਾਮਲਿਆਂ ਦੀ ਗਿਣਤੀ ਪ੍ਰਤੀ ਇੱਕ ਲੱਖ ਅਬਾਦੀ ਪਿੱਛੇ 1000 ਕੇਸ ਤੋਂ ਵੀ ਵੱਧ ਦਰਜ ਕੀਤੀ ਜਾ ਰਹੀ ਹੈ ਸਰਕਾਰ ਨੇ ਕਿਹਾ ਸੀ ਕਿ ਜੌਨਸਨ ਐਂਡ ਜੌਨਸਨ ਦੀ ਦਵਾਈ ਇਹਨਾਂ ਖੇਤਰਾਂ ਵਿੱਚ ਪਹਿਲ ਦੇ ਅਧਾਰ 'ਤੇ ਭੇਜੀ ਜਾਵੇਗੀ ਪਰ ਇਸ ਦਵਾਈ ਦੀ ਸਪਲਾਈ ਰੁਕ ਗਈ ਹੈ। ਇਸ ਦਵਾਈ ਦੀਆਂ 15 ਮਿਲੀਅਨ ਡੋਜ਼ਿਜ਼ ਦੇ ਨਿਰਮਾਣ ਵਿੱਚ ਹੋਈ ਕਥਿੱਤ ਲਾਪਰਵਾਹੀ ਦੀ ਸੂਚਨਾ ਮਿਲਣ ਮਗਰੋਂ ਹੈਲਥ ਕੈਨੇਡਾ ਨੇ ਦਵਾਈ ਲੈਣ ਤੋਂ ਮਨ੍ਹਾ ਕਰ ਦਿੱਤਾ ਸੀ। ਸੂਬਾ ਸਰਕਾਰ ਵੱਲੋਂ ਦੋਵਾਂ ਖੇਤਰਾਂ ਵਿੱਚ 3 ਲੱਖ 74 ਹਜ਼ਾਰ ਡੋਜ਼ਿਜ਼ ਭੇਜੀਆਂ ਜਾਣੀਆਂ ਸਨ। ਹੁਣ ਸਰਕਾਰ ਨੇ ਬਦਲਵੀਆਂ ਡੋਜ਼ਿਜ਼ ਭੇਜਣ ਦੀ ਯੋਜਨਾ ਉੱਪਰ ਕੰਮ ਸ਼ੁਰੂ ਕਰ ਦਿੱਤਾ ਹੈ।

## ਟੀਕਾ ਲਗਵਾਉਣ ਗਿਆਂ ਨੂੰ ਦਿੱਤੀਆਂ ਪਾਰਕਿੰਗ ਟਿਕਟਾਂ ਹੁਣ ਮੁਆਫ ਹੋ ਗਈਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਡਾਉਨ-ਟਾਉਨ ਵਿੱਚ ਟੈੱਲਸ ਕਨਵੈਂਸ਼ਨ ਸੈਂਟਰ ਵਿੱਚ ਵੈਕਸਿਨੇਸ਼ਨ ਲੈ ਗਏ ਸੈਂਕੜੇ ਲੋਕਾਂ ਨੂੰ ਕੈਲਗਰੀ ਪਾਰਕਿੰਗ ਅਥਾਰਿਟੀ ਵੱਲੋਂ ਜਾਰੀ ਕੀਤੀਆਂ ਜੁਰਮਾਨਾ ਟਿਕਟਾਂ ਵਾਪਸ ਲੈ ਲਈਆਂ ਗਈਆਂ ਹਨ। ਇਹਨਾਂ ਜੁਰਮਾਨਾ ਟਿਕਟਾਂ ਦੀ ਗਿਣਤੀ 1528 ਦੱਸੀ ਗਈ ਹੈ। ਇਸ ਥਾਂ ਟੀਕਾ ਲਗਵਾਉਣ ਜਾਣ ਵਾਲਿਆਂ ਨੂੰ ਟ੍ਰਾਂਜ਼ਿਟ ਦੀਆਂ 2 ਮੁਫ਼ਤ ਟਿਕਟਾਂ ਦੇਣ ਅਤੇ ਪਾਰਕਿੰਗ ਲੌਟ ਵਿੱਚ ਡੇਢ ਘੰਟੇ ਲਈ ਪਾਰਕਿੰਗ ਸਪੌਟ ਮੁਫ਼ਤ ਵਿੱਚ ਦੇਣ ਦਾ ਐਲਾਨ ਕੀਤਾ ਗਿਆ ਸੀ। 23 ਹਜ਼ਾਰ ਦੇ ਕਰੀਬ ਲੋਕਾਂ ਨੇ ਆਪਣੀਆਂ ਗੱਡੀਆਂ ਦੀਆਂ ਲਾਇਸੰਸ ਪਲੇਟਸ ਔਨਲਾਇਨ ਰਜਿਸਟਰ ਕਰ ਲਈਆਂ ਸਨ ਪਰ ਕਈ ਅਜਿਹਾ ਨਹੀਂ ਕਰ ਸਕੇ। ਦੂਜਾ, ਵੈਕਸਿਨੇਸ਼ਨ ਲਈ ਕਈ ਲੋਕਾਂ ਨੂੰ 4 ਤੋਂ 5 ਘੰਟੇ ਦੀ ਉਡੀਕ ਵੀ ਕਰਨੀ ਪਈ ਸੀ ਤੇ ਫਰੀ ਪਾਰਕਿੰਗ ਸਿਰਫ਼ ਡੇਢ ਘੰਟੇ ਲਈ ਸੀ। ਇਸ ਮਗਰੋਂ ਸਿਸਟਮ ਵਿੱਚ ਇਹਨਾਂ ਵਿਅਕਤੀਆਂ ਨੂੰ ਜੁਰਮਾਨਾ ਟਿਕਟਾਂ ਜਾਰੀ ਹੋ ਗਈਆਂ।

## ਹੁਣ ਕਰੋਨਾ ਵੈਕਸੀਨ ਪਾਸਪੋਰਟ ਵੀ ਕਨੇਡਾ ਵਾਸੀਆਂ ਨੂੰ ਜਾਰੀ ਕੀਤੇ ਜਾਣਗੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਹੈਲਥ ਮਨਿਸਟਰ ਪੈਟੀ ਹਾਇਡੂ ਨੇ ਕਿਹਾ ਹੈ ਕਿ ਕੋਵਿਡ-19 ਤੋਂ ਬਚਾਅ ਵਾਸਤੇ ਦੋ-ਦੋ ਇੰਜੈਕਸ਼ਨ ਲਗਵਾਉਣ ਵਾਲੇ ਕੈਨੇਡੀਅਨਾਂ ਨੂੰ ਸਰਕਾਰ ਵੈਕਸਿਨੇਸ਼ਨ ਸਰਟੀਫੀਕੇਟ ਜਾਰੀ ਕਰੇਗੀ ਤਾਂ ਕਿ ਉਹ ਲੋਕ ਅੰਤਰਰਾਸ਼ਟਰੀ ਯਾਤਰਾ ਕਰ ਸਕਣ। ਇਹਨਾਂ ਸਰਟੀਫੀਕੇਟਾਂ ਨੂੰ ਹੀ 'ਵੈਕਸਿਨ ਪਾਸਪੋਰਟ' ਦਾ ਨਾਮ ਦਿੱਤਾ ਜਾ ਸਕੇਗਾ। ਮਨਿਸਟਰੀ ਹਾਇਡੂ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਅੰਤਰਰਾਸ਼ਟਰੀ ਯਾਤਰੀਆਂ ਕੋਲੋਂ ਇਸ ਸਰਟੀਫੀਕੇਟ ਜਾਂ ਵੈਕਸਿਨ ਪਾਸਪੋਰਟ ਦੀ ਮੰਗ ਕੀਤੀ ਜਾ ਸਕਦੀ ਹੈ ਤੇ ਲੋਕਾਂ ਕੋਲ ਇਹ ਹੋਣਾ ਚਾਹੀਦਾ ਹੈ। ਇਸ ਲਈ ਫੈਡਰਲ ਸਰਕਾਰ ਇਹ ਸਰਟੀਫੀਕੇਟ ਜਾਰੀ ਕਰੇਗੀ। ਮਨਿਸਟਰ ਹਾਇਡੂ ਨੇ ਦੱਸਿਆ ਕਿ ਮਾਰਚ ਮਹੀਨੇ ਵਿੱਚ ਹੀ ਜੀ-ਸੈਵਨ ਦੇਸ਼ਾਂ ਦੇ ਹੈਲਥ ਮਨਿਸਟਰਾਂ ਦਰਮਿਆਨ ਇਸ ਮੁੱਦੇ ਉੱਪਰ ਚਰਚਾ ਹੋ ਚੁੱਕੀ ਹੈ।

## ਅਲਬਰਟਾ ਸਰਕਾਰ ਵੱਲੋਂ ਬਜਾਏ ਖਤਰੇ ਦੇ ਘੁੱਗੂ ਦਾ ਕਈ ਲੋਕ ਵਿਰੋਧ ਕਰ ਰਹੇ ਹਨ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੇ ਸ਼ੁਕਰਵਾਰ ਵਾਲੇ ਦਿਨ ਬਾਦ ਦੁਪਹਿਰ ਐਲਬਰਟਾ ਸਰਕਾਰ ਵੱਲੋਂ ਜਾਰੀ ਕੀਤੇ ਗਏ ਐਮਰਜੰਸੀ ਐਲਰਟ ਨੂੰ ਲੈ ਕੇ ਇਸ ਦਾ ਤਿੱਖਾ ਵਿਰੋਧ ਕੀਤੇ ਜਾਣ ਦੀ ਸੂਚਨਾ ਹੈ। ਸਰਕਾਰ ਵੱਲੋਂ ਜਾਰੀ ਇਸ ਮੈਸੇਜ ਵਿੱਚ ਲੋਕਾਂ ਨੂੰ ਸਿਹਤ ਸੰਬੰਧੀ ਨਿਯਮਾਂ ਦਾ ਪਾਲਨ ਕਰਨ ਨੂੰ ਕਿਹਾ ਗਿਆ ਸੀ ਤੇ ਵਾਇਰਸ ਦੇ ਫੈਲਾਅ ਨੂੰ ਰੋਕਣ ਵਾਸਤੇ ਸੁਰਖਿਅਤ ਢੰਗ ਨਾਲ ਰਹਿਣ ਅਤੇ ਵੈਕਸਿਨ ਲਗਵਾਉਣ ਦੀ ਅਪੀਲ ਕੀਤੀ ਗਈ ਸੀ। ਇਸ ਸੁਨੇਹੇ ਦੀ ਕੈਟੇਗਰੀ 'ਸੰਗੀਨ' ਜਾਂ ਗੰਭੀਰ ਦਰਜ ਕੀਤੀ ਗਈ ਸੀ। ਦਰਜਨਾਂ ਲੋਕਾਂ ਨੇ ਇਸ ਸੁਨੇਹੇ ਦਾ ਵਿਰੋਧ ਕਰਦਿਆਂ ਇਸ ਨੂੰ ਡਰ ਫੈਲਾਉਣ ਵਾਲਾ ਦੱਸਿਆ ਹੈ ਤੇ ਕਿਹਾ ਕਿ ਸਰਕਾਰ ਨੇ ਇਸ ਸਿਸਟਮ ਦੀ ਦੁਰਵਰਤੋਂ ਕੀਤੀ ਹੈ। ਪ੍ਰੀਮੀਅਰ ਜੇਸਨ ਕੈਨੀ ਨੇ ਇੱਕ ਦਿਨ ਪਹਿਲਾਂ ਹੀ ਸੂਬਾ ਵਾਸੀਆਂ ਨੂੰ ਦੱਸਿਆ ਸੀ ਕਿ ਇਸ ਸੰਬੰਧੀ ਜਾਗਰੂਕਤਾ ਲਿਆਉਣ ਦੇ ਇਰਾਦੇ ਸਿਸਟਮ ਰਾਹੀ ਸੁਨੇਹਾ ਨਾਲ ਉਹ ਐਮਰਜੰਸੀ ਐਲਰਟ ਭਿਜਵਾਉਣਗੇ।

## 30 ਸਾਲ ਤੋਂ ਉੱਪਰ ਦੀ ਉਮਰ ਵਾਲਿਆਂ ਨੂੰ ਜੋਹਨਸਨ ਐਂਡ ਜੌਹਨਸਨ ਦੀ ਵੈਕਸੀਨ ਮਿਲੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਜੌਨਸਨ ਐਂਡ ਜੌਨਸਨ ਕੰਪਨੀ ਦੀ ਕੋਵਿਡ-19 ਵੈਕਸਿਨ ਨੂੰ 30 ਸਾਲ ਜਾਂ ਇਸ ਤੋਂ ਉੱਪਰ ਉਮਰ ਦੇ ਵਿਅਕਤੀਆਂ ਨੂੰ ਦਿੱਤੇ ਜਾਣ ਲਈ ਨੈਸ਼ਨਲ ਐਡਵਾਇਜ਼ਰੀ ਕਮੇਟੀ ਔਨ ਇਮਿਉਨਾਇਜ਼ੇਸ਼ਨ ਨੇ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦਵਾਈ ਦੀ ਕੇਵਲ ਇਕੋ ਖੁਰਾਕ ਦਿੱਤੀ ਜਾਣੀ ਹੈ ਜਦੋਂ ਕਿ ਬਾਕੀ ਸਾਰੀਆਂ ਦਵਾਇਆਂ ਦੀਆਂ 2-2 ਖੁਰਾਕਾਂ ਦਿੱਤੀਆਂ ਜਾਣੀਆਂ ਹਨ। ਇਸ ਦਵਾਈ ਨਾਲ ਵੀ ਸਰੀਰ ਵਿੱਚ ਬਲਡ ਕਲੌਟ ਹੋ ਸਕਣ ਦੇ ਖ਼ਦਸ਼ੈ ਪ੍ਰਗਟ ਕੀਤੇ ਜਾ ਰਹੇ ਹਨ ਪਰ ਦਵਾਈ ਨੂੰ ਸੁਰਖਿਅਤ ਦੱਸਿਆ ਜਾ ਰਿਹਾ ਹੈ।




MILLER IMMIGRATION LAW FIRM

We Speak Your Language: English and Punjabi

Assisting You With All Types of Applications for Temporary and Permanent Residence in Canada, and Canadian Citizenship

TEMPORARY RESIDENCE:
- Visitor Visas, including Super Visas and Business Visitor Visas
- Study Permits
- Work Permits, including:
  - Work permits based on Labour Market Impact Assessments (LMIAs)
  - Work permits under the Global Talent Stream
  - NAFTA and GATS work permits
  - Open work permits

PERMANENT RESIDENCE:
- Express Entry streams
- Provincial Nominee Programs
- Childcare Provider and Home Support Worker Pilot Programs
- Applications made under Humanitarian and Compassionate Considerations
- Family Class Applications to sponsor parents, grandparents, spouses and children
- Entrepreneurial and Investor Applications:
  - Self-Employed Persons program
  - Start-Up Visa Program
  - Provincial Nominee Programs

MILLER IMMIGRATION LAW FIRM
CANADIAN IMMIGRATION LAW

Offices in Calgary and Edmonton:

Calgary Office:
First Alberta Place
730-777 8 Avenue SW
Calgary, Alberta T2P 3R5

Edmonton Office:
First Edmonton Place
1400 - 10665 Jasper Avenue
Edmonton, Alberta
T5J 3S9

Contact us:

General Email: info@millerlawfirm.ca
Direct Email: hmiller@millerlawfirm.ca
General Phone Line: 587 - 392 - 5199
Direct Phone Line: 587 - 392 - 5200

Halyna Miller, LL.B.
Ten Years of Experience as a Canadian Immigration Lawyer

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜੀਆਂ ਸਬਜੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕੋ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
ਕੈਨੇਡਾ ਵਿੱਚ ਰਹਿ ਰਹੇ ਅੰਤਰ ਰਾਸ਼ਟਰੀ ਗਰੈਜੂਏਟਅਤੇ ਕਾਮਿਆਂ ਲਈ
ਖੁਸ਼ਖ਼ਬਰੀ
ਕਨੇਡਾ ਸਰਕਾਰ ਨੇ ਕਨੇਡਾ ਵਿੱਚ ਰਹਿ ਰਹੇ 90,000 ਕਾਮਿਆਂ ਨੂੰ ਪੱਕੇ ਕਰਨ ਦਾ ਇਤਹਿਾਸਕ ਫੈਸਲਾ ਲਿਆ ਹੈ । ਜਿਹੜੇ ਕਾਮੇ ਪਿਛਲੇ ਇੱਕ ਸਾਲ ਤੋਂ ਕਨੇਡਾ ਸਰਕਾਰ ਵੱਲੋਂ ਪ੍ਰਵਾਨਿਤ ਕਿੱਤਿਆਂ ਵਿੱਚ ਕੰਮ ਕਰ ਰਹੇ ਹਨ ,ਉਹ ਇਸ ਫੈਸਲੇ ਦਾ ਫਾਇਦਾ ਉਠਾ ਸਕਦੇ ਹਨ। ਵਧੇਰੇ ਜਾਣਕਾਰੀ ਅਤੇ ਫਾਇਲ ਲਗਵਾਉਣ ਲਈ ਸਾਡੇ ਨਾਲ ਸੰਪਰਕ ਕਰੋ
SASKATOON, SK
Unit # 4 - 3000 Diefenbaker Dr, Saskatoon, SK S7L 7K2 (Near Superstore West)
REGINA, SK
Unit-1, 1428 Lorne St
Regina SK S4R 2K4
Regulated Canadian Immigration Consultant, CEO
Member of ICCRC

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੈਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ


A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਜੇ ਤੁਹਾਨੂੰ ਸ਼ੱਕ ਐ ਕਿ ਤੁਸੀਂ ਕਿਸੇ ਕਰੋਨਾ ਪੀੜਤ ਦੇ ਸੰਪਰਕ ਵਿੱਚ ਆਏ ਹੋ ਤਾਂ ਤੁਸੀਂ ਆਪਣਾ ਟੈਸਟ ਕਰਵਾ ਸਕਦੇ ਹੋ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨੌਰਥ ਈਸਟ ਵਿੱਚ ਮੈਕਨਾਇਟ-ਵੈਸਟਵਿੰਡਜ਼ ਪਾਰਕ ਐਂਡ ਰਾਇਡ ਲੌਟ ਵਿੱਚ ਕੋਵਿਡ-19 ਟੈਸਟਿੰਗ ਐਂਡ ਅਸੈਸਮੈਂਟ ਸੈਂਟਰ ਖੋਲ੍ਹਿਆ ਜਾ ਗਿਆ ਹੈ। ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਸੂਬੇ ਦੀ ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਮਨਿਸਟਰ ਰਾਜਨ ਸਾਹਨੀ ਨੇ ਦੱਸਿਆ ਕਿ ਜਿਹੜੇ ਵਿਅਕਤੀਆਂ ਨੂੰ ਕੋਰੋਨਾ ਵਾਇਰਸ ਦੇ ਲੱਛਣ ਨਜ਼ਰ ਆਉਂਦੇ ਹਨ ਅਤੇ ਜਾਂ ਜਿਹੜੇ ਕਿਸੇ ਵਾਇਰਸ ਪੌਜ਼ਿਟਿਵ ਵਿਅਕਤੀ ਦੇ ਸੰਪਰਕ ਵਿੱਚ ਆਉਂਦੇ ਹਨ, ਉਹ ਇਸ ਸੈਂਟਰ ਤੋਂ ਆਪਣੀ ਜਾਂਚ ਕਰਵਾ ਕਰ ਸਕਦੇ ਹਨ। ਸੋਮਵਾਰ ਤੋਂ ਸ਼ੁਕਰਵਾਰ ਤੱਕ ਅਤੇ ਸਵੇਰੇ 8 ਵਜੇ ਤੋਂ ਸ਼ਾਮ 5 ਤੱਕ ਇਹ ਅਸੈਸਮੈਂਟ ਸੈਂਟਰ ਖੁੱਲ੍ਹਿਆ ਕਰੇਗਾ। ਐਲਬਰਟਾ ਹੈਲਥ ਸਰਵਿਸਿਜ਼ ਦੀ ਵੈਬਸਾਇਟ ਰਾਹੀਂ ਜਾਂ 8-1-1 'ਤੇ ਕਾਲ ਕਰਕੇ ਇਸ ਥਾਂ ਆਉਣ ਲਈ ਐਪੌਇੰਟਮੈਂਟ ਬਣਵਾਈ ਜਾ ਸਕਦੀ ਹੈ।

## ਜਹਾਜ਼ ਚੜ੍ਹਨ ਵੇਲੇ ਰਿਪੋਰਟ ਨੈਗੇਟਿਵ ਸੀ ਪਰ ਉਤਰਨ ਵੇਲੇ 557 ਸਵਾਰ ਕਰੋਨਾ ਪੌਜ਼ਿਟਿਵ ਨਿਕਲੇ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 22 ਅਪ੍ਰੈਲ ਤੋਂ ਭਾਰਤ ਅਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਡਾਇਰੈਕਟ ਫ਼ਲਾਇਟਾਂ 'ਤੇ ਇੱਕ ਮਹੀਨੇ ਦੀ ਪਾਬੰਦੀ ਲਗਾਉਣ ਤੋਂ ਪਹਿਲਾਂ ਕੈਨੇਡਾ ਵਿੱਚ ਆਉਣ ਵਾਲੀਆਂ ਫ਼ਲਾਇਟਾਂ ਵਿੱਚ 557 ਵਿਅਕਤੀ ਵਾਇਰਸ ਪੌਜ਼ਿਟਿਵ ਆਏ ਦੱਸੇ ਜਾ ਰਹੇ ਹਨ ਜਦੋਂ ਕਿ ਜਹਾਜ਼ 'ਤੇ ਸਵਾਰ ਹੋਣ ਤੋਂ ਪਹਿਲਾਂ ਉਹਨਾਂ ਕੋਲ ਵਾਇਰਸ ਦੀ ਨੈਗੇਟਿਵ ਰਿਪੋਰਟ ਸੀ। ਪਬਲਿਕ ਹੈਲਥ ਏਜੰਸੀ ਆਫ਼ ਕੈਨੇਡਾ ਦਾ ਕਹਿਣਾ ਹੈ ਕਿ 22 ਫ਼ਰਬਰੀ ਤੋਂ 22 ਅਪ੍ਰੈਲ ਤੱਕ ਅੰਤਰਰਾਸ਼ਟਰੀ ਉਡਾਨਾਂ ਵਿੱਚ 557 ਵਿਅਕਤੀ ਅਜਿਹੇ ਸਨ ਜਿਹੜੇ ਇਸ ਵਾਇਰਸ ਦੀ ਲਪੇਟ ਵਿੱਚ ਸਨ। ਉਧਰ ਅਲਾਸਕਾ ਦੇ ਗਵਰਨਰ ਮਾਇਕ ਡਨਲੀਵੀ ਨੇ ਕਿਹਾ ਹੈ ਕਿ ਉਹ ਬ੍ਰਿਟਿਸ਼ ਕੋਲੰਬੀਆ ਦੇ ਸਟੂਅਰਟ ਕਸਬੇ ਦੇ ਵਾਸੀਆਂ ਨੂੰ ਕੋਵਿਡ-19 ਵੈਕਸਿਨੇਸ਼ਨ ਦੇਣ ਦੀ ਸਿਫਾਰਿਸ਼ ਕਰਨਾ ਚਾਹੁੰਦੇ ਹਨ ਤੇ ਉਹਨਾਂ ਨੂੰ ਉਮੀਦ ਹੈ ਕਿ ਕੈਨੇਡਾ-ਅਮੈਰਿਕਾ ਬੌਰਡਰ ਨੂੰ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਸੂਬੇ ਕੋਲ ਕਾਫੀ ਦਵਾਈ ਹੈ ਜਿਹੜੀ ਬੀਸੀ ਵਾਸੀਆਂ ਨੂੰ ਦਿੱਤੀ ਜਾ ਸਕਦੀ ਹੈ।

# ਕਰੋਨਾ ਵਾਇਰਸ ਦੇ ਸਭ ਤੋਂ ਵੱਧ ਮਰੀਜ ਕੈਲਗਰੀ ਏਅਰਪੋਰਟ ਉੱਪਰ ਉੱਤਰੇ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ ਲੰਘੇ ਅਪ੍ਰੈਲ ਮਹੀਨੇ ਦੇ ਪਿਛਲੇ ਅੱਧ ਵਿੱਚ ਕੈਲਗਰੀ ਏਅਰ ਪੋਰਟ 'ਤੇ ਆਉਣ ਵਾਲੇ ਘਰੇਲੂ ਯਾਤਰੀਆਂ ਵਿੱਚ ਦੇਸ਼ ਭਰ ਵਿੱਚ ਸਭ ਤੋਂ ਵੱਧ ਗਿਣਤੀ ਵਿੱਚ ਲੋਕ ਕੋਰੋਨਾ ਵਾਇਰਸ ਪੌਜ਼ਿਟਿਵ ਸਨ। 18 ਅਪ੍ਰੈਲ ਤੋਂ 30 ਅਪ੍ਰੈਲ ਤੱਕ ਆਈਆਂ 35 ਫ਼ਲਾਇਟਾਂ ਵਿੱਚ ਘੱਟੋ ਘੱਟ ਇੱਕ ਯਾਤਰੀ ਵਾਇਰਸ ਪੌਜ਼ਿਟਿਵ ਜ਼ਰੂਰ ਸੀ ਤੇ ਟੋਰੰਟੋ ਵਿੱਚ ਅਜਿਹੇ ਯਾਤਰੀਆਂ ਦੀ ਗਿਣਤੀ ਦੇਸ਼ ਭਰ ਵਿੱਚ ਦੂਜੇ ਸਥਾਨ 'ਤੇ ਰਹੀ ਹੈ।

## ਕੈਲਗਰੀ ਦੇ ਵਿਦਿਆਰਥੀਆਂ ਦੀਆਂ ਕਲਾਸਾਂ ਹੁਣ 17 ਮਈ ਤੱਕ ਆਨ ਲਾਇਨ ਹੀ ਲੱਗਣਗੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੋਰਡ ਔਫ ਐਜੁਕੇਸ਼ਨ - ਸੀ.ਬੀ.ਈ. ਨੇ ਐਲਾਨ ਕੀਤਾ ਹੈ ਕਿ ਗ੍ਰੇਡ 7 ਤੋਂ 12 ਤੱਕ ਦੇ ਵਿਦਿਆਰਥੀਆਂ ਦੀ ਪੜ੍ਹਾਈ ਮਈ 17 ਤੱਕ ਆਨਲਾਇਨ ਹੀ ਜਾਰੀ ਰੱਖੀ ਜਾਵੇਗੀ। ਇਹੀ ਫੈਸਲਾ ਕੈਲਗਰੀ ਕੈਥੌਲਿਕ ਸਕੂਲ ਡਿਸਟ੍ਰਿਕਟ ਨੇ ਵੀ ਲਿਆ ਹੈ। ਮਾਪਿਆਂ ਨੂੰ ਭੇਜੀ ਈ-ਮੇਲ ਵਿੱਚ ਸੀ.ਬੀ.ਈ. ਦਾ ਕਹਿਣਾ ਹੈ ਕਿ ਕੋਵਿਡ-19 ਦੇ ਵਧਦੇ ਜਾ ਰਹੇ ਮਾਮਲਿਆਂ ਨੂੰ ਵੇਖਦਿਆਂ ਇਹ ਫੈਸਲਾ ਲਿਆ ਗਿਆ ਹੈ। ਕਿੰਡਰ-ਗਾਰਟਨ ਤੋਂ ਗ੍ਰੇਡ 6 ਤੱਕ ਦੇ ਵਿਦਿਆਰਥੀਆਂ ਵਾਸਤੇ ਕੋਈ ਤਬਦੀਲੀ ਨਹੀਂ ਹੋਵੇਗੀ। ਇਸ ਤੋਂ ਪਹਿਲਾਂ ਗ੍ਰੇਡ 7 ਤੋਂ 12 ਤੱਕ ਦੇ ਵਿਦਿਆਰਥੀਆਂ ਨੂੰ 30 ਅਪ੍ਰੈਲ ਤੱਕ ਆਨ-ਲਾਇਨ ਪੜ੍ਹਾਈ ਕਰਨ ਲਈ ਕਿਹਾ ਗਿਆ ਸੀ ਤੇ ਹੁਣ 3 ਮਈ ਤੋਂ ਹੋਰ 2 ਹਫ਼ਤਿਆਂ ਲਈ ਇਸ ਨੂੰ ਵਧਾ ਦਿੱਤਾ ਗਿਆ ਹੈ।

## ਅਮਰੀਕਾ ਵਿੱਚ ਇਸ ਸਾਲ 62500 ਲੋਕ ਹੋਰ ਪੱਕੇ ਹੋਣਗੇ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਉਹ ਦੇਸ਼ ਵਿੱਚ ਇਸ ਸਾਲ 62500 ਸ਼ਰਨਾਰਥੀ ਸਵੀਕਾਰ ਕਰਨਗੇ। ਪਹਿਲਾਂ ਉਹਨਾਂ ਨੇ ਸਾਬਕ ਰਾਸ਼ਟਰਪਤੀ ਡੌਨੈਲਡ ਟਰੰਪ ਵੱਲੋਂ ਸਿਰਫ਼ 15 ਹਜ਼ਾਰ ਸ਼ਰਨਾਰਥੀਆਂ ਨੂੰ ਹੀ ਲੈਣ ਦਾ ਫੈਸਲਾ ਲਿਆ ਗਿਆ ਸੀ ਤੇ ਜੋਅ ਬਾਇਡਨ ਉੱਪਰ ਇਸ ਗਿਣਤੀ ਨੂੰ ਵਧਾਉਣ ਦਾ ਦਬਾਅ ਪੈ ਰਿਹਾ ਸੀ।

# ਵੈਸਟਜੈਟ ਨੂੰ ਹਾਲੇ ਤੱਕ ਰਾਹਤ ਵਾਲਾ ਧੇਲਾ ਨਹੀਂ ਮਿਲਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟ੍ਰਾਂਜ਼ੈਟ ਏ.ਟੀ. ਕੰਪਨੀ ਨੇ ਫੈਡਰਲ ਸਰਕਾਰ ਤੋਂ 700 ਮੀਅਨ ਡਾਲਰਜ਼ ਦੀ ਰਕਮ ਉਧਾਰ ਲੈ ਕੇ ਆਪਣੇ ਯਾਤਰੀਆਂ ਨੂੰ ਉਹਨਾਂ ਦੀਆਂ ਰੱਦ ਹੋਈਆਂ ਫ਼ਲਾਇਟਾਂ ਦੀਆਂ ਰਕਮਾਂ ਵਾਪਸ ਕਰਨ ਦਾ ਫੈਸਲਾ ਲਿਆ ਹੈ। ਇਹ ਬੇਲ-ਆਉਟ ਪਲੈਨ ਮੌਂਟਰੀਆਲ ਦੀ ਟੂਰ ਐਂਡ ਏਅਰਲਾਇਨ ਕੰਪਨੀ ਨੂੰ ਦਿੱਤਾ ਗਿਆ ਹੈ ਪਰ ਐਲਬਰਟਾ ਅਧਾਰਿਤ ਵੈਸਟਜੈੱਟ ਕੰਪਨੀ ਨੂੰ ਅਜੇ ਤੱਕ ਕੋਈ ਰਾਹਤ ਨਹੀਂ ਦਿੱਤੀ ਗਈ ਹੈ। ਜਨਵਰੀ ਮਹੀਨੇ ਤੋਂ ਹੀ ਟ੍ਰਾਂਜ਼ੈਟ ਏ ਟੀ ਦੀਆਂ ਫ਼ਲਾਇਟਾਂ ਬੰਦ ਪਈਆਂ ਹਨ।

## ਬੇ-ਨਿਯਮੀਆਂ ਨਾਲ ਖਾਧੇ ਡਾਲਰ ਮੋੜ ਦਿੱਤੇ ਕੌਂਸਲਰ ਸਾਹਿਬ ਹੁਣ ਫਿਰ ਚੋਣ ਮੈਦਾਨ ਵਿੱਚ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਾਰਡ 2 ਤੋਂ ਸਿਟੀ ਕੌਂਸਲਰ ਜੋਅ ਮੈਗਲਿ?ਕਾ ਵੱਲੋਂ ਕਥਿੱਤ ਗ਼ਲਤ ਢੰਗਾਂ ਨਾਲ ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਗਾਉਣ ਦੇ ਮਾਮਲੇ ਦੀ ਆਖ਼ਰੀ ਰਿਪੋਰਟ ਦੇ ਦਿੱਤੇ ਜਾਣ ਮਗਰੋਂ ਇਹ ਮਾਮਲਾ ਹੁਣ ਖ਼ਤਮ ਹੋ ਗਿਆ ਹੈ। ਪਿਛਲੇ ਮਹੀਨੇ ਜੋਅ ਮੈਗਲਿ?ਕਾ ਨੇ 3763 ਡਾਲਰ 88 ਸੈਂਟ ਸਿਟੀ ਨੂੰ ਜਮ੍ਹਾ ਕਰਵਾ ਕੇ ਇਸ ਮਾਮਲੇ ਤੋਂ ਆਪਣਾ ਖਹਿੜਾ ਛੁਡਵਾ ਲਿਆ ਹੈ। ਕੁੱਲ ਮਿਲਾ ਕੇ ਕੌਂਸਲਰ ਮੈਗਲਿ?ਕਾ ਨੇ ਹੁਣ ਤੱਕ 99983 ਡਾਲਰ 54 ਸੈਂਟ ਸਿਟੀ ਨੂੰ ਵਾਪਸ ਮੋੜ ਦਿੱਤੇ ਹਨ। ਸਿਟੀ ਕੌਂਸਲ ਨੇ ਮੈਗਲਿ?ਕਾ ਨੂੰ ਜਨਤਕ ਤੌਰ 'ਤੇ ਲਿਖਤੀ ਮਾਫੀ ਮੰਗਣ ਨੂੰ ਵੀ ਕਿਹਾ ਸੀ ਪਰ ਉਸ ਨੇ ਅੱਜ ਤੱਕ ਇਹ ਮਾਫੀ ਨਹੀਂ ਮੰਗੀ ਪਰ ਅਜਿਹਾ ਨਾ ਕਰਨ ਕਰਕੇ ਸਿਟੀ ਕੋਲ ਉਸ ਵਿਰੁੱਧ ਕਾਰਵਾਈ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਤੇ ਮੈਗਲਿਕਾ ਬਿਨਾ ਮਾਫੀ ਮੰਗਣ ਅਤੇ ਵਾਧੂ ਖ਼ਰਚ ਕੀਤੀ ਰਕਮ ਵਾਪਸ ਮੋੜ ਕੇ ਅਗਲੀ ਚੋਣ ਲੜਣ ਦੀ ਤਿਆਰੀ ਵਿੱਚ ਲੱਗ ਗਿਆ ਹੈ।

## ਕਰੋਨਾ ਪ੍ਰਭਾਵਿਤ ਵਿਓਪਾਰਾਂ ਅਤੇ ਹੋਰ ਗਰੁੱਪਾਂ ਲਈ 73 ਮਿਲੀਅਨ ਡਾਲਰ ਦੀ ਫੰਡਿੰਗ ਕੈਲਗਰੀ ਸਿਟੀ ਵੱਲੋਂ ਜਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਦੀ ਮਹਾਮਾਰੀ ਦੌਰਾਨ ਸਿਟੀ ਔਫ਼ ਕੈਲਗਰੀ ਵੱਲੋਂ ਸ਼ਹਿਰਵਾਸੀਆਂ ਅਤੇ ਬਿਜ਼ਨਸਾਂ ਦੀ ਸਹਾਇਤਾ ਵਾਸਤੇ 73 ਮਿਲੀਅਨ ਡਾਲਰ ਦੀ ਨੌਨ-ਐਮਰਜੰਸੀ ਰੈਸਪੌਂਸ ਫੰਡਿੰਗ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਚਾਰ ਮੁੱਖ ਖੇਤਰਾਂ ਵਿੱਚ ਇਹ ਰਕਮ ਦਿੱਤੇ ਜਾਣ ਦਾ ਐਲਾਨ ਹੋਇਆ ਹੈ। 26 ਮਿਲੀਅਨ ਡਾਲਰ ਤੋਂ ਵੱਧ ਰਕਮ ਵੈਕਸਿਨੇਸ਼ਨ ਸੈਂਟਰਾਂ, ਬਿਜ਼ਨਸ ਇੰਪਰੂਵਮੈਂਟ ਏਰੀਆ ਲੇਵੀ ਅਤੇ ਰੋਡ-ਵੇਜ਼ ਅਤੇ ਪੈਟੀ-ਜ਼ ਵਾਸਤੇ ਜਾਰੀ ਕੀਤੀ ਜਾਵੇਗੀ। 25 ਮਿਲੀਅਨ ਡਾਲਰਾਂ ਦੀ ਰਕਮ ਅਫੋਰਡੇਬਲ ਹਾਊਜ਼ਿੰਗ, ਕਮਿਊਨਿਟੀ ਪਾਰਟਨਰਜ਼ ਐਂਡ ਐਸੋਸਿਏਸ਼ਨਾਂ ਅਤੇ ਹੋਰ ਰੈਕ੍ਰਿਏਸ਼ਨਲ ਗਰੁੱਪਾਂ ਨੂੰ ਜਾਰੀ ਕੀਤੀ ਜਾਵੇਗੀ। 3 ਮਿਲੀਅਨ ਡਾਲਰ ਆਰਟਸ ਐਂਡ ਕਲਚਰ, ਪ੍ਰੌਪਰਟੀ ਟੈਕਸ ਐਸਿਸਟੈਂਸ, ਖ਼ਤਰੇ ਹੇਠ ਰਹਿਣ ਵਾਲੇ ਸ਼ਹਿਰਵਾਸੀਆਂ ਲਈ ਇੰਟਰਨੈਟ ਸੇਵਾਵਾਂ ਮੁਹਈਆ ਕਰਵਾਉਣ ਆਦਿ ਲਈ ਖ਼ਰਚ ਕੀਤੇ ਜਾਣਗੇ ਅਤੇ ਕੋਵਿਡ-19 ਦੇ ਖ਼ਾਤਮੇ ਮਗਰੋਂ ਪਬਲਿਕ ਟ੍ਰਾਂਜ਼ਿਟ ਦੀ ਸੇਫ਼ਟੀ ਐਂਡ ਸਿਕਿਉਰਿਟੀ, ਪੀ.ਪੀ.ਈ. ਅਤੇ ਟੈਸਟਿੰਗ ਕਿਟਾਂ ਅਤੇ ਪੈਨਡੈਮਿਕ ਰਿਲੀਫ਼ ਕਮਿਊਨਿਕੇਸ਼ਨਜ਼ ਆਦਿ ਉੱਪਰ ਖ਼ਰਚ ਕਰਨ ਵਾਸਤੇ 14 ਮਿਲੀਅਨ ਡਾਲਰ ਰੱਖੇ ਗਏ ਹਨ।












## ਸੰਪਾਦਕੀ



ਬੰਦੇ ਦਾ ਕੰਮ ਬੰਦਗੀ ਕਰਨਾ ਹੈ
ਫਲ ਦੇਣਾ ਮਾਲਕ ਦੀ ਮੌਜ ਹੈ

# ਅਜਿਹੇ ਮੌਕੇ ਇਨਸਾਨੀਅਤ ਜਿੰਦਾਬਾਦ ਹੋਣੀ ਚਾਹੀਦੀ ਹੈ

ਧਾਰਮਿਕ ਅਤੇ ਸੱਭਿਆਚਾਰ ਪੱਖ ਤੋਂ ਦੋ ਚੱਕੀ ਦੇ ਪੁੜਾਂ ਵਿਚਾਲੇ ਫਸੇ ਹੋਏ ਮਹਿਸੂਸ ਕਰਦੇ ਭਾਰਤੀ ਮੂਲ ਦੇ ਕਨੇਡੀਅਨ ਲੋਕਾਂ ਦੀ ਜਿੰਦਗੀ ਦੀ ਕਹਾਣੀ ਇਹਨੀ ਦਿਨੀ ਹੋਰ ਕਰੁਣਾਮਈ ਹੋ ਗਈ ਐ ।ਜਦੋਂ ਦਾ ਕਰੋਨਾ ਆਇਆ ਹੈ ਉਸ ਸਮੇਂ ਆਪਸੀ ਆਉਣ ਜਾਣ ਘਟਿਆ ਹੈ ਜਾਂ ਬਿਲਕੁੱਲ; ਹੀ ਬੰਦ ਹੋ ਗਿਆ ਹੈ ।ਇੱਧਰਲੇ ਕਨੇਡਾ ਵਾਸੀ ਓਧਰਲਿਆਂ ਨੂੰ ਅਤੇ ਓਧਰਲੇ ਇਧਰਲਿਆਂ ਨੂੰ ਹਰ ਰੋਜ ਕਰੋਨਾ ਤੋਂ ਬਚਾਓ ਦੀ ਸੁੱਖਸਾਂਦ ਪੁਛਦੇ ਰਹਿੰਦੇ ਹਨ ਪਰ ਇਹਨੀ ਦਿਨੀ ਪੰਜਾਬ ਵਾਲਾ ਹਿੱਸਾ ਤਾਂ ਭਾਵੇਂ ਹਾਲੇ ਤੱਕ ਠੀਕ ਠਾਕ ਹੈ ਪਰ ਦਿੱਲੀ ਅਤੇ ਹੋਰਨਾ ਸੂਬਿਆਂ ਵਿੱਚ ਕਰੋਨਾ ਕਾਰਣ ਮੌਤ ਦੇ ਤਾਂਡਵ ਨਾਚ ਦੀ ਚੰਦਰੀ ਛਣਕਾਰ ਕਨੇਡਾ ਵਾਲਿਆਂ ਨੂੰ ਵੀ ਸੌਣ ਨਹੀਂ ਦੇ ਰਹੀ ।ਸਿਵਿਆਂ ਦੇ ਬੂਹਿਆਂ ਅੱਗੇ ਲੰਗੀਆਂ ਲੰਮੀਆਂ ਕਤਾਰਾਂ ਆਪਣੇ ਪਿਆਰਿਆਂ ਦਾ ਸਸਕਾਰ ਸੜਕਾਂ ਦੇ ਕਿਨਾਰੇ ਕਰਨ ਲਈ ਹੀ ਮਜਬੂਰ ਕਰ ਰਹੀਆਂ ਹਨ। ਸਾਡੀ ਸੰਸਕਰਿਤੀ ਅਨੁਸਾਰ ਅੰਤਿਮ ਸਮੇ ਕੀਤੀਆਂ ਜਾਣ ਵਾਲੀਆਂ ਰਸਮਾਂ ਤਾਂ ਕਿਤੇ ਦੂਰ ਦੀ ਗੱਲ ਹੈ ।

ਬੰਦਾ ਬਿਮਾਰੀ ਕਾਰਣ ਮਰ ਜਾਵੇ ਤਾਂ –ਸਿਆਣੇ ਕਹਿੰਦੇ ਨੇ ਸਬਰ ਕਰ ਲਿਆ ਜਾਂਦਾ ਹੈ ਪਰ ਜਦੋਂ ਇਲਾਜ ਖੁਣੋ ਤੁਹਾਡੇ ਪਿਆਰੇ ਤੁਹਾਡੀਆਂ ਅੱਖਾਂ ਸਾਹਮਣੇ ਤੜਫ ਤੜਫ ਮੌਤ ਦੇ ਮੂੰਹ ਜਾ ਰਹੇ ਹੋਣ ਤਾਂ ਤੁਹਾਡੇ ਮਨ ਅੰਦਰ ਇਹ ਸੁਆਲ ਸੁਆਲੀਆ ਚਿੰਨ ਜਰੂਰ ਲਗਾਉਂਦੇ ਹਨ ਕਿ ਅਸੀਂ ਹੁਣ ਸਾਹ ਲੈਣ ਵਾਲੀ ਹਵਾ ਆਕਸੀਜਨ ਤੋਂ ਵੀ ਵਾਂਝੇ ਹੋ ਗਏ ਹਾਂ ।ਦੁਨਿਆ ਦੀ ਤਾਕਤ ਅਖਵਾਉਣ ਵਾਲਾ ਮੇਰਾ ਭਾਰਤ ਮਹਾਨ ਦੂਜਿਆਂ ਅੱਗੇ ਹੱਥ ਅੱਡਣ ਲਈ ਇੰਨੀ ਛੇਤੀ ਮਜਬੂਰ ਹੋ ਗਿਆ ।ਛੱਪਨ ਇੰਚ ਦੀਆਂ ਛਾਤੀਆਂ ਵੱਲੋਂ ਦੋਵੇਂ ਹੱਥ ਜੋੜ ਕਨੇਡਾ ਕੋਲੋਂ ਮੱਦਦ ਮੰਗਣੀ ਪੈ ਗਈ ।ਅਸੀਂ ਕਨੇਡਾ ਵਾਸੀ ਤਾਂ ਖੁਦ ਆਪ ਇਸੇ ਹੀ ਮਹਾਮਾਰੀ ਦੀ ਮਾਰ ਵਿੱਚੋਂ ਲੰਘ ਰਹੇ ਹਾਂ ਪਰ ਫਿਰ ਵੀ ਮਨੁੱਖੀ ਰਿਸਤਿਆਂ ਦੇ ਨਾਤੇ ਬਾਂਹ ਤਾਂ ਫੜਨੀ ਹੀ ਸੀ,ਉਹ ਅਸੀਂ ਫੜ ਹੀ ਰਹੇ ਹਾਂ ।ਸੋ ਅੱਜ ਇੱਕ ਬਾਰ ਕੋਸਿਸ ਕਰ ਇਸ ਮਹਾਮਾਰੀ ਦੇ ਪੰਜੇ ਵਿੱਚੋਂ ਬਾਹਰ ਆਈਏ ਅਤੇ ਭਵਿੱਖ ਵਿੱਚ ਅਜਿਹੇ ਉਪਰਾਲੇ ਕਰੀਏ ਕਿ ਸਾਡੇ ਇਹ ਹੱਥ ਕਿਸੇ ਅੱਗੇ ਅੱਡਣ ਦੀ ਬਜਾਇ ਕਿਸੇ ਲਈ ਮੱਦਦਗਾਰ ਸਾਬਿਤ ਹੋਣ ।ਮਨੁੱਖ ਦੇ ਸੁਭਾਅ ਨੂੰ ਪਤਾ ਨਹੀਂ ਕੀ ਹੁੰਦਾ ਜਾਂਦਾ ਹੈ ਖਾਸ ਕਰ ਸੋਸਲ ਮੀਡੀਆ ਉੱਪਰ ਜੋ ਜਲੂਸ ਆਪਣੀ ਬੌਣੀ ਮਾਨਸਿਕਤਾ ਦਾ ਕੁੱਝ ਲੋਕ ਕੱਢ ਰਹੇ ਹਨ ਉਸ ਨੂੰ ਦੇਖਦਿਆਂ ਪੜਦਿਆਂ ਸਿਰ ਸਰਮ ਨਾਲ ਇਕੱਲੇ ਬੈਠਿਆਂ ਵੀ ਝੁਕਦਾ ਹੋਇਆ ਸਰਮਸਾਰ ਹੁੰਦਾ ਰਹਿੰਦਾ ਹੈ। ਦੋ ਕੇਲਿਆਂ ਦੀਆਂ ਫਲੀਆਂ ਵੀ ਜੇ ਕਿਸੇ ਲੋੜਵੰਦ ਨੂੰ ਦਾਨ ਕਰਦੇ ਹੋਣਗੇ ਤਾਂ ਵੀ ਉਸ ਦੀ ਫੋਟੋ ਸੋਸਲ ਮੀਡੀਆ ਉੱਪਰ ਪਾ ਦੇਣਗੇ । ਇੰਡੀਆ ਕਨੇਡਾ ਦੇ ਸਬੰਧਾਂ ਵਿੱਚ ਮੱਲੋ ਮੱਲੀ ਆਲੰਬਰਦਾਰ ਬਣੇ ਕੁੱਝ ਲੋਕ ਉਸ ਵੇਲੇ ਆਪਣੀ ਮਾਨਸਿਕਤਾ ਦਾ ਜਲੂਸ ਕੱਢ ਰਹੇ ਸੀ ਜਦੋਂ ਇੰਡੀਆ ਵੱਲੋਂ ਕਰੋਨਾ ਵੈਕਸੀਨ ਕਨੇਡਾ ਨੂੰ ਭੇਜਣ ਦੀਆਂ ਖਬਰਾਂ ਅਖਬਾਰਾਂ ਵਿੱਚ ਆਈਆਂ ।ਕਹਿ ਰਹੇ ਸੀ "ਅਖੇ ਦੇਖੋ ਟਰੂਡੋ ਕਿਵੇਂ ਇੰਡੀਆ ਅੱਗੇ ਦਵਾਈ ਲੈਣ ਲਈ ਮਿੰਨਤਾਂ ਤਰਲੇ ਕਰ ਰਿਹਾ ਹੈ" ਲਾਹਨਤ ਐ ਅਜਿਹੀ ਸੋਚ ਨਾਲ ਲਿਖਣ ਵਾਲਿਆਂ ਦੇ – ਫਿਰ ਕੁੱਝ ਸਹਿਰਾਂ ਵਿੱਚ ਮੋਦੀ ਦਾ ਧੰਨਵਾਦ ਕਰਦੇ ਹੋਏ ਵੱਡੇ ਵੱਡੇ ਹੋਰਡਿੰਗ ਬੋਰਡ ਲਗਾਏ ਗਏ ਕਿ ਮੋਦੀ ਨੇ ਕਨੇਡਾ ਨੂੰ ਵੈਕਸੀਨ ਭੇਜੀ ਐ – ਵੈਕਸੀਨ ਤਾਂ ਹੋਰਨਾਂ ਮੁਲਕਾਂ ਨੇ ਵੀ ਭੇਜੀ ਐ ਫਿਰ ਉਹਨਾਂ ਮੁਲਕਾਂ ਦਾ ਧੰਨਵਾਦ ਕਿਉਂ ਨਹੀਂ ਕੀਤਾ ਗਿਆ ।ਸੋ ਅਜਿਹੇ ਮੁਸਕਿਲਾਂ ਭਰੇ ਮੌਕਿਆਂ ਮੌਕੇ ਇਨਸਾਨੀਅਤ ਦਾ ਰੰਗ ਦਿਖਾਉਣ ਦੀ ਲੋੜ ਐ ਨਾਂ ਕਿ ਨਫਰਤ, ਹਉਮੈ ਅਤੇ ਧਰਮੀ ਰੰਗਤ ਦੀ –– ਸਗੋਂ ਇਨਸਾਨੀਅਤ ਜਿੰਦਾਬਾਦ ਹੋਣੀ ਚਾਹੀਦੀ ਹੈ ।

ਸੁਖਜਿੰਦਰ ਸਮਰਾ
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਧਾਦਕ

# ਭਾਰਤ ਦੀ ਕੋਵਿਡ ਦੀ ਦੂਜੀ ਲਹਿਰ : ਗਵਾਹ ਚੁਸਤ ਮੁਦਈ ਸੁਸਤ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072



ਕੋਵਿਡ 19 ਦੀ ਦੂਜੀ ਲਹਿਰ ਨੇ ਭਾਰਤ ਵਿਚ ਤਬਾਹੀ ਮਚਾਈ ਹੋਈ ਹੈ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਮੌਤਾਂ ਹੋ ਰਹੀਆਂ ਹਨ। ਸਿਵਿਆਂ ਦੀ ਅੱਗ ਠੰਡੀ ਨਹੀਂ ਹੋ ਰਹੀ। ਸ਼ਮਸ਼ਾਨ ਘਾਟਾਂ ਵਿਚ ਅੰਤਮ ਸਸਕਾਰ ਕਰਨ ਲਈ ਜਗ੍ਹਾ ਨਹੀਂ ਮਿਲ ਰਹੀ। ਕੋਵਿਡ ਤੋਂ ਬਚਾਓ ਲਈ ਵੈਕਸੀਨ ਹਸਪਤਾਲਾਂ ਵਿਚ ਮਿਲ ਨਹੀਂ ਰਹੀ। ਹਾਲਾਂ ਕਿ ਸੰਸਾਰ ਵਿਚ ਸਭ ਤੋਂ ਵੱਧ ਵੈਕਸੀਨ ਭਾਰਤ ਵਿਚ ਬਣਦੀ ਹੈ। ਹਸਪਤਾਲ ਮਰੀਜਾਂ ਨਾਲ ਭਰੇ ਪਏ ਹਨ। ਕੋਵਿਡ ਦੇ ਮਰੀਜ ਹਸਪਤਾਲਾਂ ਦੇ ਬਾਹਰ ਰੁਲ ਰਹੇ ਹਨ। ਆਕਸੀਜਨ ਖ਼ਤਮ ਹੋਈ ਪਈ ਹੈ, ਜਿਸ ਕਰਕੇ ਮਰੀਜ਼ ਹਸਪਤਾਲਾਂ ਵਿਚ ਮਰ ਰਹੇ ਹਨ। ਹਸਪਤਾਲਾਂ ਵਿਚ ਤਰਾਹ ਤਰਾਹ ਹੋ ਰਹੀ ਹੈ। ਵਿਦੇਸ਼ਾਂ ਤੋਂ ਭਾਰਤ ਨੂੰ ਸਹਾਇਤਾ ਦੇਣ ਦੇ ਐਲਾਨ ਹੋ ਰਹੇ ਹਨ ਪ੍ਰੰਤੂ ਭਾਰਤ ਦੀ ਕੇਂਦਰ ਸਰਕਾਰ ਸੰਜੀਦਗੀ ਤੋਂ ਕੰਮ ਨਹੀਂ ਲੈ ਰਹੀ ਸਗੋਂ ਦਵਾਈ ਅਤੇ ਆਕਸੀਜਨ ਵੰਡਣ ਵਿਚ ਵੀ ਸਿਆਸਤ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵਾਲੇ ਰਾਜਾਂ ਨੂੰ ਵੈਕਸੀਨ ਅਤੇ ਆਕਸੀਜਨ ਵੱਧੇਰੇ ਮਾਤਰਾ ਵਿਚ ਦਿੱਤੀ ਜਾ ਰਹੀ ਹੈ। ਗ਼ੈਰ ਭਾਰਤੀ ਜਨਤਾ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਰਾਜਾਂ ਦੇ ਮੁੱਖ ਮੰਤਰੀਆਂ ਦੇ ਤਰਲੇ ਕੱਢਣ ਦੇ ਬਾਵਜੂਦ ਵੀ ਉਨ੍ਹਾਂ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ। ਭਾਰਤ ਸੜ ਰਹਾ ਹੈ, ਨੀਰੂ ਬੰਸਰੀ ਵਜਾ ਰਿਹਾ ਹੈ। ਕੇਂਦਰ ਸਰਕਾਰ ਕੋਵਿਡ-19 ਮਹਾਂਮਾਰੀ ਤੇ ਕਾਬੂ ਪਾਉਣ ਲਈ ਆਪਣੀ ਸਰਕਾਰ ਦੀ ਸਫਲਤਾ ਦੇ ਸੋਹਲੇ ਗਾ ਰਹੀ ਹੈ। ਕੇਂਦਰ ਸਰਕਾਰ ਅਖ਼ਬਾਰਾਂ ਵਿਚ ਆਕਸੀਜਨ ਬਾਰੇ ਝੂਠ ਬੋਲ ਰਹੀ ਹੈ। ਪਿਛਲੇ ਸਾਲ ਜਿਹੜੇ 162 ਆਕਸੀਜਨ ਪਲਾਂਟ ਦੇਸ਼ ਦੇ 33 ਹਸਪਤਾਲਾਂ ਵਿਚ 202 ਕਰੋੜ ਰੁਪਏ ਦੀ ਲਾਗਤ ਨਾਲ ਲਗਾਉਣ ਦਾ ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਸੀ, ਉਨ੍ਹਾਂ ਵਿਚੋਂ ਸਿਰਫ 34 ਪਲਾਂਟ ਲੱਗੇ ਹਨ। ਅਜੇ ਉਨ੍ਹਾਂ ਵਿਚੋਂ 129 ਪਲਾਂਟ ਲੱਗਣੇ ਬਾਕੀ ਹਨ। 550 ਹੋਰ ਪਲਾਂਟ ਲਾਉਣ ਦਾ ਬਿਆਨ ਪ੍ਰਧਾਨ ਮੰਤਰੀ ਜੀ ਨੇ ਦਾਗ਼ ਦਿੱਤਾ ਹੈ। ਬਿਆਨਾ ਨਾਲ ਮਾਨਵਤਾ ਦੇ ਹਿਤਾਂ ਦੀ ਰਾਖੀ ਨਹੀਂ ਹੋ ਸਕਦੀ। ਇਨ੍ਹਾਂ ਪਲਾਂਟਾਂ ਦਾ ਸੰਬੰਧ ਮਨੁੱਖੀ ਜ਼ਿੰਦਗੀਆਂ ਨਾਲ ਹੈ। ਜੇਕਰ ਸਰਕਾਰ ਅਜੇ ਵੀ ਇਨ੍ਹਾਂ ਪਲਾਂਟਾਂ ਨੂੰ ਲਗਾਉਣ ਲਈ ਦਿਲਚਸਪੀ ਨਹੀਂ ਲੈਂਦੀ ਤਾਂ ਇਸਨੂੰ ਲੋਕਾਂ ਦੀ ਸਰਕਾਰ ਕਹਿਣਾ ਵਾਜਬ ਨਹੀਂ ਹੋਵੇਗਾ। ਇਹ ਸਰਕਾਰ ਤਾਂ ਉਲਟਾ ਲੋਕਾਂ ਦੀਆਂ ਜਾਨਾ ਨਾਲ ਖੇਡ ਰਹੀ ਹੈ। ਪੰਜਾਬ ਵਿਚ 3 ਪਲਾਂਟ ਪੰਜਾਬ ਦੇ 3 ਸਰਕਾਰੀ ਹਸਪਤਾਲਾਂ ਵਿਚ ਲੱਗਣੇ ਸਨ। ਸਿਰਫ ਇਕ ਪਲਾਂਟ ਫਰੀਦਕੋਟ ਹਸਪਤਾਲ ਵਿਚ ਲੱਗਿਆ ਹੈ। ਦੇਸ਼ ਦੀ ਰਾਜਧਾਨੀ ਵਿਚਲੇ 8 ਆਕਸੀਜਨ ਪਲਾਂਟਾ ਵਿਚੋਂ ਸਿਰਫ ਇਕ ਚਲ ਰਿਹਾ ਹੈ, ਜਿਥੇ ਖ਼ੁਦ ਪ੍ਰਧਾਨ ਮੰਤਰੀ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਦੇ ਸੋਹਲੇ ਗਾ ਰਹੇ ਹਨ। ਇਸ ਗੱਲ ਤੋਂ ਕੇਂਦਰ ਸਰਕਾਰ ਦੀ ਸੰਜੀਦਗੀ ਦਾ ਪ੍ਰਗਟਾਵਾ ਹੁੰਦਾ ਹੈ। ਆਕਸੀਜਨ ਪਲਾਂਟਾਂ ਉਪਰ ਭਾਰਤ ਸਰਕਾਰ ਨੇ ਆਪ ਕਬਜ਼ਾ ਕਰ ਲਿਆ ਹੈ। ਜਿਸ ਸਟੇਟ ਵਿਚ ਆਕਸੀਜਨ ਪਲਾਂਟ ਲੱਗੇ ਹੋਏ ਹਨ, ਉਸ ਸਟੇਟ ਦੀ ਸਰਕਾਰ ਨੂੰ ਵੀ ਆਕਸੀਜਨ ਲੈਣ ਦਾ ਅਧਿਕਾਰ ਨਹੀਂ। ਹਰ ਕੰਮ ਉਪਰ ਕੇਂਦਰ ਸਰਕਾਰ ਨੇ ਆਪਣਾ ਅਧਿਕਾਰ ਬਣਾ ਲਿਆ ਹੈ। ਰਾਜਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਹੁਣ ਜਦੋਂ ਹਸਪਤਾਲਾਂ ਵਿਚ ਮਰੀਜ ਆਕਸੀਜਨ ਦੀ ਘਾਟ ਕਰਕੇ ਮਰ ਰਹੇ ਹਨ ਤਾ ਕੇਂਦਰ ਸਰਕਾਰ 550 ਨਵੇਂ ਆਕਸੀਜਨ ਪਲਾਂਟ ਲਗਾਉਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਦੇ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮਰੀਜ਼ਾਂ ਲਈ ਆਕਸੀਜਨ ਦਾ ਪ੍ਰਬੰਧ ਕਰਨ ਦੀ ਥਾਂ ਸਰਕਾਰ ਨੇ ਦਿੱਲੀ ਵਿਚ ਹੁਕਮ ਜਾਰੀ ਕਰ ਦਿੱਤੇ ਕਿ ਜਿਹੜੇ ਨਾਜ਼ੁਕ ਮਰੀਜ਼ ਹੋਣਗੇ, ਸਿਰਫ ਉਨ੍ਹਾਂ ਨੂੰ ਹੀ ਆਕਸੀਜਨ ਦਿੱਤੀ ਜਾਵੇਗੀ। ਦਿੱਲੀ ਹਾਈ ਕੋਰਟ ਨੇ ਇਸ ਹੁਕਮ ਤੇ ਝਾੜ ਪਾਉਂਦਿਆਂ ਕਿਹਾ ਕਿ



ਪ੍ਰਬੰਧ ਕਰਨ ਦੀ ਥਾਂ ਅਜਿਹੇ ਹੁਕਮ ਜਾਰੀ ਕਰਨੇ ਗ਼ੈਰ ਮਨੁੱਖੀ ਹਨ। ਸੰਸਾਰ ਦੇ ਦੇਸ਼ ਭਾਰਤ ਦੀ ਮਦਦ ਕਰਨ ਲਈ ਪੱਬਾਂ ਭਾਰ ਹੋਏ ਪਏ ਹਨ ਪ੍ਰੰਤੂ ਭਾਰਤ ਦੇ ਸਿਆਸਤਦਾਨ ਕੁੰਭ ਦੀ ਨੀਂਦ ਸੁੱਤੇ ਪਏ ਹਨ। ਭਾਰਤੀ ਸਿਆਸਤਦਾਨਾ ਨੂੰ ਚੋਣਾਂ ਵਿਚ ਪ੍ਰਚਾਰ ਕਰਨ ਤੋਂ ਵਿਹਲ ਨਹੀਂ ਮਿਲ ਰਹੀ ਸੀ। ਪ੍ਰਧਾਨ ਮੰਤਰੀ ਦੇਸ਼ ਦੇ ਲੋਕਾਂ ਨੂੰ 6 ਫੁੱਟ ਦੀ ਦੂਰੀ ਬਣਾਕੇ ਰੱਖਣ ਅਤੇ ਮਾਸਕ ਲਾਉਣ ਦੇ ਸੰਦੇਸ਼ ਦੇ ਰਹੇ ਸਨ ਅਤੇ ਆਪ ਹਰ ਰੋਜ਼ 3-4 ਚੋਣ ਰੈਲੀਆਂ ਕਰ ਰਹੇ ਸਨ, ਜਿਨ੍ਹਾਂ ਵਿਚ ਹਜ਼ਾਰਾਂ ਲੋਕ ਬਿਨਾ ਮਾਸਕ ਅਤੇ ਬਿਨਾ ਦੂਰੀ ਇਕੱਠੇ ਹੋ ਰਹੇ ਸਨ। ਉਨ੍ਹਾਂ ਦੇ ਮੰਤਰੀ ਬਿਨਾ ਮਾਸਕ ਚੋਣ ਰੈਲੀਆਂ ਵਿਚ ਸ਼ਾਮਲ ਹੋ ਰਹੇ ਸਨ। ਇਸ ਤੋਂ ਇਲਾਵਾ ਮੰਤਰੀ ਕੋਵਿਡ ਸੰਬੰਧੀ ਗ਼ੈਰ ਜ਼ਿੰਮੇਵਾਰਾਨਾ ਬਿਆਨ ਵੀ ਦੇ ਰਹੇ ਹਨ। ਲੋਕਾਂ ਨੂੰ ਸੰਦੇਸ਼ ਦੇਣ ਤੋਂ ਪਹਿਲਾਂ ਆਪ ਪ੍ਰੇਰਨਾ ਸਰੋਤ ਬਣਨਾ ਚਾਹੀਦਾ ਸੀ। ਪ੍ਰੰਤੂ ਹੋ ਇਸਦੇ ਉਲਟ ਰਿਹਾ ਸੀ। ਕਹਿਣੀ ਅਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਕੇਂਦਰ ਸਰਕਾਰ ਨੂੰ ਚੋਣਾਂ ਜਿੱਤਣ ਦਾ ਫ਼ਿਕਰ ਜ਼ਿਆਦਾ ਮਾਨਵਤਾ ਇਆਂ ਜ਼ਿੰਦਗੀਆਂ ਜਾਣ ਢੱਠੇ ਖੂਹ ਵਿਚ। ਜਦੋਂ ਤਾਮਿਲ ਨਾਡੂ ਹਾਈ ਕੋਰਟ ਨੇ ਕੇਸ ਰਜਿਸਟਰ ਕਰਨ ਦੀ ਗੱਲ ਕੀਤੀ, ਫਿਰ ਰੈਲੀਆਂ ਬੰਦ ਕੀਤੀਆਂ। ਪ੍ਰਧਾਨ ਮੰਤਰੀ ਜੀ ਤੁਸੀਂ ਭਾਰਤ ਦੇ ਪ੍ਰਧਾਨ ਮੰਤਰੀ ਹੋ ਭਾਰਤੀ ਜਨਤਾ ਪਾਰਟੀ ਦੇ ਨਹੀਂ। ਹੁਣ ਸਾਰੀ ਜਨਤਾ ਤੁਹਾਡੇ ਲਈ ਬਰਾਬਰ ਹੋਣੀ ਚਾਹੀਦੀ ਹੈ। ਅਮਰੀਕਾ ਦੀ ਇਕ ਯੂਨੀਵਰਸਿਟੀ ਦੇ ਵਿਗਿਆਨੀ ਮੁਕਰਜੀ ਨੇ ਆਪਣੇ ਖੋਜ ਪੱਤਰ ਵਿਚ ਕਿਹਾ ਹੈ ਕਿ ਇਸ ਸਮੇਂ ਭਾਰਤ ਵਿਚ 3 ਲੱਖ 50 ਹਜ਼ਾਰ ਕੋਵਿਡ ਦੇ ਕੇਸ ਆ ਰਹੇ ਹਨ ਅਤੇ 3 ਹਜ਼ਾਰ ਰੋਜ਼ਾਨਾ ਮੌਤਾਂ ਹੋ ਰਹੀਆਂ ਹਨ। ਉਨ੍ਹਾਂ ਅਗੋਂ ਕਿਹਾ ਹੈ ਕਿ ਜੇਕਰ ਇਸੇ ਤਰ੍ਹਾਂ ਚਲਦਾ ਰਿਹਾ ਤਾਂ 15 ਮਈ ਤੱਕ 5 ਲੱਖ ਕੋਵਿਡ ਦੇ ਕੇਸ ਆਉਣਗੇ ਅਤੇ ਮੌਤਾਂ ਦੀ ਗਿਣਤੀ 5 ਹਜ਼ਾਰ ਹੋਵੇਗੀ। ਅਮਰੀਕਾ ਨੇ ਭਾਰਤ ਨੂੰ ਵੈਕਸੀਨ ਬਣਾਉਣ ਲਈ ਕੱਚਾ ਮਾਲ ਦੇਣ ਤੇ ਪਾਬੰਦੀ ਲਾਈ ਹੋਈ ਸੀ। ਨਰਿੰਦਰ ਮੋਦੀ ਅਤੇ ਡੋਨਾਲਡ ਟਰੰਪ ਦੀ ਮਿਤਰਤਾ ਜੱਗ ਜ਼ਾਹਰ ਸੀ। ਭਾਰਤ ਵਿਚ ਵੱਡੇ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਸੀ। ਇਸ ਕਰਕੇ ਜੋਅ ਬਾਇਡਨ ਦੀ ਸਰਕਾਰ ਦੇ ਭਾਰਤ ਨਾਲ ਸੰਬੰਧ ਬਹੁਤੇ ਚੰਗੇ ਨਹੀਂ ਸਨ। ਅਮਰੀਕਾ ਵਰਗਾ ਦੇਸ਼ ਜਿਥੇ ਡੈਮੋਕਰੇਟ ਪਾਰਟੀ ਦਾ ਰਾਜ ਹੈ, ਜਿਹੜੀ ਪਾਰਟੀ ਮੋਦੀ ਸਰਕਾਰ ਦੀਆਂ ਮਨੁੱਖੀ ਅਧਿਕਾਰਾਂ ਦੀ ਰੱਖਿਆ ਨਾ ਕਰਨ ਕਰਕੇ ਬੇਮੁੱਖ ਹੋਈ ਪਈ ਸੀ। ਉਸਨੇ ਵੀ ਭਾਰਤ ਵੀ ਓਵਰਸੀਜ਼ ਕਾਂਗਰਸ ਦੇ ਯਤਨਾ ਕਰਕੇ ਭਾਰਤ ਦੀ ਮਦਦ ਕਰਨ ਦਾ ਫ਼ੈਸਲਾ ਕਰ ਲਿਆ ਹੈ। ਮੋਦੀ ਟਰੰਪ ਦੀ ਦੋਸਤੀ ਵੀ ਰਾਹ ਵਿਚ ਰੋੜਾ ਬਣ ਰਹੀ ਸੀ। ਪ੍ਰੰਤੂ ਸ਼ੋਸ਼ਲ ਵਰਕਰ ਅਤੇ ਓਵਰਸੀਜ਼ ਕਾਂਗਰਸ ਦੇ ਕਨਵੀਨਰ ਵਿਜੇ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੇ ਜੋਅ ਬਾਇਡਨ ਦੇ ਕੋਵਿਡ ਦੇ ਟੈਸਟਿੰਗ ਫਾਰ ਵਾਈਟ ਹਾਊਸ ਕੋਵਿਡ-19 ਰਿਸਪੌਂਸ ਦੇ ਅਧਿਕਾਰੀ ਵਿਦੁਰ ਸ਼ਰਮਾ, ਜਿਸਦੇ ਮਾਪੇ ਭਾਰਤੀ ਮੂਲ ਦੇ ਹਨ, ਉਨ੍ਹਾਂ ਨਾਲ ਉਸਨੇ ਭਾਰਤ ਦੀ ਮਦਦ ਕਰਨ ਲਈ ਮਾਨਵਤਾਵਾਦੀ ਪਹੁੰਚ ਅਪਨਾਉਣ ਲਈ ਬੇਨਤੀ ਕੀਤੀ ਸੀ। ਵਿਦੁਰ ਸ਼ਰਮਾ ਨੂੰ ਭਾਰਤੀ ਮੂਲ ਦੇ ਮਾਪਿਆਂ ਦੀ ਧੀ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਗਲ ਕਰਕੇ ਭਾਰਤੀਆਂ ਦੀਆਂ ਜਾਨਾ ਬਚਾਉਣ ਲਈ ਗੁਹਾਰ ਲਗਾਈ ਸੀ। ਭਾਵੇਂ ਭਾਰਤ ਦੁਨੀਆਂ ਵਿਚ ਸਭ ਤੋਂ ਵੱਧ ਵੈਕਸੀਨ ਬਣਾਉਣ ਵਾਲਾ ਦੇਸ਼ ਹੈ ਪ੍ਰੰਤੂ ਕੱਚਾ ਮਾਲ ਭਾਰਤ ਨੂੰ ਅਮਰੀਕਾ ਤੋਂ ਆਉਂਦਾ ਹੈ। ਉਨ੍ਹਾਂ ਅੱਗੋਂ ਦੱਸਿਆ ਕਿ ਮੇਰੀ ਬੇਨਤੀ ਤੋਂ ਬਾਅਦ ਵਿਦੁਰ ਸ਼ਰਮਾ ਨੇ ਕਮਲਾ ਹੈਰਿਸ ਨਾਲ ਗੱਲ ਕਰਕੇ ਰਾਸ਼ਟਰਪਤੀ ਜੋਅ ਬਾਇਡਨ ਦੀ ਪ੍ਰਵਾਨਗੀ ਨਾਲ ਕੱਚੇ ਮਾਲ ਉਤੇ ਲਗਾਈ ਪਾਬੰਦੀ ਫਿਲਹਾਲ ਕੋਵਿਡ ਦੀ ਸਮੱਸਿਆ ਕਰਕੇ ਉਠਾ ਲਈ ਹੈ। ਜਿਸਦੇ ਸਿੱਟੇ ਵਜੋਂ ਅਮਰੀਕਾ ਨੇ ਭਾਰਤ ਨੂੰ 318 ਆਕਸੀਜਨ ਦੇ ਕਨਟੇਨਰ ਹਵਾਈ ਜਹਾਜ ਰਾਹੀਂ ਭੇਜ ਵੀ ਦਿੱਤੇ ਹਨ। ਵੈਕਸੀਨ ਬਣਾਉਣ ਲਈ ਕੱਚਾ ਮਾਲ ਵੀ ਭੇਜਿਆ ਜਾਵੇਗਾ। ਹੋਰ ਹਰ ਕਿਸਮ ਦੀ ਮਦਦ ਕਰਨ ਲਈ ਅਮਰੀਕਾ ਤਿਆਰ ਹੈ। ਅਮਰੀਕਾ ਦੇ ਪਬਲਿਕ ਹੈਲਥ ਦੇ ਸਲਾਹਕਾਰ ਭਾਰਤੀ ਅਧਿਕਾਰੀਆਂ ਦੇ ਸੰਪਰਕ ਵਿਚ ਹਨ। ਜੋਅ ਬਾਇਡਨ ਦੇ ਵਾਈਟ ਹਾਊਸ ਵਿਚ 50 ਭਾਰਤੀ ਮੂਲ ਦੇ ਵਿਅਕਤੀਆਂ ਦੇ ਮਹੱਤਪੂਰਨ ਅਹੁਦਿਆਂ ਤੇ ਨਿਯੁਕਤ ਹੋਣ ਦਾ ਪਹਿਲਾ ਲਾਭ ਭਾਰਤ ਨੂੰ ਕੋਵਿਡ-19 ਦੀ ਰੋਕ ਥਾਮ ਲਈ ਅਮਰੀਕਾ ਤੋਂ ਮਿਲ ਗਿਆ ਹੈ। ਇਸੇ ਤਰ੍ਹਾਂ ਕੈਨੇਡਾ ਸਰਕਾਰ ਨੇ 10 ਮਿਲੀਅਨ ਡਾਲਰ ਦੀ ਆਰਥਿਕ ਸਹਾਇਤਾ ਕਰਨ ਦਾ ਐਲਾਨ ਕਰ ਦਿੱਤਾ ਹੈ। ਕੈਨੇਡਾ ਦੇ ਵਿਦੇਸ਼ ਮੰਤਰੀ ਮਾਰਕ ਗਾਰਨਿਊ ਨੇ ਭਾਰਤ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ ਹੈ। ਕੈਨੇਡਾ ਦੀ ਭਾਰਤੀ ਮੂਲ ਦੀ ਜਨਤਕ ਸੇਵਾਵਾਂ ਦੇ ਮੰਤਰੀ ਅਨੀਤਾ ਆਨੰਦ ਨੇ ਕਿਹਾ ਹੈ ਕਿ ਪੀ ਪੀ ਕਿਟਾਂ ਅਤੇ ਵੈਂਟੀਲੇਟਰ ਦਿੱਤੇ ਜਾਣਗੇ। ਨਿਊਜ਼ੀਲੈਂਡ ਨੇ ਵੀ ਇਕ ਮਿਲੀਅਨ ਡਾਲਰ ਦੀ ਮਦਦ ਦਾ ਕਿਹਾ ਹੈ। ਇਸੇ ਤਰ੍ਹਾਂ ਸਿੰਘਾਪੁਰ ਦੁਬਈ ਅਤੇ ਸੰਸਾਰ ਦੇ ਹੋਰ ਬਹੁਤ ਦੇਸ਼ ਧੜਾ ਧੜ ਭਾਰਤ ਦੀ ਮਦਦ ਕਰਨ ਲਈ ਤਤਪਰ ਹੋ ਗਏ ਹਨ। ਪ੍ਰੰਤੂ ਦੁਖ ਦੀ ਗੱਲ ਹੈ ਕਿ ਭਾਰਤ ਸਰਕਾਰ ਅਜੇ ਵੀ ਕੋਵਿਡ ਦੇ ਨਾਂ 'ਤੇ ਸਿਆਸਤ ਕਰ ਰਹੀ ਹੈ।

# ਮੋਦੀ ਹੈ ਤਾਂ ਮੁਮਕਿਨ ਹੈ- ਕਰੋਨਾ ਬਾਰੇ ਕੀ ਕਹਿੰਦਾ ਹੈ ਕੌਮਾਂਤਰੀ ਮੀਡੀਆ



ਗੁਰਮੀਤ ਸਿੰਘ ਪਲਾਹੀ



ਕੌਮਾਂਤਰੀ ਮੀਡੀਏ ਵਿੱਚ, ਭਾਰਤ 'ਚ ਕਰੋਨਾ ਮਹਾਂਮਾਰੀ ਸਬੰਧੀ ਸਰਕਾਰੀ ਬੇਇੰਤਜ਼ਾਮੀ ਅਤੇ ਕਰੋਨਾ ਨਾਲ ਨਿਪਟਣ ਦੇ ਢੰਗ ਤਰੀਕਿਆਂ ਸਬੰਧੀ ਵੱਡੀ ਚਰਚਾ ਹੈ। ਇਸ ਸੰਬੰਧੀ ਦੁਨੀਆ ਦੇ ਵੱਡੇ ਵੱਡੇ ਅਖ਼ਬਾਰਾਂ ਨੇ ਨਰੇਂਦਰ ਮੋਦੀ ਨੂੰ ਕਟਿਹਰੇ 'ਚ ਖੜ੍ਹਾ ਕੀਤਾ ਹੈ।

"ਦੀ ਨੀਊਯਾਰਕ ਟਾਈਮਜ਼" ਨੇ ਨਾਸਿਕ ਦੀ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਗੋਦੀ ਮੀਡੀਆ ਨੇ ਪਹਿਲੀ ਕਰੋਨਾ ਲਹਿਰ 'ਚ ਮੋਦੀ ਦੀ ਵੱਡੀ ਮਹਿਮਾ ਕੀਤੀ। ਹੁਣ ਅੰਤਰਰਾਸ਼ਟਰੀ ਪੱਧਰ ਤੇ ਬਣ ਚੁੱਕੀ ਧਾਰਨਾ ਨੂੰ ਗਲਤ ਸਾਬਤ ਕਰਨ ਲਈ ਉਹਦੀਆਂ ਸਿਰਜੀਆਂ ਏਜੰਸੀਆਂ ਨੂੰ ਸਖਤ ਮਿਹਨਤ ਕਰਨੀ ਪਵੇਗੀ। ਪ੍ਰਧਾਨ ਮੰਤਰੀ ਮੋਦੀ ਆਪਣੀ ਸਾਖ਼ ਨੂੰ ਲੈ ਕੇ ਬਹੁਤ ਚਿੰਤਤ ਰਹਿੰਦੇ ਹਨ। ਕਰੋਨਾ ਵਾਇਰਸ ਦੀ ਦੂਜੀ ਸੁਨਾਮੀ ਨੇ ਉਹਨਾ ਦੀ ਸਾਖ਼ ਨੂੰ ਤਾਰ ਤਾਰ ਕਰਕੇ ਰੱਖ ਦਿੱਤਾ ਹੈ।

ਵਿਸ਼ਵ ਪ੍ਰੈਸ ਨੇ ਉਹਨਾਂ ਨੂੰ ਇਹੋ ਜਿਹੇ ਨਾਇਕ ਦੀ ਸੰਗਿਆ ਦਿੱਤੀ ਹੈ ਜੋ ਆਪਣੀਆਂ ਗਲਤ ਨੀਤੀਆਂ ਕਾਰਨ ਖਲਨਾਇਕ ਬਣ ਚੁੱਕਾ ਹੈ। ਦੁਨੀਆਂ ਦੇ ਵੱਡੇ ਅਖਬਾਰਾਂ ਦਾ ਕਹਿਣਾ ਹੈ ਕਿ ਮੋਦੀ ਨੇ ਲੋਕਾਂ ਨੂੰ ਭਰੋਸਾ ਦਿੱਤਾ ਸੀ ਕਿ ਕਰੋਨਾ ਨੂੰ ਉਹ ਹਰਾ ਚੁੱਕੇ ਹਨ, ਪਰ ਉਹ ਗਲਤ ਸੀ। ਵਿਸ਼ਵ ਪ੍ਰੈਸ ਅਨੁਸਾਰ ਕਰੋਨਾ ਦੀ ਪਹਿਲੀ ਲਹਿਰ ਨੇ ਸਭ ਤੋਂ ਪਹਿਲਾ ਸਖਤ ਰਾਸ਼ਟਰੀ ਲੌਕਡਾਊਨ ਲਾ ਕੇ ਮੋਦੀ ਨੇ ਵਾਇਰਸ ਨੂੰ ਕਾਫੀ ਹੱਦ ਤੱਕ ਰੋਕ ਦਿੱਤਾ ਸੀ। ਪਰ ਦੂਜੀ ਲਹਿਰ ਨੇ ਉਹਨਾਂ ਨੂੰ ਨਹੀਂ ਛੱਡਿਆ। ਹਾਲਾਤ ਇਹ ਹੈ ਕਿ ਹਸਪਤਾਲਾਂ ਵਿੱਚ ਆਕਸੀਜਨ ਨਹੀਂ ਹੈ ਤਾਂ ਮਰੀਜ਼ਾਂ ਦੀਆਂ ਲਾਸ਼ਾਂ ਮੁਰਦਾ ਘਰਾਂ ਵਿੱਚ ਲੂਹਣ ਲਈ ਵਾਰੀ ਉਡੀਕ ਰਹੀਆਂ ਹਨ।

"ਦੀ ਗਾਰਡੀਅਨ" ਨੇ ਆਪਣੇ ਮੁੱਖ ਆਰਟੀਕਲ ਵਿੱਚ ਜੋ ਫੋਟੋ ਲਾਈ ਹੈ, ਉਸ ਵਿੱਚ ਸ਼ਮਸ਼ਾਨ ਘਾਟ ਵਿੱਚ ਜਲ ਰਹੀ ਚਿਤਾ ਦੀਆਂ ਉੱਚੀਆਂ ਲਪਟਾਂ ਵਿਖਾਈਆਂ ਗਈਆਂ ਹਨ। ਜਿਸਦਾ ਹੈਡਿੰਗ ਹੈ " .' – 19 " (ਸਿਸਟਮ ਢਹਿ-ਢੇਰੀ: ਭਾਰਤ ਕੋਵਿਡ-19 ਦੇ ਨਰਕ 'ਚ ਗਰਕਿਆ)

'ਦੀ ਟਾਈਮਜ਼' ਲੰਡਨ ਨੇ ਵੀ ਮੋਦੀ ਉਤੇ ਜ਼ੋਰਦਾਰ ਹਮਲਾ ਬੋਲਿਆ ਹੈ। ਅਖ਼ਬਾਰ ਦੀ ਮੁੱਖ ਸੁਰਖੀ ਹੈ, "ਦੂਜੀ ਸੁਨਾਮੀ ਵਿੱਚ ਫਸੇ ਮੋਦੀ"। ਅਖ਼ਬਾਰ ਨੇ ਭਾਰਤ ਸਰਕਾਰ ਨੂੰ ਕਟਿਹਰੇ 'ਚ ਖੜ੍ਹਾ ਕਰਦੇ ਹੋਏ ਲਿਖਿਆ, "ਰੋਜ਼ਾਨਾ ਤਿੰਨ ਲੱਖ ਤੋਂ ਜ਼ਿਆਦਾ ਕਰੋਨਾ ਦੇ ਮਾਮਲੇ ਸਾਹਮਣੇ ਆ ਰਹੇ ਹਨ। ਭਾਰਤੀ ਸਰਕਾਰ ਨੇ ਹਾਲਾਤ ਦੀ ਗੰਭੀਰਤਾ ਨੂੰ ਨਜਰ ਅੰਦਾਜ਼ ਕੀਤਾ ਹੈ, ਜਿਸਦੇ ਚਲਦੇ ਵੱਡੀ ਸਮੱਸਿਆ ਖੜੀ ਹੋਈ। ਇਹ ਬਹੁਤ ਹੀ ਗੰਭੀਰ ਹਾਲਾਤ ਹੈ।

ਕੌਮਾਂਤਰੀ ਪ੍ਰੈਸ ਦੇ ਨਿਸ਼ਾਨੇ ਉਤੇ ਪਹਿਲਾਂ ਬਰਾਜ਼ੀਲ ਹੁੰਦਾ ਸੀ ਪਰੰਤੂ ਹੁਣ ਪੱਤਰਕਾਰਾਂ ਦੀ ਕਲਮ ਮੋਦੀ ਸਰਕਾਰ ਦੇ ਵਖੀਏ ਉਧੇੜ ਰਹੀ ਹੈ। ਅਖਬਾਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਨਾ ਸਮਝੀ ਦੇ ਕਾਰਨ ਇਹ ਸੰਕਟ ਖੜ੍ਹਾ ਹੋਇਆ ਹੈ। ਹਿੰਦੂ ਨਾਰਾਜ਼ ਨਾ ਹੋਣ ਇਸ ਲਈ ਕੁੰਭ ਜਿਹੇ ਮੇਲੇ ਦਾ ਆਯੋਜਿਨ ਕੀਤਾ ਗਿਆ। ਬੰਗਾਲ ਚੋਣਾਂ 'ਚ ਮੋਦੀ ਤਾਬੜਤੋੜ ਰੈਲੀਆਂ ਕਰਦੇ ਰਹੇ। ਇਸ ਨਾਲ ਹਾਲਾਤ ਕਾਬੂ ਤੋਂ ਬਾਹਰ ਹੋ ਗਏ। ਅਖਬਾਰਾਂ ਨੇ ਆਪਣੇ ਮੁੱਖ ਪੰਨਿਆਂ ਉਤੇ ਕੁੰਭ ਮੇਲੇ ਨਾਲ ਜੁੜੇ ਫੋਟੋ ਵੀ ਪ੍ਰਕਾਸ਼ਿਤ ਕੀਤੇ ਹਨ, ਜਿਹਨਾਂ ਵਿੱਚ ਲੋਕ ਬਗੈਰ ਮਾਸਕ ਲਗਾਏ ਘੁੰਮ ਰਹੇ ਹਨ। 'ਦੀ ਟਾਈਮਜ਼' ਲਿਖਦਾ ਹੈ ਕਿ ਦੂਜੀ ਲਹਿਰ ਦੀ ਰਫ਼ਤਾਰ ਨੇ ਸਰਕਾਰ ਨੂੰ ਨਿਕੰਮਾ ਸਾਬਤ ਕਰ ਦਿੱਤਾ ਹੈ। ਸਰਕਾਰ ਨੇ 2020 ਦੀਆਂ ਗਲਤੀਆਂ ਤੋਂ ਕੋਈ ਸਬਕ ਨਹੀਂ ਸਿੱਖਿਆ ਅਤੇ ਕੌਮਾਂਤਰੀ ਪ੍ਰੈਸ ਨੇ ਗਲਤੀਆਂ ਦਾ ਪੁਲੰਦਾ ਖੋਲ੍ਹ ਦਿੱਤਾ ਹੈ। ਅੱਜ ਭਾਰਤ ਦੇ ਲੋਕ ਬੇਹੱਦ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਦੇਸ਼ ਮੂਧੇ ਮੂੰਹ ਡਿੱਗ ਚੁੱਕਾ ਹੈ। ਅਖ਼ਬਾਰ ਨੇ ਬੰਗਾਲ ਰੈਲੀ ਨੂੰ ਲੈ ਕੇ ਮੋਦੀ ਨੂੰ ਨਿਸ਼ਾਨਾ ਬਣਾਇਆ। ਰੈਲੀਆਂ ਵਿੱਚ ਮਾਸਕ ਤੋਂ ਬਿਨਾ ਲੋਕ ਹਨ, ਲੇਕਿਨ ਪ੍ਰਧਾਨ ਮੰਤਰੀ ਕਹਿ ਰਹੇ ਸਨ, "ਮੈਂ ਆਪਣੇ ਜੀਵਨ ਵਿੱਚ ਇੰਨੀ ਭੀੜ ਨਹੀਂ ਦੇਖੀ, ਜਿਥੋਂ ਤੱਕ ਨਜ਼ਰ ਜਾਂਦੀ ਹੈ, ਲੋਕ ਹੀ ਲੋਕ ਹਨ"।

'ਦੀ ਫਾਈਨੈਂਸ਼ੀਅਲ ਟਾਈਮਜ਼' ਨੂੰ ਤਿੱਖੇ ਤੇਵਰਾਂ ਦੇ ਲਈ ਨਹੀਂ ਜਾਣਿਆ ਜਾਂਦਾ, ਲੇਕਿਨ ਉਸਨੇ ਵੀ ਮੋਦੀ ਸਰਕਾਰ ਦੇ ਪਰਖੱਚੇ ਉਡਾਉਣ 'ਚ ਕੋਈ ਕਸਰ ਨਹੀਂ ਛੱਡੀ।

'ਦੀ ਵਾਸ਼ਿੰਗਟਨ' ਨੇ ਆਪਣੀ ਸਟੋਰੀ ਵਿੱਚ ਯੂਪੀ ਦੇ ਕਬਰਸਤਾਨਾਂ ਦਾ ਹਵਾਈ ਚਿੱਤਰ ਦਿਖਾਇਆ ਹੈ। ਅਖ਼ਬਾਰ ਲਿਖਦਾ ਹੈ ਕਿ ਇਹ ਲਹਿਰ ਨਹੀਂ ਬਲਕਿ ਇੱਕ ਦੀਵਾਰ ਹੈ।24-7 (24 ਘੰਟੇ 7 ਦਿਨ) ਲਾਸ਼ਾਂ ਦਾ ਸੰਸਕਾਰ ਹੋ ਰਿਹਾ ਹੈ ਪਰ ਇਸਦੇ ਬਾਅਦ ਵੀ ਸ਼ਮਸ਼ਾਨਾਂ ਵਿੱਚ ਥਾਂ ਨਹੀਂ ਬਚੀ ਹੈ। ਸਟੋਰੀ ਵਿੱਚ ਸਰਕਾਰ ਨੂੰ ਕਟਿਹਰੇ 'ਚ ਖੜ੍ਹਾ ਕਰਦੇ ਹੋਏ ਅਖ਼ਬਾਰ ਨੇ ਲਿਖਿਆ ਹੈ- ਸਰਕਾਰ ਨੇ ਵੈਕਸੀਨੇਸ਼ਨ ਬਹੁਤ ਹੌਲੀ ਹੌਲੀ ਕੀਤਾ ਅਤੇ ਪਾਬੰਦੀਆਂ ਪੂਰੀ ਤਰ੍ਹਾਂ ਹਟਾ ਲਈਆਂ- ਇਸ ਨਾਲ ਹਾਲਾਤ ਵਿਗੜੇ।

'ਦੀ ਵਾਲ ਸਟਰੀਟ ਜਰਨਲ' ਲਿਖਦਾ ਹੈ ਕਿ ਭਾਰਤ ਦਾ ਖਤਰਨਾਕ ਵਾਇਰਸ ਸੀਮਾ ਪਾਰ ਕਰਕੇ ਤਬਾਹੀ ਮਚਾ ਸਕਦਾ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਸਰਕਾਰ ਦੀ ਨਾਕਾਮੀ ਨਾਲ ਹਾਲਾਤ ਵਿਗੜੇ। ਦਿੱਲੀ ਨੇ ਆਪਣੀ ਪਿੱਠ ਥਪ ਥਪਾਕੇ ਵਾਇਰਸ ਨੂੰ ਹਰਾਉਣ ਦੀ ਗੱਲ ਕਹੀ। ਇਹ ਸਰਾਸਰ ਗਲਤ ਰਵੱਈਆ ਸੀ।

ਜਿਥੇ 'ਨਿਊਯਾਰਕ ਟਾਈਮਜ਼' ਨੇ ਮੋਦੀ ਨੂੰ ਖਲਨਾਇਕ ਦਾ ਦਰਜ਼ਾ ਦਿੱਤਾ, ਉਥੇ ਅਮਰੀਕਾ 'ਚ ਛਪਦੇ "ਦੀ ਇੰਡੀਅਨ ਪੈਨੋਰਿਮਾ" ਵਿੱਚ ਛਪੇ ਇੱਕ ਆਰਟੀਕਲ, ਜੋ ਦਵੇ ਮੱਕੜ ਦਾ ਲਿਖਿਆ ਹੋਇਆ ਹੈ ਵਿੱਚ, ਕੋਵਿਡ ਦੌਰਾਨ ਹੋਈਆਂ ਮੌਤਾਂ ਲਈ ਨਰੇਂਦਰ ਮੋਦੀ ਨੂੰ ਜ਼ਿੰਮੇਦਾਰ ਠਹਿਰਾਉਂਦਿਆਂ ਉਸ ਉਤੇ ਮੁਕੱਦਮਾ ਚਲਾਉਣ ਲਈ ਕਿਹਾ ਹੈ, ਉਸਨੇ ਲਿਖਿਆ ਹੈ ਕਿ ਫਰਵਰੀ 2021 ਵਿੱਚ ਰਾਸ਼ਟਰੀ ਭਾਜਪਾ ਕਾਰਜਕਾਰਨੀ ਨੇ ਮੋਦੀ ਦੀ ਕਰੋਨਾ ਉਤੇ ਫਤਹਿ ਪਾਉਣ ਲਈ ਮਤਾ ਪਾਸ ਕੀਤਾ ਸੀ, ਪਰ ਹੁਣ ਜਦੋਂ 21 ਅਪ੍ਰੈਲ 2021 ਨੂੰ ਭਾਰਤ ਕਰੋਨਾ ਵਾਇਰਸ ਕੇਸਾਂ ਵਿੱਚ ਪਹਿਲੇ ਨੰਬਰ ਤੇ ਪੁੱਜ ਗਿਆ ਹੈ ਅਤੇ ਇਕੋ ਦਿਨ 21 ਅਪ੍ਰੈਲ 2021 ਨੂੰ ਕਰੋਨਾ ਪੀੜਤਾਂ ਦੀ ਗਿਣਤੀ 3,14,644 ਹੋ ਗਈ ਹੈ ਅਤੇ 2014 ਮੌਤਾਂ ਹੋਈਆਂ ਹਨ ਅਤੇ ਭਾਰਤ ਨੇ ਅਮਰੀਕਾ ਦੇ ਜਨਵਰੀ 8, 2020 ਦੇ ਬਣਾਏ ਕਰੋਨਾ ਪੀੜਤਾਂ ਦੇ ਰਿਕਾਰਡ 3,00,669 ਨੂੰ ਪਿੱਛੇ ਪਾ ਦਿੱਤਾ ਹੈ, ਤਾਂ ਇਸਦੀ ਜਵਾਬਦੇਹੀ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਹੀ ਹੋਏਗੀ।

(ਇਹ ਰਿਪੋਰਟ ਤਿਆਰ ਕਰਨ ਲਈ ਜਨ ਸੱਤਾ ਅਖ਼ਬਾਰ ਵਿੱਚੋਂ ਧੰਨਵਾਦ ਸਹਿਤ ਤੱਥ ਲਏ ਗਏ ਹਨ।)

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Gagandeep Jattana
639 742 0203
639 999 1000
Email-gaganjattana0203@gmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਸਾਡਾ ਵਿਰਸਾ

# ਬੱਤੀਆਂ ਵਾਲੇ ਦੀਵੇ ਡੰਗਰਾਂ ਵਾਲੇ ਦਲਾਨ ਦੀ ਸੋਭਾ ਹੋਇਆ ਕਰਦੇ ਸਨ




95691-49556
ਸ੍ਰੀ ਮੁਕਤਸਰ ਸਾਹਿਬ

ਪੁਰਾਤਨ ਪੰਜਾਬ ਦੀਆਂ ਜੇ ਪੁਰਾਣੀਆਂ ਗੱਲਾਂ ਕਰੀਏ ਤਾਂ ਓਨਾਂ ਸਮਿਆਂ ਵਿੱਚ ਪੇਂਡੂ ਖਿੱਤਿਆਂ ਵਿੱਚ ਹਾਲੇ ਬਿਜਲੀ ਨਹੀਂ ਸੀ ਪਹੁੰਚੀ,ਪਰ ਡੰਗਰ ਵੱਛਾ ਬਲਦ ਊਠ ਰੱਖਣ ਦਾ ਰਿਵਾਜ ਚਰਮ ਸੀਮਾ ਤੇ ਸੀ।ਕਰੀਬ ਕਰੀਬ ਸਾਰੇ ਹੀ ਘਰਾਂ ਵਿੱਚ ਦੁਧਾਰੂ ਪਸ਼ੂ ਰੱਖਣ ਦੇ ਨਾਲ ਨਾਲ ਖੇਤੀਬਾੜੀ ਲਈ ਬਲਦ ਜਾਂ ਊਠ ਵੀ ਰੱਖੇ ਜਾਂਦੇ ਸਨ। ਹੋਰਨਾਂ ਫਸਲਾਂ ਦੇ ਨਾਲ ਨਾਲ ਗੁਆਰੇ ਦੀ ਫਸਲ ਵੀ ਬਹੁਤ ਬੀਜੀ ਜਾਂਦੀ ਸੀ ਕਿਉਂ ਕਿ ਗੁਆਰਾ ਹੀ ਊਠ ਦੀ ਮਨ ਭਾਉਂਦੀ ਖੁਰਾਕ ਹੋਇਆ ਕਰਦੀ ਸੀ।

ਕੱਚੇ ਘਰਾਂ ਵਿੱਚ ਇੱਕ ਬਹੁਤ ਵੱਡਾ ਕਮਰਾ ਪਸੁਆਂ ਲਈ ਅਲੱਗ ਬਣਾਇਆ ਜਾਂਦਾ ਸੀ ਜਿਸ ਨੂੰ ਪੰਜਾਬ ਦੇ ਕਈ ਖਿੱਤਿਆਂ ਚ ਦਲਾਨ ਵੀ ਕਿਹਾ ਜਾਂਦਾ ਸੀ। ਵੈਸੇ ਮਾਲਵਾ ਖੇਤਰ ਵਿੱਚ ਵੱਡਾ ਦਲਾਨ ਵਿੱਚ ਦੀ ਹੀ ਅੰਦਰ ਘਰ ਜਾਣ ਲਈ ਲਾਂਘਾ ਹੁੰਦਾ ਸੀ ਤੇ ਹਵਾ ਲਈ ਵੀ ਚਾਰੇ ਪਾਸੇ ਜਾਲੀਦਾਰ ਬਾਰੀਆਂ ਰੱਖਣ ਕਰਕੇ ਹਵਾ ਦੀ ਕਰਾਸਿੰਗ ਹੋਇਆ



ਕਰਦੀ ਸੀ।ਆਮ ਕਹਾਵਤ ਵੀ ਹੈ ਕਿ ਕੱਚੇ ਘਰ ਠੰਡੇ ਤੇ ਪੱਕੇ ਘਰ ਗਰਮ ਹੁੰਦੇ ਸਨ,ਇਹ ਬਿਲਕੁਲ ਸਚਾਈ ਹੈ ਕਿ ਕੱਚੇ ਘਰਾਂ ਦੀਆਂ ਕੰਧਾਂ ਕੱਚੀਆਂ ਇੱਟਾਂ ਦੇ ਨਾਲ ਕਾਫੀ ਚੌੜੀਆਂ ਕੱਢੀਆਂ ਜਾਂਦੀਆਂ ਸਨ ਤੇ ਮਕਾਨ ਅੰਦਰੋਂ ਇਸੇ ਲਈ ਠੰਡੇ ਹੋਇਆ ਕਰਦੇ ਸਨ। ਪਸੁ ਡੰਗਰ ਵਾਲੇ ਦਲਾਨ ਕਹਿ ਲਈਏ ਜਾਂ ਫਿਰ ਵੱਡਾ ਕਮਰਾ,ਉਸ ਵਿੱਚ ਹਨੇਰੇ ਸਵੇਰੇ ਪਸੁਆਂ ਨੂੰ ਬੰਨ੍ਹਣ ਲਈ ਚਾਨਣ ਦੀ ਜਰੂਰਤ ਹੁੰਦੀ ਸੀ ਤੇ ਇਸ ਕੰਮ ਲਈ ਬੱਤੀਆਂ ਵਾਲੇ ਦੀਵੇ, ਲਾਲਟੈਨ ਜਾਂ ਫਿਰ ਚਿਮਨੀ ਵਾਲੇ ਲੈਂਪ ਹੋਇਆ ਕਰਦੇ ਸਨ।ਜਿਸ ਨੂੰ ਜਆਿਦਾ ਤਰ ਮਿੱਟੀ ਦੇ ਤੇਲ ਨਾਲ ਜਗਾਇਆ ਜਾਂਦਾ ਰਿਹਾ ਹੈ, ਓਹਨਾਂ ਸਮਿਆਂ ਵਿੱਚ ਅਜੋਕੇ ਸਮਿਆਂ ਵਾਂਗ ਮਿੱਟੀ ਦਾ ਤੇਲ ਕਾਰਡਾਂ ਵਗੈਰਾ ਤੇ ਮਿਲਣ ਦਾ ਝੰਜਟ ਨਹੀਂ ਸੀ, ਸਗੋਂ ਜਿਨ੍ਹਾਂ ਮਰਜੀ ਜਿਥੋਂ ਮਰਜੀ ਮਿੱਟੀ ਦਾ ਤੇਲ ਲੈ ਲੈਂਦੇ।ਮੈਨੂੰ ਅੱਜ ਵੀ ਯਾਦ ਹੈ, ਸਾਡੇ ਪਿੰਡ ਦੱਦਾਹੂਰ ਵਿੱਚ ਵੀ ਇੱਕ ਤਾਰਾ ਸਿੰਘ ਦੀ ਹੱਟੀ ਸੀ,ਉਸ ਨੇ ਘਿਓ ਵਾਲੇ ਪੀਪੇ ਵਿਚ ਮਿੱਟੀ ਦਾ ਤੇਲ ਪਾ ਕੇ ਰੱਖਣਾ, ਵਿੱਚ ਪਲੀ ਹੋਣੀ ਚੁਆਨੀ ਅਠਿਆਨੀ ਦੀ ਇੱਕ ਪਲੀ ਤੇਲ ਦੇਣਾ ਜਿਨ੍ਹਾਂ ਮਰਜੀ ਤੇ ਜਦੋਂ ਮਰਜੀ ਲੈ ਆਉਣਾ ਕਦੇ ਕੋਈ ਤੋਟ ਨਹੀਂ ਸੀ ਆਉਂਦੀ।ਓਹੀ ਦੀਵੇ, ਲਾਲਟੈਨ ਤੇ ਲੈਂਪ ਵਿੱਚ ਪਾਕੇ ਰਾਤ ਨੂੰ ਚਾਨਣ ਲਈ ਜਗਾਉਣੇ, ਤੇ ਰਾਤਾਂ ਨੂੰ ਓਸੇ ਦੇ ਚਾਨਣ ਵਿੱਚ ਹੀ ਪੜਦੇ ਰਹੇ ਹਾਂ।

ਲਾਲਟੈਨ ਜਾਂ ਫਿਰ ਲੈਂਪ ਦੀ ਚਿਮਨੀ ਨੂੰ ਹਰ ਰੋਜ ਸਾਫ ਜਰੂਰ ਕਰਨਾ ਪੈਂਦਾ ਸੀ।ਬੱਤੀ ਵੱਡੀ ਛੋਟੀ ਕਰਨ ਲਈ ਇੱਕ ਪਾਸੇ ਇੱਕ ਫਿਰਕੀ ਜਿਹੀ ਲੱਗੀ ਹੁੰਦੀ ਸੀ ਉਸ ਨੂੰ ਸੱਜੇ ਪਾਸੇ ਘੁਮਾਉਣਾ ਤਾਂ ਬੱਤੀ ਉੱਪਰ ਚੱਕੀ ਜਾਣੀ ਤੇ ਚਾਨਣ ਵੱਧ ਹੋ ਜਾਂਦਾ ਜੇ ਖੱਬੇ ਪਾਸੇ ਘੁਮਾਉਣਾ ਤਾਂ ਬੱਤੀ ਥੱਲੇ ਚਲੀ ਜਾਣੀ ਭਾਵ ਚਾਨਣ ਘੱਟ ਹੋ ਜਾਂਦਾ।ਪਰ ਤੇਲ ਹਰ ਰੋਜ ਪਾਉਂਣਾ ਪੈਂਦਾ ਸੀ। ਲਾਲਟੈਨ ਤੇ ਲੈਂਪ ਦੀ ਚਿਮਨੀ ਸਾਫ ਕਰਕੇ ਹਰ ਰੋਜ ਤੇਲ ਪਾਕੇ ਰਸੋਈ ਜਾਂ ਸੌਣ ਵਾਲੇ ਕਮਰਿਆਂ ਜਾਂ ਫਿਰ ਜਿਥੇ ਬੱਚਿਆਂ ਨੇ ਪੜਨਾਂ ਹੁੰਦਾ ਸੀ ਓਥੇ ਜਗਾਇਆ ਜਾਂਦਾ ਸੀ।ਪਰ ਬੱਤੀ ਵਾਲਾ ਦੀਵਾ (ਫੋਟੋ ਵਾਲਾ)ਇਹ ਸਿਰਫ ਤੇ ਸਿਰਫ ਡੰਗਰਾਂ ਵਾਲੇ ਕੋਠੇ ਵਿਚ ਜਗਾਇਆ ਜਾਂਦਾ ਸੀ। ਸਿਆਲਾਂ ਵਿੱਚ ਪਸੂਆਂ ਥੱਲੇ ਸੁੱਕ ਪਾਉਣੀ,ਵੇਲੇ ਕੁਵੇਲੇ ਪੱਠੇ ਪਾਉਣੇ ਜਾਂ ਫਿਰ ਮੀਂਹ ਕਣੀ ਵਿਚ ਇਸ ਦੀਵੇ ਦੀ ਵਰਤੋਂ ਕਰਨੀ। ਜੇਕਰ ਕਿਤੇ ਹਨੇਰੀ ਜਾਂ ਝੱਖੜ ਚੱਲ ਪੈਣਾ ਤਾਂ ਇਹ ਦੀਵੇ ਨਹੀਂ ਸੀ ਕੰਮ ਦਿੰਦੇ, ਫਿਰ ਲਾਲਟੈਨ ਜਾਂ ਲੈਂਪ ਨਾਲ ਕੰਮ ਲੈ ਲੈਣਾ।ਪਰ ਜਆਿਦਾਤਰ ਇਨ੍ਹਾਂ ਬੱਤੀ ਵਾਲੇ ਦੀਵਿਆਂ ਤੋਂ ਹੀ ਡੰਗਰਾਂ ਵਾਲੇ ਦਲਾਨ ਜਾ ਕੋਠਿਆਂ ਵਿੱਚ ਕੰਮ ਲੈਂਦੇ ਰਹੇ ਹਨ ਸਾਡੇ ਪੁਰਖੇ। ਇਨ੍ਹਾਂ ਵਿਚਲੀ ਬੱਤੀ ਦੁਕਾਨ ਤੋਂ ਮਿਲ ਜਾਂਣੀ ਨਹੀਂ ਤਾਂ ਪੁਰਾਣੀਆਂ ਬੀਬੀਆਂ ਨੇ ਘਰੇ ਹੀ ਕਿਸੇ ਪੁਰਾਣੇ ਕੱਪੜੇ ਦੀ ਬੱਤੀ ਵੱਟ ਲੈਣੀ ਜਿਸ ਵਿੱਚ ਥੋੜੀ ਬਹੁਤੀ ਰੂੰ ਵੀ ਪਾ ਲੈਣੀ ਤੇ ਘਰੇ ਹੀ ਬੱਤੀ ਵੱਟ ਕੇ ਦੀਵੇ ਵਿੱਚ ਪਾ ਲੈਣੀ ਚਾਨਣ ਕਰ ਲੈਣਾ।ਸੋ ਦੋਸਤੋ ਗੱਲ ਤਾਂ ਸਮੇਂ ਸਮੇਂ ਦੀ ਹੀ ਹੁੰਦੀ ਹੈ, ਹੁਣ ਜੇਕਰ ਅਜੋਕੀ ਪੀੜ੍ਹੀ ਨੂੰ ਇਹ ਗੱਲਾਂ ਦਸਦੇ ਹਾਂ ਤਾਂ ਓਹ ਹੱਸ ਹੱਸ ਕੇ ਹੀ ਕਮਲੇ ਹੋ ਜਾਂਦੇ ਹਨ। ਕਿਉਂਕਿ ਓਨਾਂ ਨੂੰ ਇਨ੍ਹਾਂ ਗੱਲਾਂ ਤੇ ਯਕੀਨ ਹੀ ਨਹੀਂ ਆਉਂਦਾ ਇਹ ਤਾਂ ਸਿਰਫ ਓਹੀ ਸਮਝ ਸਕਦੇ ਹਨ ਜਿਨ੍ਹਾਂ ਨੇ ਇਹ ਸਮੇਂ ਆਪ ਖੁਦ ਹੰਢਾਏ ਹਨ, ਜਾਂ ਇਨ੍ਹਾਂ ਦੀਵਿਆਂ ਦੀ ਲੋਅ ਵਿੱਚ ਪੜ੍ਹੇ ਹਨ।

# ਸ਼ਿਵ ਬਟਾਲਵੀ ਨੂੰ ਯਾਦ ਕਰਦਿਆਂ



ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋ ਨੰ: 9888940211

ਸ਼ਾਇਰਾਂ ਦੇ ਸਿਤਾਰਿਆਂ ’ਚ ਚੰਦਰਮਾ ਵਾਂਗ ਚਮਕਣ ਵਾਲਾ ਨਾਂ ਹੈ ਸ਼ਿਵ ਬਟਾਲਵੀ, ਜਿਸ ਨੂੰ ਬਹੁਤ ਘੱਟ ਸਮੇਂ ’ਚ ਉਹ ਮਾਣ-ਸਨਮਾਨ ਹਾਸਿਲ ਹੋਇਆ ਜੋ ਵਿਰਲਿਆਂ ਨੂੰ ਹੀ ਨਸੀਬ ਹੁੰਦਾ ਹੈ।ਸ਼ਿਵ ਕੁਮਾਰ ਦਾ ਜਨਮ 23 ਜੁਲਾਈ 1936 ਨੂੰ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ੱਕਰ ਗੜ੍ਹ ਵਿਖੇ ਬਸੰਤਰ ਨਦੀ ਦੇ ਕਿਨਾਰੇ ਪਿੰਡ ਲੋਹਟੀਆਂ ਵਿਖੇ ਪੰਡਤ ਕ੍ਰਿਸ਼ਨ ਗੋਪਾਲ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁੱਖੋਂ ਹੋਇਆ। ਪੜ੍ਹਾਈ ’ਚ ਜ਼ਿਆਦਾ ਦਿਲਚਸਪੀ ਨਾ ਹੋਣ ਦੇ ਬਾਵਜੂਦ ਚੌਥੀ ਜਮਾਤ ’ਚੋਂ ਵਜ਼ੀਫ਼ਾ ਹਾਸਲ ਕੀਤਾ। ਉਪਰੰਤ ਅਗਲੀ ਵਿੱਦਿਆ ਪ੍ਰਾਪਤੀ ਲਈ ਡੇਰਾ ਬਾਬਾ ਨਾਨਕ ਚਲਾ ਗਿਆ, ਜਿੱਥੇ ਉਸ ਦੇ ਪਿਤਾ ਪਟਵਾਰੀ ਸਨ। 1947 ਦਾ ਹੱਲ੍ਹਿਆਂ ਦਾ ਦ੍ਰਿਸ਼ ਦੇਖ ਕੇ ਉਸ ਦਾ ਸੀਨਾ ਕੁਰਲਾ ਉੱਠਿਆ ਤੇ ਉਹ ਵਾਪਸ ਆਪਣੇ ਪਿੰਡ ਲੋਹਟੀਆਂ ਆ ਗਿਆ।1949 ’ਚ ਸ਼ਿਵ ਦੇ ਪਿਤਾ ਦੀ ਬਦਲੀ ਹੋ ਜਾਣ ਕਾਰਨ ਉਹ ਬਟਾਲੇ ਆ ਗਏ। ਦਸਵੀਂ ਪਾਸ ਕਰਨ ਉਪਰੰਤ ਉਹ ਐਫ.ਐਸ.ਸੀ. ਕਰਨ ਲਈ ਬੇਰਿੰਗ ਕ੍ਰਿਸਚੀਅਨ ਕਾਲਜ ’ਚ ਦਾਖ਼ਲ ਹੋ ਗਿਆ। ਕੁੱਝ ਸਮਾਂ ਉਹ ਕਾਦੀਆਂ, ਨਾਭਾ ਤੇ ਪਾਲਮਪੁਰ ਵਿਖੇ ਵੀ ਪੜ੍ਹਿਆ। ਨਾਭੇ ਪੜ੍ਹਦਿਆਂ ਉਸ ਦੀ ਲੋਕਪ੍ਰਿਆ ਵਧਣ ਲੱਗੀ। ਇਮਤਿਹਾਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਹ ਕਾਲਜ ਛੱਡ ਗਿਆ।ਇਸ ਤੋਂ ਬਾਅਦ ਉਸ ਦੇ ਪਿਤਾ ਨੇ ਸ਼ਿਵ ਦਾ ਦਾਖਲਾ ਪਾਲਮਪੁਰ ਨੇੜਲੇ ਸ਼ਹਿਰ ਬੈਜਨਾਥ ਵਿਖੇ ਡਿਪਲੋਮਾ ਕਾਲਜ ’ਚ ਕਰਵਾ ਦਿੱਤਾ, ਪਰ ਉਸ ਦਾ ਮਨ ਪੜ੍ਹਾਈ ਤੋਂ ਦੂਰ ਹੀ ਰਿਹਾ। ਇਸੇ ਦੌਰਾਨ ਕਲਾਨੌਰ ਨੇੜਲੇ ਪਿੰਡ ਅਰਲੀ ਭੰਨ ’ਚ ਉਹ ਪਟਵਾਰੀ ਲੱਗ ਗਿਆ, ਪਰ ਇਹ ਕਿੱਤਾ ਵੀ ਉਸ ਦੇ ਮਨ ਨੂੰ ਰਾਸ ਨਾ ਆਇਆ। ਗੱਲ ਕੀ, ਪ੍ਰੇਮ ਨਗਰ ਬਟਾਲਾ ਅਤੇ ਸਟੇਟ ਬੈਂਕ ਇੰਡੀਆ ਚੰਡੀਗੜ੍ਹ ਦੀ ਕਲਰਕੀ ਵੀ ਉਸ ਦੀ ਵਹਿੰਦੀ ਕਲਮ ਦੀ ਰਵਾਨਗੀ ’ਚ ਰੁਕਾਵਟ ਨਾ ਬਣ ਸਕੀ।

ਵਾਰਿਸ ਸ਼ਾਹ ਤੋਂ ਬਾਅਦ ਮਹਿਫ਼ਲਾਂ ਦਾ ਸ਼ਿੰਗਾਰ ਬਣਨ ਵਾਲਾ ਪੰਜਾਬੀ ਜ਼ੁਬਾਨ ਦਾ ਮਹਿਬੂਬ ਸ਼ਾਇਰ ਸਿਰਫ਼ ਸ਼ਿਵ ਬਟਾਲਵੀ ਹੀ ਸੀ।ਆਜ਼ਾਦੀ ਤੋਂ ਬਾਅਦ ਬਟਾਲੇ ਆਉਣ ਕਾਰਨ ਉਹ ਸ਼ਿਵ ਕੁਮਾਰ ਤੋਂ ਸ਼ਿਵ ਬਟਾਲਵੀ ਬਣ ਗਿਆ। ਅਮਰਜੀਤ ਗੁਰਦਾਸਪੁਰੀ ਅਨੁਸਾਰ ਸ਼ਿਵ ਨੇ ਆਪਣੇ ਘਰ ਨਾਲੋਂ ਜ਼ਿਆਦਾ ਰਾਤਾਂ ਆਪਣੇ ਮਿੱਤਰ ਬੇਲੀਆਂ ਦੇ ਘਰ ਗੁਜ਼ਾਰੀਆਂ। ਇਹ ਵੀ ਕਹਿੰਦੇ ਨੇ ਕਿ ਜਿਸ ਕੁੜੀ ਨੂੰ ਸ਼ਿਵ ਨੇ ਇਸ਼ਕ ਕੀਤਾ, ਉਹ ਉਸ ਨੂੰ ਛੱਡ ਕੇ ਵਿਦੇਸ਼ ਚਲੀ ਗਈ ਤੇ ਉਸੇ ਵਿਛੋੜੇ ਨੇ ਕਲਮ ਦਾ ਰੂਪ ਲੈ ਲਿਆ, ਜਿਸ ਸਦਕਾ ਉਸ ਨੂੰ ‘ਬਿਰਹਾ ਦਾ ਸੁਲਤਾਨ’ ਸ਼ਾਇਰ ਹੋਣ ਦਾ ਖ਼ਿਤਾਬ ਮਿਲਿਆ।



1965 ’ਚ ‘ਸੌਂਕਣ ਮੇਲੇ ਦੀ’ ਫ਼ਿਲਮ ਦੇ ਗੀਤ ਲਿਖਣ ਬਦਲੇ ਉਸ ਨੂੰ ਸ਼ੀਲਡ ਮਿਲੀ। 1968 ਦੇ ਅਕਤੂਬਰ ਮਹੀਨੇ ਉਹ ਬਟਾਲੇ ਦਾ ਪ੍ਰੇਮ ਨਗਰ ਛੱਡ ਆਪਣਾ ਵਹੁਟੀ ਅਰੁਣਾ ਨਾਲ ਚੰਡੀਗੜ੍ਹ ਚਲਾ ਗਿਆ।1960 ਤੋਂ 1973 ਤੱਕ ਦੇ ਉਸ ਦੇ ਕਾਵਿ ਸਫ਼ਰ ਦੌਰਾਨ ਉਸ ਨੇ 11 ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਸ ਨੇ ਆਪਣਾ ਪਲੇਠਾ ਕਾਵਿ ਸੰਗ੍ਰਹਿ ‘ਪੀੜਾਂ ਦੀ ਪਰਾਗਾ’ 1960 ’ਚ ਲਿਖਿਆ। 1961 ’ਚ ਉਸ ਦੀ ਦੂਜੀ ਕਾਵਿ ਪੁਸਤਕ ‘ਲਾਜਵੰਤੀ’ ਪ੍ਰਕਾਸ਼ਿਤ ਹੋਈ ਅਤੇ 1962 ’ਚ ਤੀਜੀ ਪੁਸਤਕ ‘ਆਟੇ ਦੀਆਂ ਚਿੜੀਆਂ’ ਬਾਜ਼ਾਰ ’ਚ ਆਈ। ਇਸੇ ਲੜੀ ਤਹਿਤ 1963 ’ਚ 25 ਨਜ਼ਮਾਂ, ਗੀਤਾਂ ਤੇ ਗ਼ਜ਼ਲਾਂ ਨਾਲ ਸ਼ਿੰਗਾਰੀ ਚੌਥੀ ਪੁਸਤਕ ‘ਮੈਨੂੰ ਵਿਦਾ ਕਰੋ’ ਤੋਂ ਬਾਅਦ ਅਗਲੇ ਸਾਲ 1964 ’ਚ 27 ਰਚਨਾਵਾਂ ਵਾਲੀ ‘ਦਰਦਮੰਦਾਂ ਦੀਆਂ ਆਹੀਂ’ ਵੀ ਆ ਚੁੱਕੀ ਸੀ। 1964 ’ਚ ਹੀ ਸ਼ਿਵ ਨੇ ਛੇਵੀਂ ਪੁਸਤਕ ‘ਬਿਰਹਾ ਤੂੰ ਸੁਲਤਾਨ’ ਨਾਲ ਹਾਜ਼ਰੀ ਲਵਾਈ। ਪੁਸਤਕ ਪ੍ਰਕਾਸ਼ਨ ਦੀ ਨਿਰੰਤਰਤਾ ਜਾਰੀ ਰੱਖਦਿਆਂ ਸ਼ਿਵ ਦੀ 1965 ’ਚ ਆਈ ਸੱਤਵੀਂ ਪੁਸਤਕ ‘ਲੂਣਾ’ ਨੂੰ ‘ਸਾਹਿਤ ਅਕਾਦਮੀ ਪੁਰਸਕਾਰ’ ਨਾਲ ਨਿਵਾਜਿਆ ਗਿਆ।ਉਸ ਤੋਂ ਬਾਅਦ 1970 ’ਚ 8ਵੀਂ ਪੁਸਤਕ ‘ਮੈਂ ਤੇ ਮੈਂ’, 1971 ’ਚ ਨੌਵੀਂ ‘ਆਰਤੀ’, ਦਸਵੀਂ ‘ਸੋਗ’ ਅਤੇ ਗਿਆਰ੍ਹਵੀਂ ਤੇ ਆਖ਼ਰੀ ਕਾਵਿ ਸੰਗ੍ਰਿਹ ‘ਅਲਵਿਦਾ’ ਹੈ।ਉਸ ਦੀਆਂ ਦੋ ਪੁਸਤਕਾਂ ਉਸ ਦੀ ਮੌਤ ਤੋਂ ਬਾਅਦ ਪ੍ਰਕਾਸ਼ਿਤ ਹੋਈਆਂ।

ਸ਼ਿਵ ਬਟਾਲਵੀ ਅਨੁਸਾਰ ਨਿੰਦਿਆ ਤੇ ਪ੍ਰਸੰਸਾ ਦੋ ਵਫ਼ਾਦਾਰ ਮਹਿਬੂਬਾਂ ਵਾਂਗ ਸਾਡੇ ਅੰਗ-ਸੰਗ ਰਹਿੰਦੀਆਂ ਹਨ। ਪ੍ਰੇਮ ਸੰਬੰਧਾਂ ’ਚੋਂ ਪੈਦਾ ਹੋਈ ਵਿਆਕੁਲਤਾ ਉਸ ਦੇ ਕਾਵਿ ਸੰਸਾਰ ਦਾ ਧੁਰਾ ਹੈ।ਉਹ ਪੰਜਾਬੀ ਸਾਹਿਤ ਜਗਤ ’ਚ ਕਵੀਆਂ ਦਾ ਕਵੀ ਤੇ ਗੀਤਕਾਰਾਂ ਦਾ ਗੀਤਕਾਰ ਹੋ ਨਿੱਬੜਿਆ।ਪੰਜਾਬੀ ਕਵਿਤਾ ਦਾ ਅਮਿੱਟ ਹਸਤਾਖ਼ਰ, ਪਿਆਰ, ਮੌਤ ਤੇ ਬਿਰਹਾ ਦਾ ਸੁਲਤਾਨ ਕਵੀ ਸੀ ਸ਼ਿਵ।ਉਸ ਦੇ ਸਮਕਾਲੀ ਕਵੀਆਂ ਵੱਲੋਂ ਰਸਾਲਿਆਂ ’ਚ ਉਸ ਦੇ ਖ਼ਿਲਾਫ਼ ਲਿਖਣ ਤੇ ਸਟੇਜਾਂ ’ਤੇ ਬੋਲਣ ਦੇ ਬਾਵਜੂਦ ਵੀ ਕੋਈ ਮੁਸ਼ਾਇਰਾ ਉਸ ਬਿਨ ਸੰਪੂਰਨ ਜਾਂ ਮੁਕੰਮਲ ਨਹੀਂ ਸੀ ਸਮਝਿਆ ਜਾਂਦਾ। ਉਸ ਅਨੁਸਾਰ ਆਪਣਾ ਸਭ ਤੋਂ ਵੱਡਾ ਨਿੰਦਕ ਤੇ ਪ੍ਰਸੰਸਕ ਉਹ ਆਪ ਹੀ ਸੀ।ਉਸ ਨੇ ਆਪਣਾ ਮਰਨਾ ਜਵਾਨੀ ’ਚ ਹੀ ਮਿੱਥ ਲਿਆ ਸੀ। ਘੋਰ ਨਿਰਾਸ਼ਾ ਦੇ ਆਲਮ ’ਚ ਸ਼ਿਵ ਨੇ ਕੁੱਤੇ, ਲੁੱਚੀ ਧਰਤੀ ਤੇ ਫਾਂਸੀ ਵਰਗੀਆਂ ਕਵਿਤਾਵਾਂ ਲਿਖੀਆਂ।

ਆਪਣਾ ਚੜ੍ਹਾਈ ਦੇ ਸਮੇਂ ਸ਼ਿਵ ਬਟਾਲਵੀ ਵਿਸ਼ਵ ਪੰਜਾਬੀ ਕਾਨਫ਼ਰੰਸ ’ਚ ਭਾਗ ਲੈਣ ਲਈ ਲੰਡਨ ਗਿਆ, ਜਿੱਥੇ ਉਸ ਦੇ ਮਿੱਤਰਾਂ ਤੇ ਪ੍ਰਸੰਸਕਾਂ ਨੇ ਉਸ ਨੂੰ ਸਿਰੇ ਦਾ ਸ਼ਰਾਬੀ ਬਣਾ ਦਿੱਤਾ।ਉਹ ਸ਼ਿਵ ਨੂੰ ਸ਼ਰਾਬ ਪਿਲਾਈ ਜਾਂਦੇ ਤੇ ਸ਼ਿਵ ਉਨ੍ਹਾਂ ਨੂੰ ਲਗਾਤਾਰ ਕਵਿਤਾਵਾਂ ਸੁਣਾਉਂਦਾ ਰਹਿੰਦਾ। ਸ਼ਰਾਬ ਉਸ ਦੇ ਖ਼ੂਨ ’ਚ ਇਸ ਕਦਰ ਰਚ ਗਈ ਕਿ ਇਹੀ ਸ਼ਰਾਬ ਉਸ ਦੇ ਜਿਗਰ ਨੂੰ ਲੈ ਬੈਠੀ। .

ਦਿਨੋਂ ਦਿਨ ਉਸ ਦੀ ਸਿਹਤ ’ਚ ਨਿਘਾਰ ਆਉਣਾ ਸ਼ੁਰੂ ਹੋ ਗਿਆ।ਉਸ ਦੇ ਮਨ ਅੰਦਰਲੇ ਬਾਗ਼ੀ ਵਿਚਾਰਾਂ ਦੀ ਅੱਗ ਨੂੰ ਉਹ ਸ਼ਰਾਬ ਨਾਲ ਬੁਝਾਉਣ ਦੀ ਕੋਸ਼ਿਸ਼ ਕਰਦਾ।ਸ਼ਰਾਬ ਪੀਣ ਮਗਰੋਂ ਉਹ ਹੋਰ ਜ਼ਿਆਦਾ ਨਿਮਰ ਹੋ ਜਾਂਦਾ। ਦਿਲ ਦੇ ਕਿਸੇ ਕੋਨੇ ਦੇ ਖ਼ਲਾਅ ਨੂੰ ਭਰਨ ਦੀ ਕੋਸ਼ਿਸ਼ ’ਚ ਸ਼ਰਾਬ ਪੀ ਕੇ ਉਹ ਹੋਰ ਕਵਿਤਾਵਾਂ ਲਿਖਦਾ ਰਹਿੰਦਾ। ਉਸ ਸਮੇਂ ਹੋਣ ਵਾਲੇ ਕਵੀ ਦਰਬਾਰਾਂ ’ਚ ਅੱਲ੍ਹੜ ਮੁਟਿਆਰਾਂ ਵੱਲੋਂ ਸ਼ਿਵ ਦੀ ਮੌਜੂਦਗੀ ਜਾਂ ਸ਼ਮੂਲੀਅਤ ਦੀ ਖ਼ਾਸ ਸਿਫ਼ਾਰਸ਼ ਹੁੰਦੀ ਸੀ। ਸ਼ਿਵ ਦੀ ਇੱਕ ਝਲਕ ਪੈਂਦਿਆਂ ਹੀ ਉਨ੍ਹਾਂ ਦੇ ਸੂਹੇ ਚਿਹਰੇ ਹੋਰ ਸੁਰਖ਼ ਹੋ ਜਾਂਦੇ ਸਨ। ਅੱਜ ਵੀ ਉਹ ਮੁਟਿਆਰਾਂ, ਜੋ ਆਪਣੀ ਪਿਛਲੀ ਉਮਰੇ ਧਰਤੀ ਦੇ ਕਿਸੇ ਕੋਨੇ ’ਚ ਬੈਠੀਆਂ ਹੋਣਗੀਆਂ, ਦੇ ਮਨਾਂ ’ਚ ਸ਼ਿਵ ਦਾ ਖ਼ਿਆਲ ਆਉਂਦਿਆਂ ਹੀ ਸਰਸ਼ਾਰ ਹੋ ਉੱਠਦੀਆਂ ਹੋਣਗੀਆਂ। ਸ਼ਿਵ ਕਹਿੰਦੈ ਕਿ ਸੈਂਕੜੇ ਔਰਤਾਂ ਉਸ ਦੀ ਜ਼ਿੰਦਗੀ ’ਚ ਆਈਆਂ ਪਰ ਉਨ੍ਹਾਂ ’ਚ ਸੰਪੂਰਨ ਔਰਤ ਕੋਈ ਨਹੀਂ ਮਿਲੀ। ਉਹ ਬਿਗਾਨਗੀ ’ਚੋਂ ਆਪਣਾ ਪਣ ਲੱਭਦਾ ਰਿਹਾ ਅਤੇ ਆਪਣਿਆਂ ’ਚੋਂ ਉਸ ਨੂੰ ਬਿਗਾਨੇ ਪਨ ਦੀ ਝਲਕ ਦਿਸਦੀ ਰਹੀ।

ਆਖ਼ਰੀ ਵਾਰ ਚੰਡੀਗੜ੍ਹ ਛੱਡਣ ਲੱਗਿਆਂ ਆਪਣੀ ਘਰਵਾਲੀ ਅਰੁਣਾ ਤੇ ਬੱਚਿਆਂ ਨਾਲ ਟੈਕਸੀ ’ਚ ਵਾਪਸ ਆਉਂਦਿਆਂ ਦੇ ਸ਼ਿਵ ਦੇ ਦਿਲ-ਦਿਮਾਗ ’ਚ ਪਤਾ ਨਹੀਂ ਕੀ ਆਇਆ ਕਿ ਸੈਕਟਰ 22 ਦੇ ਚੌਕ ਵਿਚ ਕਾਰ ਰੁਕਵਾ ਕੇ ਥੱਲੇ ਉੱਤਰ ਗਿਆ ਅਤੇ ‘ਕਦੇ ਵੀ ਮੁੜ ਤੇ ਨਹੀਂ ਆਉਣਾ ਇਸ ਪੱਥਰਾਂ ਦੇ ਸ਼ਹਿਰ ਵਿਚ’ ਕਹਿੰਦਿਆਂ ਉੱਥੇ ਥੁੱਕ ਕੇ ਉਸ ਨੇ ਆਪਣੇ ਦਿਲ ਦੀ ਭੜਾਸ ਕੱਢੀ ਸੀ। ਅੰਤ 6 ਮਈ 1973 ਦੇ ਕਾਲੇ ਐਤਵਾਰ ਨੂੰ ਅਰੁਣਾ ਦੇ ਘਰ ਵਿਖੇ ਸ਼ਿਵ ਬਟਾਲਵੀ ਦੀ ਵਿਲਕਦੀ ਤੇ ਕਲਪਦੀ ਆਤਮਾ ਤੇ ਰੂਹ ਸਦਾ ਲਈ ਸ਼ਾਂਤ ਹੋ ਗਈ ਅਤੇ ਉਸ ਦਾ ਨਾਂ ਪੰਜਾਬੀ ਸਾਹਿਤ ਜਗਤ ’ਚ ਹਮੇਸ਼ਾ ਲਈ ਅਮਰ ਹੋ ਗਿਆ। ਯਕੀਨਨ, ਜੇ 37 ਸਾਲ ਦੇ ਭਰ ਉਮਰੇ ਮੌਤ ਦਾ ਕਾਲ ਉਸ ਨੂੰ ਨਾ ਖੋਂਹਦਾ ਤਾਂ ਅੱਜ ਪੰਜਾਬੀ ਕਵਿਤਾ, ਪੰਜਾਬੀ ਸਾਹਿਤ ਦੀ ਤਸਵੀਰ ਕੁੱਝ ਹੋਰ ਹੁੰਦੀ।

# ਬਹਾਦਰ ਨੇਟਿਵ ਆਗੂ- ਪਾਊਂਡਮੇਕਰ



ਜਗਦੇਵ ਸਿੱਧੂ
403 351 1136

ਜਦੋਂ 16ਵੀਂ ਸਦੀ ਤੋਂ ਯੂਰਪ ਦੇ ਆਬਾਦਕਾਰ ਇਸ ਧਰਤੀ (ਜਿਸਨੂੰ ਉਹਨਾਂ ਨੇ ਕੈਨੇਡਾ ਦਾ ਨਾਂ ਦਿੱਤਾ) ਉਪਰ ਆਏ ਤਾਂ ਉਹਨਾਂ ਨੇ ਆਪਣੀ ਤਾਕਤ, ਚਲਾਕੀ, ਮਕਾਰੀ, ਧੱਕੇਸ਼ਾਹੀ ਅਤੇ ਸ਼ਾਤਰ ਨੀਤੀ ਨਾਲ ਇੱਥੇ ਮੁੱਢ-ਕਦੀਮਾਂ ਤੋਂ ਵਸਦੇ ਮੂਲ ਨਿਵਾਸੀਆਂ ਦੀਆਂ ਜ਼ਮੀਨਾਂ ’ਤੇ ਕਬਜ਼ਾ ਕਰਨਾ ਜਾਰੀ ਰੱਖਿਆ। ਮੂਲ ਨਿਵਾਸੀਆਂ ਤੋਂ ਉਹਨਾਂ ਦੀਆਂ ਜੱਦੀ-ਪੁਰਖੀ ਜ਼ਮੀਨਾਂ ਹਥਿਆ ਕੇ ਉਹਨਾਂ ਨੂੰ ਸੀਮਤ ਖੇਤਰਾਂ ਵਿੱਚ ਧੱਕ ਦਿੱਤਾ। ਇੱਕ-ਪਾਸੜ ਸੰਧੀਆਂ ਕਰਕੇ ਜ਼ਮੀਨਾਂ ਲਈਆਂ। ਮਗਰੋਂ ਸੰਧੀਆਂ ਦੀਆਂ ਸ਼ਰਤਾਂ ਦੀ ਉਲੰਘਣਾ ਕਰਕੇ ਬਚੇ-ਖੁਚੇ ਹੱਕ ਦੇਣ ਤੋਂ ਵੀ ਮੁਕਰਦੇ ਰਹੇ। ਨਤੀਜਾ ਇਹ ਹੋਇਆ ਕਿ ਜਿਹੜੇ ਮੂਲ ਨਿਵਾਸੀ ਖੁੱਲ੍ਹ ਕੇ ਵਿਚਰਦੇ ਸਨ, ਸ਼ਿਕਾਰ ਕਰਦੇ ਸਨ, ਵਿਸ਼ਾਲ ਦਰਿਆਵਾਂ, ਪਹਾੜਾਂ, ਜੰਗਲਾਂ, ਮੈਦਾਨਾਂ ਵਿੱਚ ਕੁਦਰਤੀ ਤੌਰ ’ਤੇ ਜੀਵਨ ਨਿਰਬਾਹ ਕਰਦੇ ਸਨ, ਰੱਜਕੇ ਖਾਂਦੇ ਸਨ, ਆਜ਼ਾਦੀ ਨਾਲ ਆਪਣੇ ਨਾਚ ਨਚਦੇ,ਗੀਤ ਗਾਉਂਦੇ ਅਤੇ ਕਹਾਣੀਆਂ ਸੁਣਾਉਂਦੇ ਸਨ, ਉਹਨਾਂ ਉਪਰ ਅਨੇਕਾਂ ਬੰਦਸ਼ਾਂ ਲਾ ਦਿੱਤੀਆਂ ਗਈਆਂ। ਉਹਨਾਂ ਦਾ ਸ਼ਿਕਾਰੀ ਜੀਵਨ ਤਬਾਹ ਕਰਕੇ, ਨਗੂਣੇ ਰਾਸ਼ਨ ’ਤੇ ਰੱਖਕੇ ਕਈ ਵਾਰ ਉਸ ਤੋਂ ਵੀ ਵਾਂਝੇ ਰੱਖ ਕੇ ਉਹਨਾਂ ਨੂੰ ਗ਼ਰੀਬੀ ਅਤੇ ਭੁੱਖਮਰੀ ਦੀ ਤਰਸਯੋਗ ਹਾਲਤ ਵਿੱਚ ਪੁਚਾ ਦਿੱਤਾ। ਇਸ ਧਰਤੀ ਦੇ ਅਸਲੀ ਮਾਲਕ ਭੁੱਖ ਨਾਲ ਮਰਨ ਲੱਗੇ।ਉਹ ਆਬਾਦਕਾਰਾਂ ਦੁਆਰਾ ਲਿਆਂਦੀਆਂ ਬੀਮਾਰੀਆਂ ਦਾ ਸ਼ਿਕਾਰ ਹੋਣ ਲੱਗੇ, ਬਾਹਰੋਂ ਆਉਂਦੀ ਸ਼ਰਾਬ(ਵਿਸਕੀ) ਦੇ ਆਦੀ ਹੋ ਕੇ ਪਰਿਵਾਰਕ ਅਤੇ ਕਬੀਲਿਆਈ ਜ਼ਿੰਦਗੀ ਵਿਗਾੜ ਬੈਠੇ। ਅਜਿਹੇ ਭੈੜੇ ਸਮਿਆਂ ਅੰਦਰ ਮੂਲ ਨਿਵਾਸੀ ਲੋਕਾਂ ਦੇ ਕੁਛ ਜਾਂਬਾਜ਼, ਅਣਖੀਲੇ,ਸੂਝਵਾਨ ’ਤੇ ਬਹਾਦਰ ਆਗੂ ਜਿੱਥੇ ਆਪਣੇ ਕਬੀਲੇ ਦੇ ਲੋਕਾਂ ਦੀ ਯੋਗ ਅਗਵਾਈ ਕਰਦੇ ਰਹੇ,ਆਬਾਦਕਾਰਾਂ ਦੀ ਕੂਟਨੀਤਕ ਧੱਕੇਸ਼ਾਹੀ ਦਾ ਸਿਆਣਪ ਅਤੇ ਧੜੱਲੇ ਨਾਲ ਟਾਕਰਾ ਕਰਦੇ ਰਹੇ,ਉੱਥੇ ਆਪਣੇ ਲੋਕਾਂ ਖਾਤਰ ਅਨੇਕਾਂ ਕਿਸਮ ਦੇ ਤਸੀਹੇ ਅਤੇ ਔਕੜਾਂ ਝਲਦੇ ਰਹੇ। ਅਜਿਹੇ ਸੂਰਬੀਰਾਂ ਵਿੱਚ ਲੂਈ ਰੀਲ,ਡੂਮੌਂਟ, ਪਾਊਂਡਮੇਕਰ, ਬਿਗਬੀਅਰ, ਕਰੋਅਫੁੱਟ ਤੇ ਹੋਰ ਕਈ ਨਾਂ ਵਰਨਣਯੋਗ ਹਨ। ਉਸ ਸਮੇਂ ਮੈਦਾਨੀ ਇਲਾਕਿਆਂ ਵਿੱਚ ਮੂਲ ਨਿਵਾਸੀ(ਕਰੀ,ਸਟੋਨੀ, ਬਲੈਕਫੁੱਟ ਵਗੈਰਾ) ਜ਼ਿਆਦਾਤਰ ਮੱਝਾਂ(ਬੱਫਲੋ,ਬੀਜ਼ਾਨ) ਦੇ ਸ਼ਿਕਾਰ ਤੇ ਨਿਰਭਰ ਸਨ।ਹਜ਼ਾਰਾਂ ਮੱਝਾਂ ਝੁੰਡ ਦੀ ਸ਼ਕਲ ਵਿੱਚ ਘੁੰਮਦੀਆਂ ਸਨ। ਇਹਨਾਂ ਨੂੰ ਕਾਬੂ ਕਰਕੇ ਸ਼ਿਕਾਰ ਕਰਨ ਦਾ ਇੱਕ ਤਰੀਕਾ ਇਹ ਸੀ ਕਿ ਮੱਝਾਂ ਨੂੰ ਘੇਰ ਕੇ ਕਿਸੇ ਖਾਸ ’ਵਾਗਲ’ ਵਿੱਚ ਵਾੜ ਦਿੱਤਾ ਜਾਂਦਾ ਸੀ ਜਿਥੋਂ ਇਹਨਾਂ ਦਾ ਬਚ ਕੇ ਨਿਕਲਣਾ ਮੁਸ਼ਕਲ ਹੁੰਦਾ ਸੀ। ਇੰਝ ਆਸਾਨੀ ਨਾਲ ਸ਼ਿਕਾਰ ਕਰ ਲਿਆ ਜਾਂਦਾ ਸੀ। ਅਜਿਹੇ ’ਵਾਗਲ’ ਬਨਾਉਣ ਵਾਲੇ ਨੂੰ ਕਰੀ ਭਾਸ਼ਾ ਵਿੱਚ ’ਪਿਤਿਕਵਾਹਾਨਾਪੀਵੀਯਨ’ਕਹਿੰਦੇ ਸਨ ਜਿਸ ਦਾ ਅੰਗਰੇਜ਼ੀ ਵਿੱਚ ਅਰਥ ਹੈ-’ਪਾਊਂਡਮੇਕਰ’ ਯਾਨੀ ’ਵਾਗਲ’ ਬਨਾਉਣ ਵਾਲਾ।ਸਾਡਾ ਇਹ ਨਾਇਕ ਇਸੇ ਨਾਂ ਨਾਲ ਜਾਣਿਆਂ ਜਾਂਦਾ ਸੀ।

ਪਾਊਂਡਮੇਕਰ ਦਾ ਜਨਮ 1840 ਦੇ ਨੇੜੇ-ਤੇੜੇ ਹੁਣ ਦੇ ਸਸਕੈਚਵਨ ਵਿਚਲੇ ਫੋਰਟ ਕਾਰਲਟਨ ਵਿੱਚ ਹੋਇਆ ਸੀ। ਉਸਦੀ ਮਾਂ ਫਰਾਂਸੀਸੀ ਖ਼ੂਨ ਵਾਲੀ ਕਰੀ ਅਤੇ ਪਿਤਾ ਸਟੋਨੀ ਕਬੀਲੇ ਦਾ ਸੀ।ਪਾਊਂਡਮੇਕਰ ਦਾ ਇੱਕ ਵੱਡਾ ਭਰਾ’ਯੈਲੋ ਮਡ ਬਲੈਂਕਟ’ਅਤੇ ਇੱਕ ਛੋਟੀ ਭੈਣ ਸੀ।ਉਹ ਅਜੇ ਛੋਟੀ ਉਮਰ ਦੇ ਸਨ ਜਦੋਂ ਮਾਤਾ ਪਿਤਾ ਚਲ ਵਸੇ। ਪਾਊਂਡਮੇਕਰ ਆਮ ਘੁੰਮਦਾ ਰਹਿੰਦਾ, ਦੂਜੇ ਕਬੀਲਿਆਂ ਦੇ ਘੋੜੇ ਚੁਰਾ ਲਿਆਉਂਦਾ ਨਾਲੇ ਦੁਸ਼ਮਣਾਂ ’ਤੇ ਛਾਪੇ ਮਾਰਦਾ। ਛੋਟੀ ਉਮਰ ਵਿੱਚ ਹੀ ਉਸਨੇ ਵਿਆਹ ਕਰਵਾ ਲਿਆ। ਉਸ ਦੀ ਦੂਜੀ ਸ਼ਾਦੀ ਉਸਦੀ ਸਾਲੀ ਨਾਲ ਹੋਈ। ਉਹ ਆਪਣੇ ਕਬੀਲੇ (ਬੈਂਡ) ਦੇ ਚੀਫ਼ ਰੈੱਡ ਫੀਜੈਂਟ ਦਾ ਸਲਾਹਕਾਰ ਬਣ ਗਿਆ। ਇੱਕ ਵਾਰ ਕਰੀ ਵਾਲਿਆਂ ਦੇ ਕੱਟੜ ਦੁਸ਼ਮਣ ਕਬੀਲੇ ਬਲੈਕਫੁੱਟ ਦਾ ਧੜੱਲੇਦਾਰ ਚੀਫ਼ ਕਰੋਅਫੁੱਟ ਸ਼ਾਂਤੀ ਦੀ ਪੇਸ਼ਕਸ਼ ਲੈ ਕੇ ਕਰੀ ਕੈਂਪ ਵਿੱਚ ਆਇਆ। ਉਸਦਾ ਬਣਦਾ ਸਵਾਗਤ ਹੋਇਆ।ਉਹ ਮੁੜਦੇ ਸਮੇਂ ਪਾਊਂਡਮੇਕਰ ਨੂੰ ਮੁਤਬੰਨਾ ਪੁੱਤਰ ਬਣਾਕੇ ਨਾਲ ਲੈ ਗਿਆ।ਕਰੋਅਫੁੱਟ ਦੇ ਓਲਡਮੈਨ ਰਿਵਰ ਕੈਂਪ ਵਿੱਚ 1873-74 ਦੀਆਂ ਸਰਦੀਆਂ ਬਿਤਾਉਣ ਮਗਰੋਂ ਪਾਊਂਡਮੇਕਰ ਘੋੜੇ ਅਤੇ ਹੋਰ ਸੁਗਾਤਾਂ ਸਣੇ ਕਰੋਅਫੁੱਟ ਦਾ ਸ਼ਾਂਤੀ-ਸੁਨੇਹਾ ਲੈ ਕੇ ਵਾਪਸ ਉੱਤਰ-ਪੂਰਬ ਵਿੱਚ ਆਪਣੇ ਕੈਂਪ ਵਿੱਚ ਆ ਗਿਆ। ਉਸਨੇ ਸਮਝ ਲਿਆ ਸੀ ਕਿ ਆਪਣੇ ਲ਼ੋਕਾਂ ਦੀ ਆਵਾਜ਼ ਬੁਲੰਦ ਕਰਨ ਲਈ ਸਾਰੇ ਫ਼ਸਟ ਨੇਸ਼ਨਾਂ ਦੇ ਕਬੀਲਿਆਂ ਅੰਦਰ ਏਕਤਾ ਹੋਣੀ ਜ਼ਰੂਰੀ ਹੈ।ਉਸ ਨੇ ਸਿਆਣਪ, ਦਲੀਲ ਅਤੇ ਠੰਢੇ ਦਿਮਾਗ਼ ਨਾਲ ਕਬੀਲੇ ਦੇ ਲੋਕਾਂ ਨੂੰ ਸ਼ੱਕ ਤੇ ਬੇ-ਵਿਸ਼ਵਾਸੀ ਦੀ ਹਾਲਤ ’ਚੋਂ ਬਾਹਰ ਕੱਢ ਕੇ ਏਕਤਾ ਕਰਨ ਲਈ ਮਨਾਇਆ। ਉਹ ਆਪਣੀ ਲਿਆਕਤ ਦਾ ਸਦਕਾ ਕਰੀ ਚੀਫ਼ ਬਣ ਗਿਆ।

ਪਾਊਂਡਮੇਕਰ ਸ਼ਾਂਤ-ਚਿੱਤ, ਵਿਚਾਰਸ਼ੀਲ,ਦਿਆਨਤਦਾਰ,ਦਿਆਲੂ ਅਤੇ ਦੂਜਿਆਂ ਦਾ ਖਿਆਲ ਰੱਖਣ ਵਾਲਾ ਲਾਇਕ ਮੁਖੀਆ ਸੀ।ਉਹ ਮਾਅਰਕੇ ਦਾ ਸ਼ਿਕਾਰੀ,ਚੰਗਾ ਢੋਲਕੀ ਅਤੇ ਮਾਹਰ ਕਹਾਣੀਵੇਤਾ ਸੀ। ਬੱਚਿਆਂ ਨੂੰ ਪਿਆਰ ਤੇ ਦੂਜਿਆਂ ਨੂੰ ਸਤਿਕਾਰ ਦਿੰਦਾ ਸੀ। ਛੇ ਫੁੱਟ ਛੇ ਇੰਚ ਲੰਮਾ ਪਾਊਂਡਮੇਕਰ ਸਰੀਰ ਦਾ ਪਤਲਾ ਪਰ ਤਕੜੇ ਜੁੱਸੇ ਵਾਲਾ ਇਨਸਾਨ ਸੀ।ਉਹ ਫੁਰਤੀਲੇ ਯੋਧੇ ਵਜੋਂ ਜਾਣਿਆਂ ਜਾਂਦਾ ਸੀ।ਮਗਰੋਂ ਜਾ ਕੇ ਉਹ ਨਿਪੁੰਨ ਰਾਜਨੀਤੀਵਾਨ ਅਤੇ ਬੇ-ਮਿਸਾਲ ਬੁਲਾਰਾ ਬਣਿਆ। 18 ਅਗਸਤ, 1876 ਵਾਲੇ ਦਿਨ ਲੈਫਟੀਨੈਂਟ ਗਵਰਨਰ,ਅਲੈਗਜ਼ੈਂਡਰ ਮੋਰਿਸ ਫੋਰਟ ਕਾਰਲਟਨ ਵਿਖੇ ਕਰੀ ਮੁਖੀਆਂ ਨਾਲ ਸੰਧੀ (ਟਰੀਟੀ-6) ਸਿਰੇ ਲਾਉਣ ਆਇਆ। ਪਾਊਂਡਮੇਕਰ ਨੇ ਨਿਧੜਕ ਹੋਕੇ ਆਪਣੇ ਲੋਕਾਂ ਦਾ ਪੱਖ ਪੇਸ਼ ਕਰਦਿਆਂ ਕਿਹਾ,’ਗਵਰਨਰ ਸਾਡੇ ਹਰੇਕ ਪਰਿਵਾਰ ਨੂੰ 640 ਏਕੜ ਦੇਣ ਦੀ ਗੱਲ ਕਰਦਾ ਹੈ।(ਉਹ ਭੁਲਦਾ ਹੈ ਕਿ) ਇਹ ਤਾਂ ਸਾਰੀ ਜ਼ਮੀਨ ਹੀ ਸਾਡੀ ਹੈ,ਅਸੀਂ ਜਿੰਨੀ ਮਰਜ਼ੀ ਰੱਖੀਏ----ਮੈਂ ਆਪਣੇ ਲ਼ੋਕਾਂ ਅਤੇ ਉਹਨਾਂ ਬੱਚਿਆਂ ਲਈ ਜੋ ਅਜੇ ਜੰਮਣੇ ਹਨ,ਉਹੀ ਅਧਿਕਾਰਾਂ ਤੇ ਸਹੂਲਤਾਂ ਦੀ ਜ਼ਾਮਨੀ ਪੱਕੀ ਕਰਵਾਉਣੀ ਚਾਹੁੰਦਾ ਹਾਂ ਜੋ ਗੋਰੇ (ਭਾਵ ਯੂਰਪੀਅਨ ਮੂਲ ਦੇ) ਲੋਕਾਂ



ਨੂੰ ਮਿਲਣਗੀਆਂ।’ਉਸ ਦੀ ਜ਼ੋਰਦਾਰ ਤਕਰੀਰ ਦੇ ਅਸਰ ਹੇਠ ਮੋਰਿਸ ਨੂੰ ਮੰਨਣਾ ਪਿਆ ਕਿ ਹਰੇਕ ਪਰਿਵਾਰ ਨੂੰ ਇੱਕ ਮੁਰੱਬਾ ਮੀਲ ਜ਼ਮੀਨ ਮਿਲੇਗੀ, ਸਰਕਾਰ ਸਕੂਲ ਬਣਾਏਗੀ, ਖੇਤੀਬਾੜੀ ਲਈ ਸੰਦ,ਬੀਜ, ਪਸ਼ੂ ਵਗੈਰਾ ਮੁਹੱਈਆ ਕਰਵਾਏਗੀ ਅਤੇ ਭੈੜੇ ਸਮਿਆਂ ਵੇਲੇ ਹਰ ਕਿਸਮ ਦੀ ਲੋੜੀਂਦੀ ਸਹਾਇਤਾ ਪੁਚਾਵੇਗੀ। ਇਹ ਸਾਰੇ ਸਦਭਾਵਨਾ ਵਾਲੇ ਵਾਅਦਿਆਂ ਉਪਰ ਵਿਸ਼ਵਾਸ ਕਰ ਕੇ ਪਾਊਂਡਮੇਕਰ ਅਤੇ ਦੂਜੇ ਮੁਖੀਆਂ (ਚੀਫ਼ਾਂ) ਨੇ ਸੰਧੀ ਉਪਰ ਦਸਤਖਤ ਕਰ ਦਿੱਤੇ। 1879 ਵਿੱਚ ਪਾਊਂਡਮੇਕਰ ਅਤੇ ਉਸ ਦੇ ਕਰੀ ਲੋਕ ਬੈਟਲਫੋਰਡ ਦੇ ਲਾਗੇ ਬੈਟਲ ਰਿਵਰ ’ਤੇ ਰਿਜ਼ਰਵ ਵਿਖੇ ਆ ਗਏ ਅਤੇ ਖੇਤੀ ਕਰਨੀ ਸ਼ੁਰੂ ਕੀਤੀ। 1880 ਦੀ ਬਹਾਰ ਰੁੱਤੇ ਰਿਜ਼ਰਵ ਵਿਖੇ ਪਸ਼ੂ (ਗਊਆਂ ਵਗੈਰਾ), ਬੀਜ, ਅਤੇ ਸੰਦ ਪਹੁੰਚ ਗਏ।ਹੁਣ ਤਕ ਮੱਝਾਂ ਦੇ ਝੁੰਡ ਗ਼ਾਇਬ ਹੋ ਚੁੱਕੇ ਸਨ ਅਤੇ ਕਰੀ ਲੋਕ ਖ਼ਰਗੋਸ਼, ਹਿਰਨ, ਜੰਗਲੀ ਮੁਰਗੇ ਵਗੈਰਾ ਦਾ ਸ਼ਿਕਾਰ ਕਰਨ ਲੱਗੇ ਸਨ। ਭੁੱਖ ਪੂਰੀ ਕਰਨ ਲਈ ਏਨਾ ਸ਼ਿਕਾਰ ਕਾਫ਼ੀ ਨਹੀਂ ਸੀ। ਖੇਤੀ ਅਜੇ ਵਿਕਸਿਤ ਨਹੀਂ ਹੋਈ ਸੀ। ਉਧਰੋਂ ਸਰਕਾਰ ਵਾਅਦੇ ਮੁਤਾਬਕ ਬਣਦਾ ਰਾਸ਼ਨ ਦੇਣ ਤੋਂ ਕੰਨੀ ਕਤਰਾਉਣ ਲੱਗੀ। ਲੋਕ ਭੁੱਖੇ ਮਰਨ ਲੱਗੇ। ਨੌਜਵਾਨਾਂ ਅੰਦਰ ਗੁੱਸਾ’ਤੇ ਰੋਸ ਵਧਣ ਲੱਗਾ। ਉਹ ਬੇ-ਚੈਨ ਹੋ ਕੇ ਲੜਨ ਲਈ ਕਾਹਲੇ ਪੈਣ ਲੱਗੇ। 1885, ਮਾਰਚ ਦੇ ਮਹੀਨੇ ਬੈਟਲਫੋਰਡ ਵਿਖੇ ਸੱਤ ਕਰੀ ਰਿਜ਼ਰਵਾਂ ਦੁਆਰਾ ਬਗ਼ਾਵਤ ਦੀ ਖ਼ਬਰ ਆਈ। ਲੂਈ ਰੀਲ ਅਤੇ ਗੈਬਰੀਲ ਡੂਮੌਂਟ ਦੀ ਅਗਵਾਈ ਵਿੱਚ ਬਾਗ਼ੀਆਂ ਨੇ ਫਰੌਗ ਲੇਕ ਵਿਖੇ ਗੋਰੇ ਸਿਪਾਹੀਆਂ ਦੇ ਕੀਤੇ ਕਤਲੇਆਮ ਅਤੇ ਫੋਰਟ ਪਿਟ ਨੂੰ ਅੱਗ ਲਾ ਕੇ ਤਬਾਹ ਕਰਨ ਦੀਆਂ ਘਟਨਾਵਾਂ ਤੋਂ ਆਬਾਦਕਾਰ ਘਬਰਾ ਗਏ ਸਨ। ਇਹ ਮੌਕਾ-ਮੇਲ ਹੀ ਸੀ ਕਿ 30 ਮਾਰਚ ਨੂੰ ਪਾਊਂਡਮੇਕਰ ਭੁੱਖਮਰੀ ਦੇ ਸ਼ਿਕਾਰ ਕਬੀਲੇ ਵਾਸਤੇ ਰਾਸ਼ਨ,ਬੀਜ,ਸੰਦ ਵਗੈਰਾ ਦੀ ਮੰਗ ਕਰਨ ਵਾਸਤੇ ਅਤੇ ਇੰਡੀਅਨ ਏਜੰਟ ਜੌਹਨ ਰਾਇ ਨੂੰ ਕਬੀਲੇ ਵੱਲੋਂ ਬਗ਼ਾਵਤ ਵਿੱਚ ਹਿੱਸਾ ਨਾਂ ਲੈਣ ਦਾ ਯਕੀਨ ਕਰਾਉਣ ਵਾਸਤੇ ਬੈਟਲਫੋਰਡ ਆਇਆ। ਕੋਸ਼ਿਸ਼ ਦੇ ਬਾਵਜੂਦ ਉਸਨੂੰ ਰਾਇ ਨਾਲ ਨਾਂ ਮਿਲਣ ਦਿੱਤਾ ਗਿਆ। ਪਾਟੇ-ਪੁਰਾਣੇ ਕਪੜਿਆਂ ਨਾਲ ਢਕੇ ਹੋਏ ਭੁੱਖ ਨਾਲ ਬੇ-ਹਾਲ ਹੋਏ ਉਸ ਦੇ ਕਰੀ ਲੜਾਕੇ ਜਵਾਨ ਸਟੋਰ ਅਤੇ ਘਰ ਲੁੱਟ ਕੇ ਸਾਰੀ ਰਾਤ ਖਾਂਦੇ ਪੀਂਦੇ ਰਹੇ। ਖੇਤੀ ਮਾਹਿਰ,ਰਾਬਰਟ ਜੈਫਰਸਨ, ਪਾਊਂਡਮੇਕਰ ਦਾ ਜੀਜਾ, ਲਿਖਦਾ ਹੈ ਕਿ ’ਪਾਊਂਡਮੇਕਰ ਦੇ ਖਾੜਕੂਆਂ ਨੇ ਬਗ਼ਾਵਤ ਵਿੱਚ ਹਿੱਸਾ ਨਹੀਂ ਲਿਆ ਸਗੋਂ ਮੌਕੇ ਮੁਤਾਬਕ ਭੁੱਖ ਮਿਟਾਉਣ ਖਾਤਰ ਕਾਰਵਾਈ ਕਰਨੀ ਪਈ। ਇਸ ਸਮੇਂ ਲੂਈ ਰੀਲ ਦਾ ਦੂਤ’ਜੋਬਿਨ ਪਾਊਂਡਮੇਕਰ ਦੇ ਰਿਜ਼ਰਵ ’ਤੇ ਆਇਆ,ਉਸਦੇ ਜਵਾਨਾਂ ਨੂੰ ਬਗ਼ਾਵਤ ਵਿੱਚ ਸ਼ਾਮਲ ਕਰਨ ਲਈ।ਉਸਨੇ ਇਸ ਆਸ਼ੇ ਦੀ ਇੱਕ ਚਿੱਠੀ ਜੈਫਰਸਨ ਤੋਂ ਲਿਖਵਾਕੇ ਉਸ ਦੇ ਹੇਠਾਂ ਜ਼ਬਰਦਸਤੀ ਪਾਊਂਡਮੇਕਰ ਦਾ ਨਾਂ ਲਿਖਵਾ ਦਿੱਤਾ। ਇਹ ਸਰਾਸਰ ਗ਼ਲਤ ਚਿੱਠੀ ਸੀ।2 ਮਈ, 1885 ਨੂੰ ਕਰਨਲ ਓਟਰ 325 ਸਿਪਾਹੀ ਲੈ ਕੇ ਪਾਊਂਡਮੇਕਰ ਨੂੰ ਕੁਚਲਣ ਵਾਸਤੇ ਕਟ ਨਾਈਫ ਹਿੱਲ ਦੀ ਢਲਾਨ ਤੇ ਜਾ ਪਹੁੰਚਿਆ ਜਿੱਥੇ ਕੁੱਲ 50 ਕਰੀ ਖਾੜਕੂਆਂ ਨੇ ਉਸਦੇ ਫੌਜੀਆਂ ਨੂੰ ਘੇਰ ਲਿਆ। ਓਟਰ ਪਿੱਛੇ ਹਟ ਗਿਆ।ਪਾਊਂਡਮੇਕਰ ਨੇ ਆਪਣੇ ਲੜਾਕੂਆਂ ਨੂੰ ਪਿੱਛਾ ਕਰਨ ਤੋਂ ਰੋਕਿਆ।ਜੋਬਿਨ ਇੱਕ ਵਾਰ ਫੇਰ ਪਾਊਂਡਮੇਕਰ ਤੋਂ ਇਮਦਾਦ ਵਜੋਂ ਲੜਾਕੂ ਜਵਾਨ ਲੈਣ ਲਈ ਆਇਆ ਤਾਂ ਪਾਊਂਡਮੇਕਰ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ ਤਾਂ ਆਪਣੇ ਪਰਿਵਾਰ ਸਮੇਤ ਪਹਾੜਾਂ ਵੱਲ ਜਾ ਰਿਹਾ ਹੈ। ਹਥਿਆਰਬੰਦ ਬਾਗ਼ੀ ਉਸ ਨੂੰ ਕਬੀਲੇ ਦੇ ਲੋਕਾਂ ਸਣੇ ਰੀਲ ਦੇ ਟਿਕਾਣੇ ਵੱਲ ਲੈ ਗਏ।ਪਾਊਂਡਮੇਕਰ ਨੇ ਇੱਥੇ ਵੀ ਜੈਫਰਸਨ, ਮਿਸ਼ਨਰੀ ਫਾਦਰ ਕੋਚੀਨ ਅਤੇ ਹੋਰ ਅਨੇਕਾਂ ਕੈਦੀਆਂ ਦੀ ਸੁਰੱਖਿਆ ਯਕੀਨੀ ਬਣਾਈ ਰੱਖੀ। ਬੈਟਲਫੋਰਡ ਦੇ ਕੋਈ 100 ਕਿ.ਮੀ. ਦੱਖਣ ਵੱਲ ਈਗਲ ਹਿੱਲ ਦੇ ਸਥਾਨ ’ਤੇ ਪਹੁੰਚ ਕੇ ਲੂਈ ਰੀਲ ਦੇ ਆਤਮ-ਸਮਰਪਣ ਦੀ ਖ਼ਬਰ ਮਿਲੀ।ਇਸ ਥਾਂ ਪਾਊਂਡਮੇਕਰ ਨੇ ਆਪਣੀ ਕੌਂਸਲ ਨੂੰ ਲੜਾਈ ਬੰਦ ਕਰਨ ਦੀ ਸਲਾਹ ਦਿੰਦਿਆਂ ਕਿਹਾ,’ਮੈਂ ਮੇਰੇ ਕਿਸੇ ਕਸੂਰ ਕਰ ਕੇ ਆਪਣੇ ਕਬੀਲੇ ਦੇ ਜੀਆਂ ਸਮੇਤ ਬੱਚਿਆਂ ਨੂੰ ਮਰਦੇ ਅਤੇ ਖ਼ੂਨ ਦਆਂ ਨਦੀਆਂ ਨਹੀਂ ਵੇਖਣਾ ਚਾਹੁੰਦਾ। ਇਸ ਨਾਲੋਂ ਤਾਂ ਮੈਂ ਆਤਮ-ਸਮਰਪਣ ਕਰ ਕੇ ਫਾਂਸੀ ਦੀ ਸਜ਼ਾ ਭੁਗਤਣ ਨੂੰ ਤਰਜੀਹ ਦਿਆਂਗਾ।’ਉਸ ਨੇ ਸ਼ਰਤਾਂ ਅਧੀਨ ਆਤਮ-ਸਮਰਪਣ ਕਰਨ ਦੇ ਮਜ਼ਮੂਨ ਵਾਲਾ ਪੱਤਰ ਜੈਫਰਸਨ ਦੇ ਹੱਥ ਭੇਜਿਆ ਪਰ ਮਿਡਲਟਨ ਨੇ ਇਸਨੂੰ ਠੁਕਰਾ ਦਿੱਤਾ। ਖ਼ੂਨ-ਖਰਾਬੇ ਨੂੰ ਟਾਲਣ ਲਈ ਪਾਊਂਡਮੇਕਰ ਨੇ ਆਪਣੀ ਰਾਈਫਲ ਮਿਡਲਟਨ ਨੂੰ ਫੜਾ ਕੇ ਦੋਸਤੀ ਦਾ ਹੱਥ ਵਧਾਇਆ ਜਿਸ ਨੂੰ ਮਿਡਲਟਨ ਨੇ ਬੇ-ਰੁਖੀ ਨਾਲ ਠੁਕਰਾ ਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। 4 ਜੁਲਾਈ, 1885,ਨੂੰ ਪਾਊਂਡਮੇਕਰ ਨੂੰ ਉਸ ਦੇ ਕਈ ਸਾਥੀ ਨੇਟਿਵ ਆਗੂਆਂ ਸਮੇਤ ਮੁਕੱਦਮਾ ਭੁਗਤਣ ਲਈ ਰਿਜਾਈਨਾ ਭੇਜ ਦਿੱਤਾ। ਪਾਊਂਡਮੇਕਰ ਨੇ ਆਪਣੇ ’ਤੇ ਲੱਗੇ ਘੋਰ ਅਪਰਾਧ ਅਤੇ ਰਾਜ-ਧਰੋਹ ਦੇ ਦੋਸ਼ਾਂ ਤੋਂ ਬੇ-ਗੁਨਾਹ ਹੋਣਾ ਦੱਸਿਆ। ਛੇ ਗਵਾਹ ਉਸ ਦੇ ਹੱਕ ਵਿੱਚ ’ਤੇ ਨੌਂ ਖਿਲਾਫ਼ ਭੁਗਤੇ।ਉਸਦੇ ਵਕੀਲ ਬੈਵਰਲੀ ਰਾਬਰਟਸਨ ਨੇ ਇਹ ਵੀ ਦਲੀਲ ਦਿੱਤੀ ਕਿ ਲੜਾਈ ਦੇ ਸਮੇਂ ਦੌਰਾਨ ਪਾਊਂਡਮੇਕਰ ਦਾ ਬਤੌਰ ਚੀਫ਼ ਕੋਈ ਰੋਲ ਨਹੀਂ ਸੀ ਕਿਉਂਕਿ ਚਾਲੂ ਰਿਵਾਇਤ ਅਨੁਸਾਰ ਲੜਾਈ ਸਮੇਂ ਦਾ ਚੀਫ਼ ਹੋਰ ਹੁੰਦਾ ਹੈ ਸੋ ਪਾਊਂਡਮੇਕਰ ਬੇ-ਗੁਨਾਹ ਹੈ।ਬਲਕਿ ਉਹ ਤਾਂ ਅਮਨ ਅਤੇ ਤਰਕ ਦਾ ਆਦਮੀ ਹੈ। ਕੁਛ ਹੀ ਮਿੰਟਾਂ ਬਾਦ ਜਿਊਰੀ ਨੇ ਉਸਨੂੰ ਕਸੂਰਵਾਰ ਕਰਾਰ ਦੇ ਦਿੱਤਾ ਸੁਣਕੇ ਪਾਊਂਡਮੇਕਰ ਨੇ ਕਿਹਾ,’ਮੈਂ ਗੁਨਾਹਗਾਰ ਨਹੀਂ ਹਾਂ---ਜੇ ਮੈਂ ਲੜਾਈ ਲੜਨੀ ਹੁੰਦੀ ਤਾਂ ਮੈਂ ਹੁਣ ਇਸ ਥਾਂ ’ਤੇ ਨਾਂ ਹੁੰਦਾ---ਮੈਨੂੰ ਤੁਸੀਂ ਨਹੀਂ ਫੜਿਆ,ਮੈਂ ਆਪਣੇ-ਆਪ ਹਾਜ਼ਰ ਹੋਇਆ। ਤੁਸੀਂ ਮੈਨੂੰ ਇਸ ਲਈ ਫਸਾਇਆ ਕਿਉਂਕਿ ਮੈਂ ਅਮਨ ਚਾਹੁੰਦਾ ਸੀ।’ ਪਾਊਂਡਮੇਕਰ ਨੂੰ ਤਿੰਨ ਸਾਲ ਦੀ ਸਜ਼ਾ ਭੁਗਤਣ ਲਈ ਵਿੱਨੀਪੈੱਗ ਸਟੋਨੀ ਮਾਊਂਟੇਨ ਪੈਨੀਟੈਂਸ਼ੀਅਰੀ ਭੇਜ ਦਿੱਤਾ ਜਿੱਥੇ ਨੌਂ ਮਹੀਨੇ ਬਾਦ ਉਸਦੀ ਸਿਹਤ ਵਿਗੜ ਜਾਣ ਕਾਰਨ ਸਰਕਾਰ ਨੇ ਬਾਕੀ ਦੀ ਸਜ਼ਾ ਮਾਫ਼ ਕਰਕੇ ਉਸਨੂੰ ਰਿਹਾਅ ਕਰ ਦਿੱਤਾ।ਪਾਊਂਡਮੇਕਰ ਬੈਟਲਫੋਰਡ ਕੋਲ ਆਪਣੇ ਰਿਜ਼ਰਵ ਤੇ ਚਲਾ ਗਿਆ ਪਰ ਸਰਕਾਰ ਨੇ ਉਸਨੂੰ ਬਤੌਰ ਚੀਫ਼ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ।ਉਹ ਪਰਿਵਾਰ ਸਮੇਤ 7 ਮਈ,1886 ਨੂੰ ਆਪਣੇ ਧਰਮ-ਪਿਤਾ ਕਰੋਅਫੁੱਟ ਪਾਸ ਚਲਾ ਗਿਆ। ਅਗਲੇ ਕੁਛ ਹਫ਼ਤਿਆਂ ਵਿੱਚ ਉਸ ਦੀ ਸਿਹਤ ਕਾਫ਼ੀ ਠੀਕ ਹੋ ਗਈ। ਬਲੈਕਫੁੱਟ ਕਬੀਲਿਆਂ ਦੇ ਸਾਲਾਨਾ ਨਾਚ ’ਸਨ-ਡਾਨਸ’ਮੌਕੇ 4 ਜੁਲਾਈ ਨੂੰ ਪਾਊਂਡਮੇਕਰ ਅਚਾਨਕ ਡਿੱਗ ਪਿਆ ਅਤੇ ਮਿੰਟਾਂ ਵਿੱਚ ਹੀ ਆਪਣੇ ਧਰਮ-ਪਿਤਾ ਦੀਆਂ ਟੱਡੀਆਂ ਹੋਈਆਂ ਅੱਖਾਂ ਸਾਹਮਣੇ ਹਮੇਸ਼ਾ ਲਈ ਖ਼ਾਮੋਸ਼ ਹੋਗਿਆ। ਉਹ 44 ਸਾਲ ਦਾ ਸੀ। ਉਸਦੀ ਦੇਹ ਨੂੰ ਬੋਅ ਰਿਵਰ ਦੇ ਲਾਗੇ ਬਲੈਕਫੁੱਟ ਕਰਾਸਿੰਗ ਦੇ ਥਾਂ ’ਤੇ ਦਫ਼ਨਾਇਆ ਗਿਆ।ਮਗਰੋਂ 1967 ਵਿੱਚ ਕਰੀ ਨੇਟਿਵਾਂ ਦੁਆਰਾ ਆਪਣੇ ਇਸ ਬਹਦਰ ਹਰਮਨ ਪਿਆਰੇ ਆਗੂ ਦੀ ਦੇਹ ਨੂੰ ਇੱਥੋਂ ਕੱਢ ਕੇ ਕਟ-ਨਾਈਫ਼-ਹਿੱਲ ਦੀ ਢਲਾਨ ’ਤੇ ਮੁੜ ਦਫਨਾਇਆ ਗਿਆ।ਪਾਊਂਡਮੇਕਰ ਕਰੀ ਨੇਸ਼ਨ ਅਤੇ ਦੂਜੇ ਫ਼ਸਟ ਨੇਸ਼ਨਾਂ ਦੇ ਵਡੇਰਿਆਂ ਅਤੇ ਆਗੂਆਂ ਦੀਆਂ ਕੋਸ਼ਿਸ਼ਾਂ ਸਦਕਾ ਆਖਰਕਾਰ ਪਰਧਾਨ ਮੰਤਰੀ ਜਸਟਿਨ ਟਰੂਡੋ ਨੇ 23 ਮਈ, 2019 ਨੂੰ, ਪਾਊਂਡਮੇਕਰ ਨੂੰ ਪੁਨਰਸਥਾਪਨ (ਐਗਜ਼ੋਨਰੇਟ) ਕਰਕੇ ਉਸਦਾ ਬਣਦਾ ਸਨਮਾਨ ਬਹਾਲ ਕਰ ਦਿੱਤਾ।ਇੱਕ ਔਪਚਾਰਿਕ ਸਮਾਰੋਹ ਦੌਰਾਨ ਪਊਂਡਮੇਕਰ ਕਰੀ ਨੇਸ਼ਨ ਦੇ ਵਡੇਰਿਆਂ, ਆਗੂਆਂ (ਚੀਫ਼ਾਂ) ਅਤੇ ਪਾਊਂਡਮੇਕਰ ਦੇ ਵਾਰਸਾਂ ਦੀ ਭਰਵੀਂ ਹਾਜ਼ਰੀ ਵਿੱਚ ਟਰੂਡੋ ਨੇ ਪਊਂਡਮੇਕਰ ਦੀ ਇਹ ਸ਼ਬਦਾਂ ਵਿੱਚ ਸਿਫ਼ਤ ਕੀਤੀ ਕਿ ਉਸਨੇ ਹਮੇਸ਼ਾ ਸ਼ਾਂਤੀ ਕਾਇਮ ਕਰਨ ਦੇ ਅਣਥੱਕ ਯਤਨ ਕੀਤੇ।

ਟਰੂਡੋ ਨੇ ਕਿਹਾ,’ਅਸੀਂ ਮੰਨਦੇ ਹਾਂ ਕਿ ਪਾਊਂਡਮੇਕਰ ਨਾਲ ਬੇ-ਇਨਸਾਫ਼ੀ ਕਰਕੇ ਦਿੱਤੀ ਸਜ਼ਾ ਅਤੇ ਜੇਹਲ ਭੇਜਣ ਦੇ ਫੈਸਲੇ ਨੇ ਪਾਊਂਡਮੇਕਰ ਕਰੀ ਨੇਸ਼ਨ ਉੱਪਰ ਬੇਅੰਤ ਭੈੜਾ ਅਸਰ ਪਾਇਆ ਜੋ ਅਜੇ ਤੱਕ ਹੈ। ਮੈਂ ਇੱਥੇ ਕੈਨੇਡਾ ਸਰਕਾਰ ਵੱਲੋਂ ਬਿਨਾਂ ਕਿਸੇ ਝਿਜਕ ਦੇ ਤਸਦੀਕ ਕਰਦਾ ਹਾਂ ਕਿ ਚੀਫ਼ ਪਾਊਂਡਮੇਕਰ ਕਿਸੇ ਵੀ ਜੁਰਮ ਜਾਂ ਗ਼ਲਤ ਵਤੀਰੇ ਤੋਂ ਪੂਰੇ ਤੌਰ’ਤੇ ਦੋਸ਼-ਮੁਕਤ ਹੈ। ਪਾਊਂਡਮੇਕਰ ਵਰਗੇ ਸੂਝਵਾਨ, ਸਿਰੜੀ ਅਤੇ ਦਲੇਰ ਆਗੂਆਂ ਦੇ ਕਾਰਨਾਮਿਆਂ ਅਤੇ ਕੁਰਬਾਨੀਆਂ ਦਾ ਸਦਕਾ ਅੱਜ ਮੂਲ-ਨਿਵਾਸੀ ਆਪਣੇ ਹੱਕਾਂ ਬਾਰੇ ਜਗਰੂਕ ਹੋ ਕੇ, ਜਥੇਬੰਦ ਤਰੀਕੇ ਨਾਲ ਸਰਕਾਰ \ਅਦਾਲਤਾਂ ਅੱਗੇ ਅਸਰਦਾਇਕ ਢੰਗ ਨਾਲ ਪੱਖ ਪੇਸ਼ ਕਰ ਰਹੇ ਹਨ।ਉਹਨਾਂ ਨੂੰ ਸਫਲਤਾ ਵੀ ਮਿਲ ਰਹੀ ਹੈ।ਆਪਣੀ ਧਰੋਹਰ ਤੇ ਮਾਣ ਕਰਦੇ ਹੋਏ ਹਰੇਕ ਖੇਤਰ ਵਿੱਚ ਅੱਗੇ ਆ ਕੇ ਕੈਨੇਡਾ ਦੇ ਸਰਬ-ਪੱਖੀ ਵਿਕਾਸ ਵਿੱਚ ਸ਼ਾਨਦਾਰ ਯੋਗਦਾਨ ਪਾ ਰਹੇ ਹਨ।

# ਗਲੈਮਰ ਦੀ ਗਰਦਿਸ਼ 'ਚ ਗੁਆਚ ਗਈਆਂ ਪੰਜਾਬੀ ਗਾਇਕੀ ਦੀਆਂ ਕਈ ਦੋਗਾਣਾ ਜੋੜੀਆਂ



ਮਨਜਿੰਦਰ ਸਿੰਘ ਸਰੌਦ
9463463136

– ਸਮਾਂ ਬੜਾ ਬਲਵਾਨ ਹੁੰਦੈ ,ਇਸ ਨੂੰ ਰੋਕਣਾ ਤਾਂ ਦੂਰ ਦੀ ਗੱਲ , ਕਈ ਵਾਰ ਇਸ ਦੇ ਨਾਲ ਤੁਰਨਾ ਵੀ ਨਾਮੁਮਕਨ ਹੋ ਜਾਂਦੈ । ਵਰ੍ਹਿਆਂ ਤੋਂ ਪੰਜਾਬੀ ਗਾਇਕੀ ਦੇ ਇਤਿਹਾਸ ਅੰਦਰ ਵੀ ਇਹੀ ਕੁਝ ਵੇਖਿਆ ਤੇ ਸੁਣਿਆ ਗਿਆ ਜਿਸ ਵੀ ਕਲਾਕਾਰ ਨੇ ਆਪਣੇ ਆਪ ਨੂੰ ਸਮੇਂ ਦੇ ਅਨੁਕੂਲ ਢਾਲ ਲਿਆ ਫਿਰ ਤਾਂ ਠੀਕ ਹੈ ਨਹੀਂ ਤਾਂ ਸਮੇਂ ਦੀਆਂ ਲੱਗੀਆਂ ਫੇਟਾਂ ਨੇ ਬਹੁਤ ਸਾਰੇ ਖਾਸਕਰ ਦੋਗਾਣਾ ਜੋੜੀ ਕਲਾਕਾਰਾਂ ਨੂੰ ਬੇਹੱਦ ਦਰਦ ਤੇ ਗਰਦਿਸ਼ ਭਰੀ ਜੀਂਦਗੀ ਜਿਊਣ ਲਈ ਮਜਬੂਰ ਕਰ ਦਿੱਤਾ । ਅੱਜ ਪੰਜਾਬੀ ਗਾਇਕੀ ਦੇ ਵਿਹੜੇ ਵਿਛ ਰਹੇ ਸੱਥਰਾਂ ਨੇ ਹਰ ਉਸ ਅੱਖ ਨੂੰ ਸੇਜਲ ਕਰ ਦਿੱਤੈ ਜਿਸ ਨੇ ਪੰਜਾਬੀ ਗਾਇਕੀ ਦੇ ਉਨ੍ਹਾਂ ਸੋਹਜ ਰੰਗਾਂ ਨੂੰ ਥੋੜ੍ਹਾ ਬਹੁਤ ਵੀ ਮਾਣਿਆ ਸੀ ਜਿਸ ਨੂੰ ਅਸਲ ਕਲਾਕਾਰੀ ਕਿਹਾ ਜਾਂਦਾ ਹੈ । ਸਰਦੂਲ ਸਿਕੰਦਰ ਤੋਂ ਲੈ ਕੇ ਸਤੀਸ਼ ਕੌਲ ਤੇ ਦਿਲਜਾਨ ਦੇ ਕਰੁਣਾਮਈ ਵਿਛੋੜੇ ਨੇ ਇਸ ਦੇ ਚਾਹੁਣ ਵਾਲਿਆਂ ਨੂੰ ਧੁਰ ਅੰਦਰੋਂ ਝੰਜੋੜ ਕੇ ਰੱਖ ਦਿੱਤਾ । ਖੈਰ ਇਹ ਕੁਦਰਤੀ ਵਰਤਾਰਾ ਹੈ ਜੋ ਆਇਆ ਹੈ ਉਸ ਨੇ ਇੱਕ ਨਾ ਇੱਕ ਦਿਨ ਜਾਣਾ ਹੀ ਹੁੰਦੈ , ਬਹੁਤਾ ਦੁੱਖ ਤਾਂ ਉਹ ਦਿੰਦੇ ਨੇ ਜੋ ਜੋਬਨ ਰੁੱਤੇ ਤੁਰ ਜਾਂਦੇ ਨੇ ।

ਗੱਲ ਸਰਦੂਲ ਸਿਕੰਦਰ ਤੇ ਅਮਰ ਨੂਰੀ ਦੀ ਦੋਗਾਣਾ ਜੋੜੀ ਤੋਂ ਸ਼ੁਰੂ ਕਰੀਏ ਤਾਂ ਉਹ ਉਸ ਵਿਛੜੀ ਰੂਹ ਨਾਲ ਇਨਸਾਫ ਹੋਵੇਗਾ । ਇਸ ਜੋੜੀ ਨੇ ਪੰਜਾਬੀ ਗਾਇਕੀ ਦੇ ਆਸਮਾਨ ਤੇ ਲਗਪਗ ਤਿੰਨ ਦਹਾਕੇ ਚਾਨਣ ਦੀਆਂ ਰਿਸ਼ਮਾਂ ਨੂੰ ਬਿਖੇਰੀ ਰੱਖਿਆ ਪਰ ਪਿਛਲੇ ਕੁਝ ਸਮੇਂ ਤੋਂ ਇਹ ਜੋੜੀ ਵੀ ਚਕਾਚੌਂਧ ਦੀ ਗਰਦਸ਼ ਭਰੀ ਹਨ੍ਹੇਰੀ ਦੇ ਵਿੱਚ ਗੁਆਚ ਗਈ ਪ੍ਰਤੀਤ ਹੁੰਦੀ ਸੀ ਇਹ ਗੱਲ ਸਰਦੂਲ ਨੇ ਆਪ ਵੀ ਮੰਨੀ ਸੀ ਕਿ ਮੈਂ ਹੁਣ ਕੀ ਗਾਵਾਂ ਜਿਸ ਦਾ ਮਤਲਬ ਸਾਫ ਸੀ ਕਿ ਜੋ ਮੈਂ ਗਾਉਣਾ ਚਾਹੁੰਦਾ ਹਾਂ ਉਸ ਨੂੰ ਕੋਈ ਸੁਣਨ ਨੂੰ ਤਿਆਰ ਹੀ ਨਹੀਂ ਤੇ ਜੋ ਅੱਜਕੱਲ੍ਹ ਸੁਣਿਆ ਜਾ ਰਿਹੈ ਉਸ ਨੂੰ ਮੈਂ ਗਾਉਣਾ ਨਹੀਂ ਚਾਹੁੰਦਾ । ਸੋ ਇਸ ਜੋੜੀ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਚੁੱਪ ਰਹਿਣਾ ਹੀ ਠੀਕ ਸਮਝਿਆ ਸੀ । ਇੱਕ ਵਾਰ ਮੁਲਾਕਾਤ ਦੌਰਾਨ ਸਰਦੂਲ ਨੇ ਬੇਬਾਕੀ ਨਾਲ ਆਖਿਆ ਸੀ ਕਿ ਅਸੀਂ ਇਸ ਚਕਾਚੌਂਧ ਤੇ ਗੰਧਲੀ ਹੋ ਚੁੱਕੀ ਗਾਇਕੀ ਦਾ ਹਿੱਸਾ ਨਹੀਂ ਬਣ ਸਕਦੇ । ਉਸ ਤੋਂ ਬਾਅਦ ਉਨ੍ਹਾਂ ਦੇ ਭਾਵੇਂ ਗੀਤ ਜਰੂਰ ਆਏ ਪਰ ਬਹੁਤ ਘੱਟ ।





ਮਨਜੀਤ ਰਾਹੀ ਤੇ ਦਲਜੀਤ ਕੌਰ ਦਾ ਮਾਲਵਾ ਖਿੱਤੇ ਦੇ ਅੰਦਰ ਆਪਣਾ ਇਕ ਮੁਕਾਮ ਹੁੰਦਾ ਸੀ ਇਸ ਜੋੜੀ ਤੋਂ ਬਿਨਾਂ ਕੋਈ ਵੀ ਪ੍ਰੋਗਰਾਮ ਅਧੂਰਾ ਮੰਨਿਆ ਜਾਂਦਾ ਸੀ । ਵਿਆਹ ਸ਼ਾਦੀਆਂ ਤੋਂ ਲੈ ਕੇ ਕਬੱਡੀ ਟੂਰਨਾਮੈਂਟ , ਲੋਹੜੀਆਂ ਤੇ ਇਸ ਜੋੜੀ ਦੀ ਹਾਜ਼ਰੀ ਜਰੂਰੀ ਮੰਨੀ ਜਾਂਦੀ ਸੀ । ਸਮੇਂ ਨੇ ਅਜਿਹੀ ਕਰਵਟ ਬਦਲੀ ਕਿ ਇਹ ਜੋੜੀ ਪਰਿਵਾਰਕ ਤੇ ਬਦਲੀਆਂ ਪ੍ਰਸਥਿਤੀਆਂ ਦੇ ਅਨੁਕੂਲ ਢਲ ਨਾ ਸਕੀ ਤੇ ਹੌਲੀ ਹੌਲੀ ਹਾਸ਼ੀਏ ਤੇ ਪਹੁੰਚ ਗਈ । ਅਵਤਾਰ ਸਿੰਘ ਚਮਕ ਤੇ ਅਮਨਜੋਤ ਨੇ ਜਿਸ ਸਮੇਂ ਪੰਜਾਬੀ ਗਾਇਕੀ ਦੀ ਦਹਿਲੀਜ਼ ਤੇ ਪੈਰ ਰੱਖਿਆ ਉਸ ਸਮੇਂ ਲੋਕੀਂ ਅਮਰ ਸਿੰਘ ਚਮਕੀਲੇ ਦੇ ਇਸ ਦੁਨੀਆਂ ਤੋਂ ਤੁਰ ਜਾਣ ਨੂੰ ਵੱਡਾ ਖਲਾਅ ਮੰਨਦੇ ਸਨ ਪਰ ਅਵਤਾਰ ਸਿੰਘ ਚਮਕ ਦੀ ਦਸਤਕ ਨੇ ਇੱਕ ਵਾਰ ਚਮਕੀਲੇ ਦੀ ਥਾਂ ਨੂੰ ਮੱਲਣ ਦਾ ਭਰਵਾਂ ਯਤਨ ਜਰੂਰ ਕੀਤਾ । ਉਸ ਸਮੇਂ ਦਾ ਇਕ ਹੈਰਾਨੀਜਨਕ ਤੱਥ ਇਹ ਹੈ ਕਿ ਇਸ ਜੋੜੀ ਵੱਲੋਂ ਗਾਇਆ 'ਕੌਣ ਗਰੀਬਾਂ ਦੇ ਨਾਲ ਰੱਖਦਾ ਸਾਂਝ ਪਿਆਰਾਂ ਦੀ' ਵਿਆਹਾਂ ਅੰਦਰ ਵੀ ਰੱਜ ਕੇ ਸੁਣਿਆ ਗਿਆ । ਹਰਪਾਲ ਠੱਠੇਵਾਲਾ ਤੇ ਮਨਜੀਤ ਕੌਰ ਵੀ ਗਲੈਮਰ ਭਰੀ ਗਾਇਕੀ ਦੇ ਅੱਗੇ ਟਿਕ ਨਾ ਸਕੇ ਉਨ੍ਹਾਂ ਦਾ ਵੀ ਮਾਝੇ ਦੀ ਧਰਤੀ ਤੇ ਆਪਣਾ ਵੱਖਰਾ ਸਥਾਨ ਸੀ ।




ਹਾਕਮ ਬਖਤੜੀਵਾਲਾ ਤੇ ਦਲਜੀਤ ਕੌਰ ਨੂੰ ਕੌਣ ਨਹੀਂ ਜਾਣਦਾ ਇਹ ਜੋੜੀ ਜਿੱਥੇ ਇੱਕ ਚੰਗੀ ਗਾਇਕ ਜੋੜੀ ਸੀ ਉੱਥੇ ਹੀ ਗੀਤਕਾਰੀ ਦੇ ਖੇਤਰ ਵਿੱਚ ਵੀ ਹਾਕਮ ਨੇ ਚੰਗਾ ਨਾਮਣਾ ਖੱਟਿਆ । ਇਸ ਗਾਇਕ ਜੋੜੀ ਦੇ ਗਾਏ ਗੀਤ ਲੰਮਾ ਸਮਾਂ ਪੰਜਾਬ ਦੀ ਫਿਜ਼ਾ ਅੰਦਰ ਗੂੰਜਦੇ ਰਹੇ ਤੇ ਪੰਜਾਬੀ ਸਰੋਤਿਆਂ ਨੇ ਇਨ੍ਹਾਂ ਦੇ ਗੀਤਾਂ ਨੂੰ ਰੱਜ ਕੇ ਮਾਣਿਆ ਤੇ ਰੂਹ ਨਾਲ ਸੁਣਿਆ । ਪਿਛਲੇ ਲੰਬੇ ਸਮੇਂ ਤੋਂ ਭਾਵੇਂ ਇਹ ਜੋੜੀ ਸਰੋਤਿਆਂ ਕੋਲੋਂ ਦੂਰ ਰਹੀ ਪਰ ਪਿਛਲੇ ਵਰ੍ਹੇ ਕੋਰੋਨਾ ਮਹਾਂਮਾਰੀ ਦੌਰਾਨ ਹਾਕਮ ਬਖਤੜੀ ਵਾਲੇ ਦੇ ਲਿਖੇ ਇਕ ਗੀਤ ਨੇ ਪੰਜਾਬੀ ਇੰਡਸਟਰੀ ਅੰਦਰ ਧੂਹ ਪੱਟ ਦਿੱਤੀ ਸੀ । ਫਕੀਰ ਚੰਦ ਪਤੰਗਾ ਤੇ ਸੁਚੇਤ ਬਾਲਾ ਦੀ ਜੋੜੀ ਨੂੰ ਕੌਣ ਭੁੱਲ ਸਕਦੈ , ਸੁਚੇਤ ਬਾਲਾ ਵੱਲੋਂ ਵਜਾਈ ਜਾਂਦੀ ਤਾੜੀ ਨੂੰ ਵੇਖਣ ਲੋਕ ਦੂਰੋਂ-ਦੂਰੋਂ ਪ੍ਰੋਗਰਾਮ ਵਿਚ ਪਹੁੰਚਦੇ ਸਨ । ਜਦ ਫਕੀਰ ਚੰਦ ਪਤੰਗਾ ਵੱਲੋਂ "ਨੀਂ ਮੈਂ ਪੁੱਤ ਤਾਂ ਜੱਟ ਦਾ ਸੀ" ਕਲੀ ਕੰਨ ਤੇ ਹੱਥ ਰੱਖ ਕੇ ਗਾਈ ਜਾਂਦੀ ਸੀ ਤਾਂ ਇੰਝ ਲੱਗਦਾ ਸੀ ਜਿਵੇਂ ਸਮੁੱਚੀ ਕਾਇਨਾਤ ਫਕੀਰ ਚੰਦ ਪਤੰਗਾ ਨੂੰ ਸੁਣਦੀ ਹੋਵੇ । ਅਫਸੋਸ ਇਹ ਜੋੜੀ ਵੀ ਲੰਬਾ ਸਮਾਂ ਲੋਕ ਦਿਲਾਂ ਤੇ ਰਾਜ ਕਰਨ ਤੋਂ ਬਾਅਦ ਅਲੋਪ ਹੋ ਗਈ ।




ਹਾਂ ਬਾਕੀਆਂ ਦੇ ਮੁਕਾਬਲੇ ਤੇ ਪੰਜਾਬੀ ਗਾਇਕੀ ਦੇ ਬਾਬਾ ਬੋਹੜ ਅਤੇ ਹੁਣ ਸੰਸਦ ਮੈਂਬਰ ਜਨਾਬ ਮੁਹੰਮਦ ਸਦੀਕ ਵੱਲੋਂ ਜਿਸ ਦਿਨ ਤੋਂ ਆਪਣੀ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ ਸੀ ਉਸ ਦਿਨ ਤੋਂ ਲੈ ਕੇ ਅੱਜ ਤਕ ਕਦੇ ਵੀ ਮੰਦਾ ਨਹੀਂ ਵੇਖਿਆ । ਪਹਿਲਾਂ ਰਣਜੀਤ ਕੌਰ ਤੇ ਉਸ ਤੋਂ ਬਾਅਦ ਸਹਿ ਕਲਾਕਾਰ ਸਾਥੀ ਬਦਲਦੇ ਰਹੇ ਪਰ ਮੁਹੰਮਦ ਸਦੀਕ ਦੀ ਆਵਾਜ ਦਾ ਦਮ ਖਮ ਉਸੇ ਤਰ੍ਹਾਂ ਬਰਕਰਾਰ ਰਿਹਾ ਜੋ ਅੱਜ ਵੀ ਜਾਰੀ ਹੈ ਤੇ ਪ੍ਰੋਗਰਾਮ ਵਿੱਚ ਚਾਲੂ ਹਨ । ਉਸੇ ਤਰ੍ਹਾਂ ਸਵ. ਦੀਦਾਰ ਸੰਧੂ ਦੀ ਜੋੜੀ ਨੇ ਵੀ ਕਦੇ ਮਾੜਾ ਮਾੜਾ ਸਮਾਂ ਨਹੀਂ ਸੀ ਵੇਖਿਆ । ਕਰਤਾਰ ਰਮਲਾ ਤੇ ਸੁਖਵੰਤ ਕੌਰ , ਜਸਵੰਤ ਸੰਦੀਲਾ ਤੇ ਪਰਮਿੰਦਰ ਸੰਧੂ ਵੀ ਉਮਰ ਦੇ ਹਿਸਾਬ ਨਾਲ ਚੰਗਾ ਗਾ ਗਏ । ਇਕ ਸਮਾਂ ਅਜਿਹਾ ਵੀ ਆਇਆ ਜਦ ਸਵ. ਰਾਜ ਬਰਾੜ ਦੇ ਨਾਲ ਅਨੀਤਾ ਸਮਾਣਾ ਨੇ ਆਪਣੀ ਆਵਾਜ਼ ਦੀ ਛਾਪ ਪੰਜਾਬੀ ਗਾਇਕੀ ਦੇ ਗਲਿਆਰਿਆਂ ਅੰਦਰ ਪੂਰੀ ਤਰ੍ਹਾਂ ਛੱਡੀ , ਪਰ ਇੱਥੇ ਵੀ ਵਖਤ ਬਦਲਦਿਆਂ ਦੇਰ ਨਾ ਲੱਗੀ , ਬਾਅਦ ਵਿੱਚ ਜੋ ਹਾਲਾਤ ਬਣੇ ਉਸ ਤੋਂ ਸਾਰੇ ਚੰਗੀ ਤਰ੍ਹਾਂ ਭਲੀ ਭਾਂਤੀ ਜਾਣੂ ਹਨ । ਜਿੱਥੇ ਕਈ ਦੋਗਾਣਾ ਜੋੜੀਆਂ ਇਸ ਸਮੇਂ ਮੰਦੀ ਦਾ ਸ਼ਿਕਾਰ ਹੋ ਕੇ ਆਪਣੇ ਘਰਾਂ ਵਿੱਚ ਆਰਾਮ ਕਰਨ ਲਈ ਮਜਬੂਰ ਹਨ ਉਥੇ ਹੀ ਕਈ ਚੰਗੇ ਗਵੱਈਏ ਮੰਦਹਾਲੀ ਦੇ ਚੱਲਦਿਆਂ ਇਸ ਸੰਸਾਰ ਤੋਂ ਕੂਚ ਕਰ ਗਏ । ਆਤਮਾ ਬੁੱਢੇਵਾਲੀਆ ਤੇ ਮਿਸ ਰੋਜ਼ੀ ਜ਼ਰੂਰ ਅਪਣੇ ਸਰੋਤਿਆਂ ਨੂੰ ਹਲਕਾ ਫੁਲਕਾ ਪੇਸ਼ ਕਰਨ ਦੇ ਲਈ ਯਤਨਸ਼ੀਲ ਰਹਿੰਦੇ ਹਨ । ਪੰਜਾਬੀ ਗਾਇਕੀ ਤੇ ਫਲਿਮ ਇੰਡਸਟਰੀ ਦੇ ਬਹੁਤ ਸਾਰੇ ਕਲਾਕਾਰ ਅਜਿਹੇ ਹਨ ਜੋ ਗੁੰਮਨਾਮੀ ਤੇ 'ਮੰਦੜੇ ਹਾਲੀਂ' ਵਾਲੀ ਜੀਂਦਗੀ ਜਿਉਂ ਰਹੇ ਹਨ । ਖ਼ਾਸ ਕਰ ਕਈ ਦੋਗਾਣਾ ਜੋੜੀਆਂ ਉਹ ਹਨ ਕਿ ਕਿਸੇ ਸਮੇਂ ਉਨ੍ਹਾਂ ਦੀ ਪੂਰੀ ਤੂਤੀ ਬੋਲਦੀ ਸੀ ਪਰ ਬਦਲੇ ਸਮੇਂ ਦਾ ਸੰਤਾਪ ਇਨ੍ਹਾਂ ਕਲਾਕਾਰਾਂ ਤੇ ਭਾਰੀ ਪੈ ਚੁੱਕਿਆ ਪ੍ਰਤੀਤ ਹੁੰਦਾ ਹੈ । ਭਾਵੇਂ ਕਿ ਆਪਣੇ ਤੌਰ ਤੇ ਇਨ੍ਹਾਂ ਕਲਾਕਾਰਾਂ ਵੱਲੋਂ ਬਦਲੇ ਸਮੇਂ ਦੇ ਨਾਲ ਚੱਲਣ ਦੀ ਵਾਹ ਜ਼ਰੂਰ ਲਾਈ ਗਈ ਹੋਵੇ ਪਰ ਪਰ ਇਨ੍ਹਾਂ ਫ਼ਨਕਾਰਾਂ ਦੀ ਗੁੰਮਨਾਮੀ ਭਰੀ ਜ਼ਿੰਦਗੀ ਤੇ ਅੱਜ ਇਕ ਸ਼ਿਅਰ ਹੂਬਹੂ ਢੁੱਕਦਾ ਹੈ ਕਿ "ਵਾਜਾਂ ਮਾਰੀਆਂ ਬੁਲਾਇਆ ਕਈ ਬਾਰ ਮੈਂ , ਪਰ ਕਿਸੇ ਨੇ ਮੇਰੀ ਗੱਲ ਨਾ ਸੁਣੀ" ਸੋ ਜਿੱਥੇ ਇਸ ਸਮੇਂ ਪੰਜਾਬੀ ਗਾਇਕੀ ਤੇ ਫਿਲਮ ਇੰਡਸਟਰੀ ਅੰਦਰ ਕਰੋੜਾਂ ਦੇ ਲੈਣ-ਦੇਣ ਹੁੰਦੇ ਹਨ ਉੱਥੇ ਹੀ ਬਹੁਤ ਸਾਰੇ ਕਲਾਕਾਰਾਂ ਨੂੰ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਜਿਊਣ ਲਈ ਮੁਸ਼ਕਲ ਭਰੇ ਹਾਲਾਤਾਂ ਨਾਲ ਜੰਗ ਲੜਨੀ ਪੈ ਰਹੀ ਹੈ ।




## ਹੁਣ ਬਜ਼ੁਰਗਾਂ ਨੂੰ ਉਹਨਾਂ ਦੇ ਪਰਿਵਾਰਿਕ ਮੈਂਬਰ ਖੁੱਲੇ ਮਾਹੌਲ ਵਿੱਚ ਮਿਲ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿਚਲੀਆਂ ਸਾਰੀਆਂ ਲੌਂਗ ਟਰਮ ਕੇਅਰ ਫੈਸਿਲਿਟੀਆਂ ਅਤੇ ਕੰਟਿਨਿਊਇੰਗ ਕੇਅਰ ਫੈਸਿਲਿਟੀਆਂ ਵਿੱਚ ਰਹਿਣ ਵਾਲੇ ਵਿਅਕਤੀਆਂ ਦੇ ਪਰਿਵਾਰ ਵਾਲਿਆਂ ਨੂੰ ਉਹਨਾਂ ਨਾਲ ਮਿਲਣ ਦੀ ਵਧੇਰੇ ਸੁਤੰਤਰਤਾ ਦਿੱਤੇ ਜਾਣ ਦਾ ਫੈਸਲਾ ਲਿਆ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਵੈਕਸਿਨੇਸ਼ਨ ਦੇ ਚੱਲਦਿਆਂ ਇਹ ਸੰਭਵ ਹੋ ਸਕਿਆ ਹੈ ਕਿ ਪਿਛਲੇ ਸਾਲ ਤੋਂ ਬੰਦ ਰਹਿਣ ਅਤੇ ਆਪਣਿਆਂ ਤੋਂ ਦੂਰ ਰਹਿਣ ਲਈ ਮਜਬੂਰ ਹੋਏ ਇਹਨਾਂ ਵਿਅਕਤੀਆਂ ਨੂੰ ਹੁਣ ਸੁਖ ਦਾ ਸਾਹ ਮਿਲ ਸਕੇਗਾ। ਇਹਨਾਂ ਕੇਅਰ ਫੈਸਿਲਿਟੀਆਂ ਵਿੱਚ ਰਹਿਣ ਵਾਲੇ ਸਾਰੇ ਵਿਅਕਤੀਆਂ ਨੂੰ ਹੁਣ 2 ਦੀ ਥਾਂ 4 ਪਰਿਵਾਰਕ ਮੈਂਬਰ ਮਿਲ ਸਕਣਗੇ ਅਤੇ ਫੈਸਿਲਿਟੀਆਂ ਤੋਂ ਬਾਹਰ ਮਿਲ ਸਕਣ ਭਾਵ ਆਊਟਡੋਰ ਮੀਟਿੰਗਾਂ ਵਾਸਤੇ 5 ਦੀ ਥਾਂ 10 ਵਿਅਕਤੀਆਂ ਨੂੰ ਮਿਲਣ ਦੀ ਆਗਿਆ ਹੋਵੇਗੀ। ਇਹ ਤਬਦੀਲੀਆਂ ਲਾਜ਼ਿਮ ਨਹੀਂ ਹੋਣਗੀਆਂ ਤੇ ਹਰੇਕ ਕੇਅਰ ਫੈਸਿਲਿਟੀ ਨੂੰ ਆਪਣੀ ਲੋੜ ਅਤੇ ਹਾਲਾਤ ਮੁਤਾਬਕ ਇਸ ਵਿੱਚ ਢਿੱਲ ਦੇਣ ਜਾਂ ਸਖ਼ਤੀ ਕਰਨ ਦੀ ਆਗਿਆ ਹੋਵੇਗੀ। ਇਹ ਢਿੱਲਾਂ ਆਉਂਦੀ 10 ਮਈ ਤੋਂ ਦੇਣ ਦਾ ਐਲਾਨ ਕੀਤਾ ਗਿਆ ਹੈ। ਸੂਬੇ ਦੀਆਂ ਇਹਨਾਂ ਕੇਅਰ ਫੈਸਿਲਿਟੀਆਂ ਵਿੱਚ 1200 ਦੇ ਕਰੀਬ ਵਿਅਕਤੀਆਂ ਦੀ ਮੌਤ ਹੋ ਚੁੱਕੀ ਦਰਜ ਹੋਈ ਹੈ।



Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ਼
• ਕਰੂਜਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
3650 Westwinds Drive NE,
Suite #105, Calgary AB T3J 0W9
E-mail:reservation@Tripsbooker.ca www.Tripsbooker.ca

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸਿਰਮੌਰ ਅਨੁਵਾਦਕ ਗੁਰੂਬਖ਼ਸ਼ ਉਰਫ਼ ਗੁਰਬਖ਼ਸ਼ ਸਿੰਘ ਫਰੈਂਕ



ਡਾ. ਲਾਭ ਸਿੰਘ ਖੀਵਾ
919417178487

ਡਾ. ਫਰੈਂਕ, ਦਰਅਸਲ, ਆਪਣੀ ਮੁੱਢਲੀ ਉਮਰੇ ਰੂਸੀ ਸਫ਼ਾਰਤਖਾਨਾ ਦਿੱਲੀ ਵਿਖੇ ਪ੍ਰੈੱਸ ਤੇ ਪਬਲੀਕੇਸ਼ਨ ਡਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚੂਟ ਆਫ ਓਰੀਐਂਟਲ ਸਟੱਡੀਜ਼ਡਾ. ਗੁਰਬਖ਼ਸ਼ ਸਿੰਘ ਫਰੈਂਕ ਨੂੰ ਪਹਿਲੀ ਵਾਰ ਪਾਰਟੀ ਲੇਖਕਾਂ ਦੀ ਇਕ ਮੀਟਿੰਗ ਵਿਚ ਮੈਂ ਵੇਖਿਆ/ ਮਿਲਿਆ ਸੀ, ਜਿਹੜੀ ਸੀ. ਪੀ. ਆਈ. ਦੇ ਸੂਬਾ ਦਫ਼ਤਰ ਚੰਡੀਗੜ੍ਹ ਵਿਖੇ ਪਾਰਟੀ ਸਕੱਤਰ ਮਰਹੂਮ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੇ ਸ਼ਾਇਦ 1978 ਵਿਚ ਬੁਲਾਈ ਸੀ। ਮੇਰੇ ਅਧਿਆਪਕ ਮਰਹੂਮ ਡਾ. ਰਵਿੰਦਰ ਸਿੰਘ ਰਵੀ ਵੀ ਹਾਜ਼ਰ ਸਨ। ਫਿਰ ਮੈਂ 1983-84 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਐੱਮ. ਫਿੱਲ੍ਹ ਦਾ ਵਿਦਿਆਰਥੀ ਬਣਿਆ ਤਾਂ ਉੱਥੇ ਮੇਰੇ ਅਧਿਆਪਕ ਡਾ. ਫਰੈਂਕ ਵੀ ਸਨ। ਦਸੰਬਰ 8, 1975 ਨੂੰ ਖ਼ਰੀਦੀ ਕਿਤਾਬ 'ਮੇਰਾ ਦਾਗਿਸਤਾਨ' ਦਾ ਅਨੁਵਾਦਕ ਗੁਰੂਬਖ਼ਸ਼ ਕਲਾਸ ਰੂਮ ਵਿਚ ਮੈਨੂੰ ਡਾ. ਗੁਰਬਖਸ਼ ਸਿੰਘ ਫਰੈਂਕ ਦੇ ਰੂਪ ਵਿਚ ਪੜ੍ਹਾ ਰਿਹਾ ਸੀ। ਦਾਖ਼ਲਾ-ਕਮੇਟੀ ਵਿਚ ਜੇਕਰ ਉਹ ਨਾ ਹੁੰਦੇ, ਸ਼ਾਇਦ ਦਾਖ਼ਲਾ-ਕ੍ਰਿਕਟ ਦੀ ਮੇਰੀ ਵਿਕਟ ਹਿੱਲ ਜਾਂਦੀ। ਬਸ ਫਿਰ ਦੋ ਸਾਲ ਉਨ੍ਹਾਂ ਦੀ ਖ਼ੂਬ ਸੰਗਤ ਮਾਣੀ, ਉਨ੍ਹਾਂ ਦੇ ਵਿਭਾਗੀ ਕਮਰੇ ਵਿਚ ਵੀ ਤੇ ਘਰ ਵੀ ਉਹ ਹੌਲੀ ਹੌਲੀ ਬੋਲਦੇ, ਬੋਲਣ ਵਿਚ ਵੀ ਸੰਜਮ, ਤੁਰਨ-ਫਿਰਨ 'ਚ ਵੀ ਕੰਜੂਸੀ। ਸੰਕੋਚੀ ਟਿੱਪਣੀ ਕਰਦੇ ਪਰ ਵਿਅੰਗ ਨਾਲ ਲਬਰੇਜ਼।

ਡਾ. ਫਰੈਂਕ, ਦਰਅਸਲ, ਆਪਣੀ ਮੁੱਢਲੀ ਉਮਰੇ ਰੂਸੀ ਸਫ਼ਾਰਤਖਾਨਾ ਦਿੱਲੀ ਵਿਖੇ ਪ੍ਰੈੱਸ ਤੇ ਪਬਲੀਕੇਸ਼ਨ ਡਵੀਜ਼ਨ ਵਿਚ ਮੁਲਾਜ਼ਮ ਸਨ। ਮਾਸਕੋ ਪ੍ਰਗਤੀ ਪ੍ਰਕਾਸ਼ਨ ਸਥਾਪਤ ਹੋਇਆ ਤਾਂ ਉਹ ਉੱਥੇ ਚਲੇ ਗਏ। ਇੰਸਟੀਚੂਟ ਆਫ ਓਰੀਐਂਟਲ ਸਟੱਡੀਜ਼ ਵਿਚ ਪੀ. ਐੱਚ. ਡੀ. ਕਰਨ ਲਈ ਉਨ੍ਹਾਂ ਪਹਿਲਾਂ ਰੂਸੀ ਭਾਸ਼ਾ ਵਿਚ ਐੱਮ. ਏ. ਕੀਤੀ ਤੇ ਫਿਰ ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਉੱਤੇ ਖੋਜ ਕਰ ਕੇ ਅਕਾਦਮਿਕ ਡਾਕਟਰ ਬਣੇ। 1975 ਵਿਚ ਆਪਣਾ ਖੋਜ ਕਾਰਜ ਖ਼ਤਮ ਕਰਨ ਤੋਂ ਬਾਅਦ ਉਹ ਇੱਕੋ ਇਕ ਪਹਿਲੇ ਪੰਜਾਬੀ ਲੇਖਕ ਹਨ, ਜਿਨ੍ਹਾਂ 'ਰੂਸੀ-ਪੰਜਾਬੀ ਸ਼ਬਦਕੋਸ਼' ਤਿਆਰ ਕੀਤਾ। ਉਹ 1969 ਈ. ਤੋਂ 1976 ਤਕ ਸੋਵੀਅਤ ਯੂਨੀਅਨ ਵਿਖੇ ਅਨੁਵਾਦ ਦਾ ਕਾਰਜ ਕਰਦੇ ਰਹੇ ਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪ੍ਰੋਫੈਸਰ ਬਣਨ ਤੋਂ ਬਾਅਦ ਇਕ ਵਾਰ ਫਿਰ ਉਨ੍ਹਾਂ ਮਾਸਕੋ ਜਾ ਕੇ ਇਕ ਪ੍ਰੋਜੈਕਟ ਉੱਤੇ



ਕੰਮ ਕੀਤਾ। 1995 ਤਕ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਚੇਅਰਮੈਨਸ਼ਿੱਪ ਕਰਦਿਆਂ ਸੇਵਾ-ਮੁਕਤ ਹੋਏ। ਸੱਭਿਆਚਾਰ ਤੇ ਨਿੱਕੀ ਕਹਾਣੀ ਉਨ੍ਹਾਂ ਦੇ ਅਧਿਆਪਨ ਤੇ ਖੋਜ ਦੇ ਖੇਤਰ ਰਹੇ। 'ਸੱਭਿਆਚਾਰ ਤੇ ਪੰਜਾਬੀ ਸੱਭਿਆਚਾਰ', 'ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ', 'ਸਾਹਿਤ ਦੀ ਸੰਬਾਦਕਤਾ ਅਤੇ ਹੋਰ ਲੇਖ', ਅਤੇ 'ਸੰਬਾਦ-1 1984', ਸਿਰਲੇਖ ਦੀਆਂ ਪੁਸਤਕਾਂ ਉਨ੍ਹਾਂ ਦੇ ਅਧਿਆਪਨ-ਜੀਵਨ ਦੀ ਦੇਣ ਹਨ। ਵਾਸਤਵ ਵਿਚ, ਡਾ. ਫਰੈਂਕ ਦੀ ਦਿਲਚਸਪੀ ਤੇ ਪੇਸ਼ੇਵਰ-ਸ਼ੌਕ ਅਨੁਵਾਦ ਦਾ ਰਿਹਾ। ਉਨ੍ਹਾਂ ਰੂਸੀ ਲੇਖਕ ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਦੀ ਸਾਂਝ ਰੂਸੀ ਸਾਹਿਤ ਨਾਲ ਪੁਆਈ। ਟਾਲਸਟਾਏ, ਗੋਰਕੀ, ਚੈਖ਼ਵ, ਰਸੂਲ ਹਮਜ਼ਾਤੋਵ, ਪੁਸ਼ਕਿਨ ਆਦਿ ਲੇਖਕਾਂ ਦੇ ਸਾਹਿਤ ਤਕ ਡਾ. ਫਰੈਂਕ ਦੇ ਸਰਲ ਅਤੇ ਮਿਆਰੀ ਅਨੁਵਾਦ ਸਦਕਾ ਹੀ ਪੰਜਾਬੀ ਪਾਠਕ ਦੀ ਰਸਾਈ ਹੋ ਸਕੀ। ਕਮਿਊਨਿਸਟ ਸਾਹਿਤ ਅਤੇ ਮਾਰਕਸਵਾਦੀ ਫਲਸਫ਼ੇ ਦੀਆਂ ਵੀ ਚੌਖੀਆਂ ਕਿਤਾਬਾਂ ਪੰਜਾਬੀ ਵਿਚ ਉਲਥਾਈਆਂ।

ਰੂਸੀ ਸਾਹਿਤ ਦੇ ਸਿਰਜਣਾਤਮਕ ਪਰਿਵੇਸ਼ ਦੀ ਮੌਲਿਕ ਸੂਝ ਨੇ ਡਾ. ਫਰੈਂਕ ਦੀ ਅਨੁਵਾਦਕ ਮੁਹਾਰਤ ਨੂੰ ਬਲ ਬਖਸ਼ਿਆ। ਜਿਸ ਕਰਕੇ ਉਨ੍ਹਾਂ ਦੀਆਂ ਅਨੁਵਾਦਿਤ ਪੁਸਤਕਾਂ ਵਿਚ ਉਪਰਾਪਨ ਪਾਠਕਾਂ ਨੂੰ ਮਹਿਸੂਸ ਨਹੀਂ ਹੁੰਦਾ ਅਤੇ ਭਾਸ਼ਾਈ ਮੌਲਿਕਤਾ ਦੇ ਅਹਿਸਾਸ ਕਰ ਕੇ ਪਾਠਕ ਲਈ ਪੁਸਤਕ ਪੜ੍ਹਨਯੋਗ ਤੇ ਮਾਨਣਯੋਗ ਲਗਦੀ ਹੈ। ਉਹ ਰੂਸੀ ਗਲਪ ਦੇ ਬਿਰਤਾਂਤਕ ਵਾਤਾਵਰਨ ਨੂੰ ਹੂਬਹੂ ਉਲਥਾਉਣ ਦੀ ਕਲਾਕਾਰੀ ਵਿਚ ਕਾਮਿਲ ਕਲਮਕਾਰ ਹਨ। ਟਾਲਸਟਾਏ ਦੀ 'ਪਾਦਰੀ ਸੇਰਗਈ' ਅਤੇ ਲੇਰਮੇਨਤੋਵ ਦੀ 'ਸਾਡੇ ਸਮੇਂ ਦਾ ਇਕ ਨਾਇਕ' ਉਨ੍ਹਾਂ ਦੀਆਂ ਅਨੁਵਾਦਿਤ ਦੋ ਹੋਰ ਕਿਤਾਬਾਂ ਵੀ ਜ਼ਿਕਰਯੋਗ ਹਨ। 'ਫ਼ਿਲਾਸਫੀ ਕੀ ਹੈ?' ਸਮੇਤ ਉਨ੍ਹਾਂ ਰੂਸੀ ਭਾਸ਼ਾ ਤੋਂ ਪੰਜਾਬੀ ਜ਼ੁਬਾਨ ਵਿਚ ਲਗਪਗ ਤਿੰਨ ਦਰਜਨ ਪੁਸਤਕਾਂ ਦਾ ਤਰਜਮਾ ਕੀਤਾ ਹੈ। ਰੂਸੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਤਕ ਪਰਪੱਕ ਪਹੁੰਚ ਸਦਕਾ ਡਾ. ਫਰੈਂਕ ਨੇ ਸਿਰਫ਼ ਰੂਸੀ ਸਾਹਿਤ ਤੇ ਦਰਸ਼ਨ ਦੀਆਂ ਕਲਾਸਿਕ ਪੁਸਤਕਾਂ ਦਾ ਹੀ ਅਨੁਵਾਦ ਨਹੀਂ ਕੀਤਾ, ਸਗੋਂ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ, ਆਬਿਦ ਹੁਸੈਨ ਆਦਿ ਦੀਆਂ ਲਿਖਤਾਂ ਨੂੰ ਵੀ ਪੰਜਾਬੀ ਪਾਠਕਾਂ ਤਕ ਦਸਤਯਾਬ ਕੀਤਾ



ਹੈ। ਉਨ੍ਹਾਂ ਦੀ ਅਨੁਵਾਦਕ ਕਲਾ ਨੂੰ ਮਾਣਤਾ ਦਿੰਦਿਆਂ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ 2012 ਵਿਚ ਕੌਮੀ ਪੁਰਸਕਾਰ ਦੇ ਕੇ ਉਨ੍ਹਾਂ ਨੂੰ ਸਨਮਾਨਿਆ ਹੈ।

ਉਨ੍ਹਾਂ ਦੀ ਉਲਥਾਈ ਪੁਸਤਕ 'ਭਾਰਤੀ ਨਿੱਕੀ ਕਹਾਣੀ' ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਸੀ। ਇਹ ਪੁਸਤਕ ਵਿਭਿੰਨ ਭਾਰਤੀ ਨਿੱਕੀ ਕਹਾਣੀਆਂ ਦਾ ਸੰਗ੍ਰਹਿ ਹੈ, ਜਿਹੜਾ ਭਾਰਤੀ ਵਿਭਿੰਨ ਭਾਸ਼ਾਵਾਂ ਦੀਆਂ ਕਥਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਕਮਰੇ ਤਕ ਸੀਮਤ ਹੋਈ ਦੁਨੀਆ:ਸਾਡਾ ਇਹ ਸਿਰਮੌਰ ਪੰਜਾਬੀ ਉਲੱਥਾਕਾਰ 85 ਸਾਲ ਦੀ ਉਮਰ ਵਿਚ ਆ ਕੇ ਆਪਣੇ ਕਮਰੇ ਤਕ ਸੀਮਤ ਹੋ ਗਿਆ ਹੈ। ਉਨ੍ਹਾਂ ਦੀ ਜੀਵਨ-ਸਾਥਣ, ਬੇਟੀ ਤੇ ਦਾਮਾਦ ਉਨ੍ਹਾਂ ਦੀ ਸੇਵਾ-ਸੰਭਾਲ ਕਰ ਰਹੇ ਹਨ। ਮੇਰੇ ਵਰਗੇ ਦੂਰ ਬੈਠੇ ਵਿਦਿਆਰਥੀ ਉਨ੍ਹਾਂ ਨੂੰ ਮਿਲਣ ਜਾਂਦੇ ਹਨ ਤਾਂ ਚਿਹਰੇ 'ਤੇ ਨੂਰ ਆ ਜਾਂਦਾ ਹੈ। ਆਓ, ਅਜਿਹੇ ਸਿਰੜੀ ਤੇ ਸਿਦਕੀ ਵਿਦਵਾਨ ਦੀ ਚੰਗੀ ਸਿਹਤ ਲਈ ਦੁਆਵਾਂ ਕਰੀਏ ਤੇ ਉਨ੍ਹਾਂ ਨੂੰ ਮਿਲਦੇ-ਗਿਲਦੇ ਰਹੀਏ। ਭਾਸ਼ਾ ਵਿਭਾਗ ਪੰਜਾਬ ਵਰਗੀਆਂ ਸੰਸਥਾਵਾਂ ਨੂੰ ਅਜਿਹੀ ਪਹਿਲਕਦਮੀ ਕਰਨੀ ਚਾਹੀਦੀ ਹੈ।

# ਕਿਸਾਨ ਅੰਦੋਲਨ ਬਨਾਮ ਜੰਗਨਾਮਾ- ਸ਼ਾਹ ਮੁਹੰਮਦ



ਸੁਖਵੀਰ ਸਿੰਘ ਕੰਗ

ਪੂਰੀ ਦੁਨੀਆਂ ਵਿੱਚ ਆਪਣੇ ਸ਼ਾਸਨ ਦਾ ਨਿਆਂ, ਦਯਾ ਅਤੇ ਸਿੱਖਿਆ ਦੇ ਖੇਤਰ ਸਮੇਤ ਬਹੁਤ ਸਾਰੇ ਸ਼ੁਭ ਕਾਰਜਾਂ ਦੀ ਸਫਲਤਾ ਦਾ ਲੋਹਾਂ ਮੰਨਵਾ ਕੇ ਰੱਖਣ ਵਾਲੇ ਸੁਤੰਤਰ ਖਾਲਸਾ ਰਾਜ ਦੀ ਪ੍ਰਬੀਨ ਸਰਕਾਰ ਭਾਵ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟ ਜਾਣ ਤੋਂ ਬਾਅਦ ਉਹਨਾਂ ਦੇ ਵੰਸ਼ਜਾਂ ਵਲੋਂ ਬਿਖਰੇ ਹੋਣ ਦੇ ਬਾਵਜੂਦ ਉਹਨਾਂ ਦੀਆਂ ਸਿੱਖ ਫੌਜਾਂ ਵੱਲੋਂ ਅੰਗਰੇਜਾਂ ਨਾਲ ਲੜੀ ਜਬਰਦਸਤ ਟਾਕਰਾ ਦੇਣ ਵਾਲੀ ਜੰਗ ਦਾ ਵਰਨਣ ਮੀਆਂ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿੱਚ ਕੀਤਾ ਹੈ। ਦੇਸ ਦੀ ਕੇਂਦਰ ਸਰਕਾਰ ਖਿਲਾਫ ਖੇਤੀ ਕਾਨੂੰਨਾਂ ਨੂੰ ਲੈ ਕੇ ਪਿਛਲੇ ਸਾਲ ਤੋਂ ਪੰਜਾਬ ਦੇ ਕਿਸਾਨਾਂ ਵਲੋਂ ਅਰੰਭ ਕੀਤੇ ਸੰਘਰਸ਼ ਦੀਆਂ ਘਟਨਾਵਾਂ ਨੇ ਇੱਕ ਵਾਰ ਫਿਰ ਨਵੇਂ ਸਿਰੇ ਤੋਂ ਜੰਗਨਾਮਾ ਸਿੰਘਾਂ ਅਤੇ ਫਿਰੰਗੀਆਂ ਯਾਦ ਕਰਵਾ ਦਿੱਤਾ। ਜਿਸ ਤਰ੍ਹਾਂ ਜੰਗਨਾਮੇ ਦੇ ਬਿਆਨ ਦਾ ਅੰਦਾਜ ਸ਼ਾਹ ਮੁਹੰਮਦ ਦੇ ਸਿੱਖ ਫੌਜਾਂ ਪੱਖੀ ਹੋਣ ਦੀ ਗਵਾਹੀ ਭਰਦਾ ਹੈ ਉਸੇ ਤਰ੍ਹਾਂ ਜਦੋਂ ਅਸੀਂ ਕਿਸਾਨ ਪੱਖੀ ਹੋ ਕੇ ਇਸ ਅੰਦੋਲਨ ਨੂੰ ਦੇਖਦੇ ਹਾਂ ਤਾਂ ਬਹੁਤ ਸਾਰੇ ਦ੍ਰਿਸ਼ ਆਪਸ ਵਿੱਚ ਮੇਲ ਖਾਂਦੇ ਹਨ। ਕਿਸਾਨ ਅੰਦੋਲਨ ਦੇ ਪੰਜਾਬ ਤੋਂ ਉੱਠਣ, ਦਿੱਲੀ ਦੀਆਂ ਹੱਦਾਂ ਉੱਪਰ ਡਟਣ ਤੱਕ ਦਾ ਸਫਰ ਅਤੇ ਟਰੈਕਟਰ ਮਾਰਚ ਤੋਂ ਲੈਕੇ ਅੱਜ ਤੱਕ ਦੀਆਂ ਘਟਨਾਵਾਂ ਸ਼ਾਹ ਮੁਹੰਮਦ ਦੇ ਜੰਗਨਾਮੇ ਦੇ ਬਿਰਤਾਂਤ ਨਾਲ ਬਹੁਤ ਥਾਂ ਬਿਲਕੁਲ ਮੇਲ ਖਾਂਦੀਆਂ ਹਨ। ਕਿਸਾਨਾਂ ਵਿੱਚੋਂ ਸਿੱਖ ਫੌਜਾਂ ਦੀ ਝਲਕ ਪੈਂਦੀ ਹੈ ਅਤੇ ਕੇਂਦਰ ਸਰਕਾਰ ਤੇ ਪੁਲਿਸ ਫਿਰੰਗੀ ਸੈਨਾ ਦੀ ਭਾਂਤ ਨਜ਼ਰ ਆਉਂਦੀ ਹੈ। ਕੇਂਦਰ ਸਰਕਾਰ ਵਲੋਂ ਖੇਤੀ ਕਾਨੂੰਨਾਂ ਨੂੰ ਗੈਰ ਵਾਜਬ ਢੰਗ ਨਾਲ ਪਾਸ ਕਰਵਾ ਲੈਣ ਤੇ ਪੰਜਾਬ ਦੇ ਪੀੜਤ ਕਿਸਾਨਾਂ, ਸਬੰਧਤ ਧਿਰਾਂ ਅਤੇ ਜਥੇਬੰਦੀਆਂ ਦੇ ਸਿਰ ਜੁੜ ਗਏ ਅਤੇ ਇਹਨਾਂ ਦੀ ਮਾਰ ਦੀ ਚਰਚਾ ਹੋਣ ਲੱਗੀ :

**ਪਿੱਛੋਂ ਆਣ ਕੇ ਸਭਨਾਂ ਨੂੰ ਫਿਕਰ ਹੋਇਆ,**
**ਸੋਚੀਂ ਪਏ ਨੀ ਸਭ ਸਿਰਦਾਰ ਮੀਆਂ।**

ਇਹਨਾਂ ਚਰਚਾਵਾਂ ਅਤੇ ਵਿਚਾਰਾਂ ਦਰਮਿਆਨ ਸਭ ਨੂੰ ਕੇਂਦਰ ਸਰਕਾਰ ਦੀ ਅੰਬਾਨੀਆਂ ਅਤੇ ਅਡਾਨੀਆਂ ਨਾਲ ਸਾਂਝ ਖੁੱਲ੍ਹ ਕੇ ਸਾਹਮਣੇ ਆ ਗਈ ਅਤੇ ਮੋਦੀ ਦੇ ਲੋਕ ਮਾਰੂ ਅਤੇ ਵੱਡੇ ਵਪਾਰੀਆਂ ਪੱਖੀ ਮਨਸੂਬਿਆਂ ਦਾ ਪਰਦਾ ਫਾਸ਼ ਹੋਇਆ। ਕਿਸਾਨਾਂ ਅਤੇ ਆਮ ਲੋਕਾਂ ਨੂੰ ਆਪਣੇ ਉੱਪਰ ਲੁੱਟ ਦੀ ਚੱਲਣ ਵਾਲੀ ਤਲਵਾਰ ਦਾ ਅਹਿਸਾਸ ਹੋਇਆ :

**ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,**
**ਪਈ ਖੜਕਦੀ ਨਿੱਤ ਤਲਵਾਰ ਮੀਆਂ।**

ਪੰਜਾਬ ਦੇ ਲੋਕ ਪਹਿਲਾਂ ਵੱਖ-ਵੱਖ ਮੋਰਚਿਆਂ ਤੋਂ ਰਾਜ ਅੰਦਰ ਸੰਘਰਸ਼ ਕਰਦੇ ਰਹੇ। ਬਿਖਰੇ ਹੋਏ ਧਰਨਿਆਂ-ਮੁਜਾਹਰਿਆਂ ਦਾ ਕੋਈ ਅਸਰ ਨਾ ਹੁੰਦਾ ਦੇਖ ਕੇ ਫਿਰ ਸਭ ਨੇ ਇੱਕ ਝੰਡੇ ਥੱਲੇ ਇਕੱਠੇ ਹੋ ਕੇ ਦਿੱਲੀ ਦੇ ਨੇੜੇ ਹੋ ਕੇ ਅੰਦੋਲਨ ਨੂੰ ਪ੍ਰਚੰਡ ਕਰਨ ਦਾ ਫੈਸਲਾ ਕੀਤਾ ਤਾਂ ਜਦੋਂ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਕੂਚ ਕੀਤਾ ਤਾਂ ਮਾਹੌਲ ਦੇਸ਼ ਦੀ ਹਕੂਮਤ ਨਾਲ ਟੱਕਰ ਵਰਗਾ ਬਣ ਗਿਆ :

**ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,**
**ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ ।**

ਜਦੋਂ ਪੰਜਾਬ ਤੋਂ ਅੰਦੋਲਨਕਾਰੀਆਂ ਨੇ ਦਿੱਲੀ ਵੱਲ ਟਰੈਕਟਰ ਅਤੇ ਟਰਾਲੀਆਂ ਉੱਪਰ ਸਵਾਰ ਹੋ ਕੇ ਚਾਲੇ ਪਾਏ ਤਾਂ ਮਾਹੌਲ ਕਿਸੇ ਵੱਡੀ ਚੜ੍ਹਾਈ ਵਰਗਾ ਬਣ ਗਿਆ :

**ਧੌਂਸਾ ਵਜਿਆ ਕੂਚ ਦਾ ਹੁਕਮ ਹੋਇਆ,**
**ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ ।**

ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਕਾਨਵਾਈਆਂ ਦੇ ਰੂਪ ਵਿੱਚ ਦਿੱਲੀ ਵੱਲ ਜਾਣ ਵਾਲੀਆਂ ਸੜਕਾਂ ਉੱਪਰ ਨੌਜਵਾਨ ਕਿਸਾਨਾਂ ਦੀਆਂ ਘੱਤੀਆਂ ਵਹੀਰਾਂ ਹਮਲਾਵਰ ਦ੍ਰਿਸ਼ ਪੇਸ਼ ਕਰ ਰਹੀਆਂ ਸਨ :

**ਚੜ੍ਹੇ ਪੁਤਰ ਸਰਦਾਰਾਂ ਦੇ ਛੈਲ ਬਾਂਕੇ,**
**ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ ।**

ਕੇਂਦਰ ਸਰਕਾਰ ਵਲੋਂ ਇਹਨਾਂ ਵਹੀਰਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਹਰਿਆਣਾ ਸਰਕਾਰ ਅਤੇ ਪੁਲਿਸ ਨੂੰ ਰਸਤਿਆਂ ਵਿੱਚ ਬਹੁਤ ਭਾਰੀ ਰੁਕਾਵਟਾਂ ਖੜ੍ਹੀਆਂ ਕਰਨ ਦਾ ਹੁਕਮ ਦਿੱਤਾ ਗਿਆ :

**ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,**
**ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।**

ਕਿਸਾਨਾਂ ਨੂੰ ਅੱਗੇ ਵਧਣ ਲਈ ਰਸਤਿਆਂ ਦੀਆਂ ਰੁਕਾਵਟਾਂ ਤੋਂ ਇਲਾਵਾ ਸਖ਼ਤ ਸਰਕਾਰੀ ਹੁਕਮਾਂ ਤਹਿਤ ਪੁਲਿਸ ਅਤੇ ਉਹਨਾਂ ਦੀਆਂ ਪਾਣੀ ਵਾਲੀਆਂ ਤੋਪਾਂ ਦਾ ਵੀ ਸਾਹਮਣਾ ਕਰਨਾ ਪਿਆ :

**ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,**
**ਤੋਪਾਂ ਮਾਰੀਆਂ ਨੀਰ ਦੇ ਆਇ ਪੱਲੇ।**

ਪੁਲਿਸ ਵਲੋਂ ਲਗਾਏ ਬੈਰੀਕੇਡਾਂ, ਸੜਕਾਂ ਦੇ ਵਿਚਕਾਰ ਪੁੱਟੀਆਂ ਖਾਈਆਂ ਅਤੇ ਹੋਰ ਕਈ ਕਿਸਮ ਦੀਆਂ ਅੜਚਨਾਂ ਨੂੰ ਪਾਰ ਕਰਦੇ ਨੌਜਵਾਨਾਂ ਨੇ ਸਾਂਤੀ ਅਤੇ ਹਿੰਮਤ ਦੀ ਲਾਸਾਨੀ ਮਿਸਾਲ ਪੈਦਾ ਕੀਤੀ ਤਾਂ ਹਰ ਹਮਾਇਤੀ ਦਿਲ ਕਹਿ ਉੱਠਿਆ :

**ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,**
**ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ ।**

ਜਦੋਂ ਕਿਸਾਨ ਦਿੱਲੀ ਵੱਲ ਵਧ ਰਹੇ ਸਨ ਤਾਂ ਬਹੁਤ ਥਾਵਾਂ ਤੇ ਉਹਨਾਂ ਦਾ ਸਾਹਮਣਾ ਭਾਰੀ ਪੁਲਿਸ ਫੋਰਸ ਨਾਲ ਹੋਇਆ। ਪੁਲਿਸ ਨਾਲ ਗੱਲਬਾਤ ਕਰਕੇ ਜਾਂ ਕਿਤੇ ਥੋੜ੍ਹਾ ਬਹੁਤ ਧੱਕਾ ਕਰਕੇ ਨੌਜਵਾਨ ਅੱਗੇ ਵਧਦੇ ਗਏ ਅਤੇ ਪੁਲਿਸ ਅੰਦੋਲਨਕਾਰੀਆਂ ਦੀ ਵੱਡੀ ਗਿਣਤੀ ਅਤੇ ਤਕੜੇ ਟਰੈਕਟਰਾਂ ਮੂਹਰੇ ਟਿਕ ਨਾ ਸਕੀ ਅਤੇ ਹਲਕਾ ਵਿਰੋਧ ਕਰਕੇ ਪਿੱਛੇ ਹਟਦੀ ਰਹੀ :

**ਓਧਰ ਆਪ ਫਰਿੰਗੀ ਨੂੰ ਭਾਂਜ ਆਈ,**
**ਦੌੜੇ ਜਾਣ ਗੋਰੇ ਦਿੱਤੀ ਕੰਡ ਮੀਆਂ।**

ਦੇਸ ਦੇ ਲੋਕ ਅਤੇ ਕਾਫੀ ਹੱਦ ਤੱਕ ਪੁਲਿਸ ਫੋਰਸਾਂ ਵੀ ਸਮਝ ਰਹੀਆਂ ਸਨ ਕਿ ਕਿਸਾਨਾਂ ਦਾ ਅੰਦੋਲਨ ਜਾਇਜ ਹੈ ਇਸੇ ਕਰਕੇ ਹਰ ਵਰਗ ਦੀ ਹਮਦਰਦੀ ਕਿਸਾਨਾਂ ਦੇ ਨਾਲ ਹੋ ਤੁਰੀ :

**ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ,**
**ਇਹ ਤਾਂ ਮਰਨਗੇ ਸਭ ਸਿਰਦਾਰ ਮੀਆਂ ।**

ਕਿਸਾਨਾਂ ਨੇ ਦਿੱਲੀ ਦੀਆਂ ਹੱਦਾਂ ਤੇ ਸਟੇਜਾਂ ਲਗਾ ਕੇ ਜਦੋਂ ਸਰਕਾਰ ਵਿਰੁੱਧ ਮੋਰਚੇ ਖੋਲ੍ਹੇ ਤਾਂ ਇਸ ਅੰਦੋਲਨ ਦੀ ਗੂੰਜ ਛੇਤੀ ਹੀ ਸਾਰੇ ਦੇਸ ਦੇ ਰਾਜਾਂ ਤੱਕ ਪਹੁੰਚ ਗਈ ਅਤੇ ਇੱਕਦਮ ਸਾਰਾ ਦੇਸ਼ ਕਿਸਾਨਾਂ ਦੇ ਹੱਕ ਵਿੱਚ ਖੜ੍ਹਾ ਹੋ



ਗਿਆ :

**ਲੱਗੀ ਧਮਕ ਸਾਰੇ ਹਿੰਦੁਸਤਾਨ ਅੰਦਰ,**
**ਦਿੱਲੀ ਆਗਰੇ ਹਾਂਸੀ ਹਿਸਾਰ ਮੀਆਂ।**

ਮੋਰਚਿਆਂ ਉੱਪਰ ਇੱਕ ਹੋਰ ਵਿਲੱਖਣ ਗੱਲ ਹੋਈ ਕਿ ਸਾਰੇ ਰਾਜਾਂ ਦੇ ਕਿਸਾਨ ਸਾਂਝੇ ਮੰਚ ਤੇ ਇਕੱਠੇ ਹੋ ਗਏ ਜਿਸ ਨਾਲ ਹਿੰਦੂ, ਸਿੱਖ ਅਤੇ ਮੁਸਲਮਾਨਾਂ ਸਮੇਤ ਬਹੁਤ ਸਾਰੇ ਧਰਮ ਮਿਲ ਕੇ ਬੈਠੇ ਸਨ। ਸਿਆਸਤ ਵਲੋਂ ਰਾਜਾਂ ਵਿੱਚ ਖੜ੍ਹੇ ਕੀਤੇ ਬਖੇੜੇ ਵੀ ਬੌਨੇ ਪੈ ਗਏ :

**ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,**
**ਉਹ ਦੇ ਨਾਲ ਨਾ ਕਿਸੇ ਦਾ ਵਾਸਤਾ ਈ ।**

ਅੰਦੋਲਨ ਦੇ ਚਲਦਿਆਂ ਹੀ ਸਰਦੀ ਦਾ ਮੌਸਮ ਜੋਰ ਫੜ ਗਿਆ ਸੀ। ਕਿਸਾਨਾਂ ਨੂੰ ਸਰਦੀ ਦੇ ਚਲਦਿਆਂ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਮਿਲੀ ਭਰਵੀਂ ਹਮਾਇਤ ਕਾਰਨ ਉਹ ਹੌਸਲੇ ਵਿੱਚ ਸਨ। ਅੰਦੋਲਨ ਦੌਰਾਨ ਠੰਢ ਅਤੇ ਹੋਰ ਕਾਰਨਾਂ ਨਾਲ ਬਹੁਤ ਸਾਰੀਆਂ ਮੌਤਾਂ ਵੀ ਹੋ ਰਹੀਆਂ ਸਨ ਜੋ ਦੁਖਦਾਈ ਵਰਤਾਰਾ ਸਾਬਤ ਹੋ ਰਿਹਾ ਸੀ :

**ਕਈ ਮਾਵਾਂ ਦੇ ਪੁੱਤਰ ਨੀ ਮੋਏ ਓਥੇ,**
**ਸੀਨੇ ਲੱਗੀਆਂ ਤੇਜ ਕਟਾਰੀਆਂ ਨੀ।**
**ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,**
**ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।**

ਕਿਸਾਨ ਅੰਦੋਲਨ ਦੇ ਸ਼ਾਂਤਮਈ ਅਤੇ ਅਨੁਸਾਸ਼ਤ ਸੰਚਾਲਨ ਦੀਆਂ ਧੁੰਮਾਂ ਵਿਦੇਸਾਂ ਤੱਕ ਵੀ ਪਹੁੰਚ ਗਈਆਂ। ਕਈ ਵਿਦੇਸ਼ੀ ਸਰਕਾਰਾਂ ਨੇ ਵੀ ਕਿਸਾਨ ਅੰਦੋਲਨ ਦੇ ਹੱਕੀ ਹੋਣ ਤੇ ਮੋਹਰ ਲਗਾਈ। ਇਸ ਤੋਂ ਇਲਾਵਾ ਵਿਸ਼ਵ ਦੀਆਂ ਪ੍ਰਸਿੱਧ ਹਸਤੀਆਂ ਨੇ ਵੀ ਕਿਸਾਨਾਂ ਦੇ ਸਮਰਥਨ ਵਿੱਚ ਆਵਾਜ ਉਠਾਈ ਅਤੇ ਸਰਕਾਰ ਦੇ ਧੱਕੇ ਦੀ ਨਿਖੇਧੀ ਕੀਤੀ :

ਖਬਰਾਂ ਉੱਡੀਆਂ ਵਿਚ ਜਹਾਨ ਦੇ ਜੀ ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜਰ,

ਪੂਰੀ ਦੁਨੀਆਂ ਵਿੱਚ ਹੁੰਦੀ ਭੰਡੀ ਨੂੰ ਦੇਖ ਕੇ ਸਰਕਾਰ ਕੁੱਝ ਨਰਮ ਵੀ ਪਈ ਅਤੇ ਕਿਸਾਨ ਆਗੂਆਂ ਨੂੰ ਗੱਲਬਾਤ ਲਈ ਤਜਵੀਜ਼ ਭੇਜੀ :

**ਅਰਜੀ ਲਿਖੀ ਫਰਿੰਗੀਆਂ ਖਾਲਸੇ ਨੂੰ,**
**ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ ।**

ਸਰਕਾਰ ਨਾਲ ਕਿਸਾਨਾਂ ਦੀਆਂ ਦਰਜਨ ਦੇ ਕਰੀਬ ਬੈਠਕਾਂ ਹੋਈਆਂ। ਜਿਹਨਾਂ ਵਿੱਚ ਸਰਕਾਰ ਦੇ ਨੁਮਾਇੰਦਿਆਂ ਨੇ ਕਿਸਾਨ ਆਗੂਆਂ ਨੂੰ ਖੇਤੀ ਕਾਨੂੰਨਾਂ ਵਿੱਚ ਮਨਚਾਹੀਆਂ ਸੋਧਾਂ ਕਰਨ ਅਤੇ ਇਹਨਾਂ ਨੂੰ ਖੋਖਲਾ ਕਰ ਦੇਣ ਦੇ ਲਾਲਚ ਵੀ ਦਿੱਤੇ :

**ਕਈ ਲੱਖ ਰੁਪਏ ਲੈ ਜਾਓ ਸਾਥੋਂ,**
**ਦੇਈਏ ਹੋਰ ਜੋ ਤੁਸੀਂ ਫੁਰਮਾਂਵਦੇ ਹੋ ।**

ਖੇਤੀ ਕਾਨੂੰਨਾਂ ਨੂੰ ਲੈ ਕੇ ਪੂਰੀ ਦੁਨੀਆਂ ਹੋਈ ਭੰਡੀ ਅਤੇ ਨਿਖੇਧੀ ਦੇ ਬਾਵਜੂਦ ਵੀ ਪ੍ਰਧਾਨ ਮੰਤਰੀ ਨੇ ਕਿਸਾਨਾਂ ਨਾਲ ਮੀਟਿੰਗ ਵਿੱਚ ਬੈਠਣਾ ਜਾਂ ਕੋਈ ਜਿੰਮੇਵਾਰ ਬਿਆਨ ਦੇਣਾ ਜਰੂਰੀ ਨਹੀਂ ਸਮਝਿਆ ਜਿਵੇਂ ਉਸ ਨੂੰ ਕਾਰਪੋਰੇਟ ਘਰਾਣਿਆਂ ਦੀ ਹਮਾਇਤ ਦਾ ਜਨਤਾ ਦੀ ਅਹਿਮੀਅਤ ਨਾਲੋਂ ਜਿਆਦਾ ਘਮੰਡ ਹੋਵੇ :

**ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,**
**ਖ਼ੁਦੀ ਆਪਣੀ ਵਿਚ ਮਹਾਸਤਾ ਈ ।**

ਸਰਕਾਰ ਨਾਲ ਹੁੰਦੀਆਂ ਬੈਠਕਾਂ ਵਿੱਚ ਸਰਕਾਰ ਕਾਨੂੰਨ ਰੱਦ ਕਰਨ ਦੇ ਮਾਮਲੇ ਵਿੱਚ ਟੱਸ ਤੋਂ ਮੱਸ ਨਹੀਂ ਹੋ ਰਹੀ ਸੀ, ਬੱਸ ਸੋਧਾਂ ਤੇ ਬਜਿੱਦ ਸੀ ਪਰ ਕਿਸਾਨ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਤੇ ਅੜੇ ਹੋਏ ਸਨ। ਸਰਕਾਰ ਮੰਨਣ ਨੂੰ ਤਿਆਰ ਨਹੀਂ ਸੀ ਅਤੇ ਕਿਸਾਨ ਆਗੂਆਂ ਉੱਪਰ ਕਾਨੂੰਨ ਪੂਰੀ ਤਰ੍ਹਾਂ ਰੱਦ ਕਰਾਉਣ ਦਾ ਦਬਾਅ ਸੀ। ਇਸ ਤਰ੍ਹਾਂ ਆਗੂਆਂ ਲਈ ਬੇਬਸੀ ਵਾਲੀ ਸਥਿਤੀ ਬਣੀ ਰਹੀ :

ਸ਼ਾਹ ਮੁਹੰਮਦਾ ਦੌੜ ਕੇ ਜਾਣ ਕਿਥੇ,
ਇਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।

ਬੈਠਕਾਂ ਦੇ ਲੰਬੇ ਦੌਰ ਵਿੱਚ ਵੀ ਕੋਈ ਨਤੀਜਾ ਨਾ ਨਿਕਲਿਆ। ਇਸੇ ਦਰਮਿਆਨ 26 ਜਨਵਰੀ ਦਾ ਗਣਤੰਤਰ ਦਿਵਸ ਆ ਗਿਆ। ਕਿਸਾਨ ਜਥੇਬੰਦੀਆਂ ਵਲੋਂ ਆਪਣਾ ਰੋਹ ਅਤੇ ਵਿਰੋਧ ਪ੍ਰਗਟ ਕਰਨ ਲਈ ਗਣਤੰਤਰ ਦਿਵਸ ਵਾਲੇ ਦਿਨ ਦਿੱਲੀ ਵਿੱਚ ਟਰੈਕਟਰ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ। ਪੰਜਾਬ ਸਮੇਤ ਪੂਰੇ ਦੇਸ ਅੰਦਰ ਇਸ ਮਾਰਚ ਨੂੰ ਮਿਸਾਲੀ ਬਣਾਉਣ ਲਈ ਲਾਮਬੰਦੀ ਕੀਤੀ ਗਈ। ਪੂਰੇ ਪੰਜਾਬ ਵਿੱਚੋਂ ਇਸ ਸੁਨੇਹੇ ਨੂੰ ਭਰਪੂਰ ਹੁੰਗਾਰਾ ਮਿਲਿਆ :

**ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ,**
**ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ ।**

ਟਰੈਕਟਰ ਮਾਰਚ ਦੀਆਂ ਤਿਆਰੀਆਂ ਦਰਮਿਆਨ ਮਾਰਚ ਦੇ ਰੂਟ ਬਾਰੇ ਕਈ ਵੱਖ-ਵੱਖ ਰਾਵਾਂ ਉੱਠੀਆਂ ਅਤੇ ਸਹਿਮਤੀਆਂ- ਅਸਹਿਮਤੀਆਂ ਦਾ ਆਦਾਨ ਪ੍ਰਦਾਨ ਵੀ ਹੋਇਆ। ਕੁੱਝ ਧਿਰਾਂ ਅਤੇ ਨੌਜਵਾਨ ਪਹਿਲੀ ਕਾਲ ਤਹਿਤ ਰਿੰਗ ਰੋਡ ਜਾਣ ਲਈ ਕਹਿੰਦੇ ਦਿਖਾਈ ਦਿੱਤੇ :

**ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ,**
**ਫੌਜਾਂ ਹੋਇ ਮੁਹਤਾਣੀਆਂ ਕਦੋਂ ਮੁੜੀਆਂ।**

ਇਸ ਟਰੈਕਟਰ ਮਾਰਚ ਦੀ ਖ਼ਬਰ ਪੂਰੇ ਵਿਸ਼ਵ ਵਿੱਚ ਫੈਲ ਚੁੱਕੀ ਸੀ। ਗਣਤੰਤਰ ਦਿਵਸ ਵਾਲੇ ਦਿਨ ਕਿਸਾਨਾਂ ਅਤੇ ਨੌਜਵਾਨਾਂ ਦਾ ਹੜ੍ਹ ਜਦੋਂ ਦਿੱਲੀ ਵੱਲ ਤੁਰਿਆ ਤਾਂ ਇਹ ਦ੍ਰਿਸ਼ ਵੀ ਕਿਸੇ ਅਲੌਕਿਕ ਨਜ਼ਾਰੇ ਤੋਂ ਘੱਟ ਨਹੀਂ ਸੀ। ਗਿਣਤੀ ਜਿਆਦਾ ਹੋਣ ਕਾਰਨ, ਰਸਤਿਆਂ ਦਾ ਪਤਾ ਨਾ ਲੱਗਣ ਕਾਰਨ ਅਤੇ ਕੁੱਝ ਸਰਕਾਰ ਦੀਆਂ ਚਾਲਾਂ ਕਾਰਨ ਇਹ ਵਹੀਰਾਂ ਆਪ ਮੁਹਾਰੀਆਂ ਹੀ ਹੋ ਗਈਆਂ ਸਨ :

**ਸੁਣ ਕੇ ਖਬਰ ਫਿਰੰਗੀ ਦੀ ਚੜ੍ਹੇ ਸਾਰੇ,**
**ਫੌਜਾਂ ਬੇਮੁਹਾਰੀਆਂ ਹੋਇ ਤੁਰੀਆਂ ।**

ਇਹਨਾਂ ਬੇਮੁਹਾਰੀਆਂ ਵਹੀਰਾਂ ਲਾਲ ਕਿਲ੍ਹੇ ਵੱਲ ਹੋ ਗਈਆਂ ਜਾਂ ਸਾਜਿਸ਼ ਤਹਿਤ ਧੱਕ ਦਿੱਤੀਆਂ ਇਹ ਹਾਲੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਪਰ ਪੱਲੜਾ ਸਾਜਿਸ਼ ਵੱਲ ਹੀ ਝੁਕਦਾ ਹੈ। ਪਰ ਜੋਸ਼ ਵਿੱਚ ਆਈ ਭੀੜ ਨੇ ਲਾਲ ਕਿਲ੍ਹੇ ਦੇ ਖਾਲੀ ਪਏ ਜਾਂ ਜਾਣ-ਬੁੱਝ ਕੇ ਰੱਖੇ ਗਏ ਪੋਲ ਉੱਪਰ ਕਿਸਾਨੀ ਅਤੇ ਖਾਲਸਈ ਝੰਡਾ ਲਹਿਰਾ ਦਿੱਤਾ :

**ਘੋੜ-ਚੜ੍ਹੇ ਅਕਾਲੀਏ ਨਵੇਂ ਸਾਰੇ,**
**ਝੰਡੇ ਦਿੱਤੇ ਨੀ ਜਾਇ ਕੇ ਗੱਡ ਮੀਆਂ।**

ਇਸ ਟਰੈਕਟਰ ਮਾਰਚ ਦੌਰਾਨ ਦਿੱਲੀ ਪੁਲਿਸ ਨਾਲ ਵੀ ਬਹੁਤ ਥਾਵਾਂ ਤੇ ਪੁਲਿਸ ਨਾਲ ਟਾਕਰੇ ਵੀ ਹੋਏ। ਕਈ ਥਾਵਾਂ ਤੇ ਜੋਰ ਅਜਮਾਈ ਵੀ ਹੋਈ, ਕਿਤੇ ਅੰਦੋਲਨਕਾਰੀ ਭਾਰੀ ਪਏ ਕਿਤੇ ਪੁਲਿਸ ਵੀ ਭਾਰੀ ਪਈ। ਰਸਤੇ ਭਟਕ ਕੇ ਇੱਧਰ ਉੱਧਰ ਫਿਰਦੇ ਕਿਸਾਨਾਂ ਦੇ ਟੋਲੇ ਪੁਲਿਸ ਤਸ਼ੱਦਦ ਦਾ ਵੀ ਸ਼ਿਕਾਰ ਹੋਏ :

**ਅੱਗੇ ਤੋਪਾਂ ਦੇ ਧਨੀ ਵੀ ਹੈਨ ਗੋਰੇ,**
**ਵੰਗਾਂ ਪਹਿਨ ਖਲੋਤੀਆਂ ਨਹੀਂ ਕੁੜੀਆਂ ।**

ਲਾਲ ਕਿਲ੍ਹੇ ਉੱਪਰ ਝੰਡੇ ਲਹਿਰਾ ਦੇਣ ਦੀ ਘਟਨਾ ਨੇ ਇੱਕ ਵਾਰ ਤਾਂ ਪੂਰੇ ਦੇਸ਼ ਦੇ ਰੌਂਗਟੇ ਖੜ੍ਹੇ ਕਰ ਦਿੱਤੇ। ਇਸ ਨਾਲ ਇਹ ਗੱਲ ਇੱਕ ਵਾਰ ਫਿਰ ਉਜਾਗਰ ਹੋ ਗਈ ਕਿ ਜਨਤਾ ਦੇ ਇਕੱਠ ਅਤੇ ਸਮੇਂ ਦੇ ਦੌਰ ਅੱਗੇ ਵੱਡੀਆਂ-ਵੱਡੀਆਂ ਸਰਕਾਰਾਂ ਨੂੰ ਵੀ ਟਿਕਣਾ ਔਖਾ ਹੋ ਜਾਂਦਾ ਹੈ :

**ਅਕਬਰ ਸ਼ਾਹ ਜੇਹੇ ਆਏ ਵਿਚ ਦਿੱਲੀ,**
**ਫੇਰੀ ਵਾਂਗ ਵਣਜਾਰਿਆਂ ਪਾਇ ਗਏ।**

ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ ।

ਸਰਕਾਰ ਤੇ ਸਰਕਾਰੀ ਮੀਡੀਏ ਵਲੋਂ ਇਸ ਘਟਨਾ ਨੂੰ ਹਿੰਸਾ ਕਹਿ ਕੇ ਪ੍ਰਚਾਰਿਆ ਗਿਆ ਅਤੇ ਸਖ਼ਤ ਨੋਟਿਸ ਦੇ ਸੰਕੇਤ ਮਿਲੇ ਤਾਂ ਕਿਸਾਨ ਜਥੇਬੰਦੀਆਂ ਦੁਆਰਾ ਇਸ ਘਟਨਾ ਨਾਲੋਂ ਇੱਕਦਮ ਨਾਤਾ ਤੋੜ ਲਿਆ ਗਿਆ ਅਤੇ ਇਸ ਨੂੰ ਨਿਯੋਜਿਤ ਅਤੇ ਪੈਸੇ ਵਿੱਚ ਤੋਲੀ ਹੋਈ ਘਟਨਾ ਗਰਦਾਨਿਆ ਗਿਆ :

**ਸ਼ਾਹ ਮੁਹੰਮਦਾ ਲਵਾਂਗੇ ਫੇਰ ਕੈਂਠੇ,**
**ਤਿੱਲੇਦਾਰ ਜੋ ਰੇਸਮੀ ਡੋਰੀਆਂ ਨੀ ।'**

ਇਸ ਘਟਨਾ ਤੋਂ ਬਾਅਦ ਕਿਸਾਨ ਅਗਵਾਈ ਵਿੱਚ ਇਸ ਘਟਨਾ ਤੋਂ ਪੱਲਾ ਛੁਡਾਉਣ ਲਈ ਅਤੇ ਦੂਸਰਿਆਂ ਨੂੰ ਬਦਨਾਮ ਕਰਨ ਦਾ ਦੁਖਦਾਈ ਦੌਰ ਅਰੰਭ ਹੋ ਗਿਆ। ਆਗੂਆਂ ਵਲੋਂ ਗਦਾਰੀਆਂ ਦੇ ਦੋਸ਼ਾਂ ਦੀ ਝੜੀ ਲੱਗੀ ਰਹੀ :

**ਪਹਾੜਾ ਸਿੰਘ ਸੀ ਯਾਰ ਫਰਿੰਗੀਆਂ ਦਾ,**
**ਸਿੰਘਾਂ ਨਾਲ ਸੀ ਉਸ ਦੀ ਗੈਰਸਾਲੀ ।**

ਇਸ ਵਰਤਾਰੇ ਤੋਂ ਬਾਅਦ ਕਿਸਾਨ ਆਗੂਆਂ ਦੇ ਬਿਆਨਾਂ ਦੇ ਨਿਸ਼ਾਨੇ ਸਰਕਾਰ ਵੱਲ ਚੱਲਣ ਦੀ ਥਾਂ ਆਪਣਿਆਂ ਨੂੰ ਢੂੰਡਣ ਵਿੱਚ ਉਲਝ ਗਏ। ਜਿਹੜੇ ਕਿਸਾਨ ਆਗੂਆਂ ਦੇ ਬਿਆਨ ਸੁਣਨ ਲਈ ਲੋਕ ਉਡੀਕ ਕਰਦੇ ਸਨ ਉਹਨਾਂ ਦੇ ਬਿਆਨ ਆਪਸੀ ਦ੍ਵੈਸ਼ ਕਾਰਨ ਕੰਨਾਂ ਨੂੰ ਚੁਭਣ ਲੱਗੇ :

**ਸਿਰ ਤੇ ਫੌਜ ਦੇ ਰਿਹਾ ਨਾ ਕੋਈ ਕੁੰਡਾ,**
**ਹੋਇਆ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ ।**

ਇਸੇ ਵਰਤਾਰ ਦਰਮਿਆਨ ਸਰਕਾਰ ਨੇ ਗਾਜੀਪੁਰ ਬਾਰਡਰ ਤੇ ਕਿਸਾਨਾਂ ਦੀ ਗਿਣਤੀ ਘੱਟ ਹੋਣ ਕਾਰਨ ਭਾਰੀ ਪੁਲਿਸ ਫੋਰਸ ਨਾਲ ਚੜ੍ਹਾਈ ਕਰ ਦਿੱਤੀ, ਉਸ ਵਕਤ ਬਾਰਡਰ ਤੇ ਉੱਤਰ ਪ੍ਰਦੇਸ਼ ਦੇ ਸਿੱਖ ਅੰਦੋਲਨਕਾਰੀਆਂ ਦੀ ਹੀ ਗਿਣਤੀ ਜਿਆਦਾ ਸੀ ਤਾਂ ਉੱਤਰ ਪ੍ਰਦੇਸ਼ ਦੇ ਜੱਦੀ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਬਹੁਤ ਜੁਰਅਤ ਦਿਖਾਈ ਅਤੇ ਪੱਗਾਂ ਵਾਲੇ ਸਰਦਾਰਾਂ ਦੀ ਹਮਾਇਤ ਵਿੱਚ ਫੋਰਸਾਂ ਅਤੇ ਪ੍ਰਸ਼ਾਸ਼ਨ ਅੱਗੇ ਡੱਟ ਗਿਆ ਕਿਉਂਕਿ ਉਸਦਾ ਕਿਸਾਨ ਆਗੂ ਪਿਤਾ ਵੀ ਪੱਗ ਬੰਨ੍ਹਦਾ ਸੀ ਉਸਨੇ ਆਪਣੇ ਰਾਜ ਦੇ ਕਿਸਾਨਾਂ ਨੂੰ ਜੋਰ ਦੀ ਹਾਕ ਮਾਰੀ :

**ਫੇੜ ਬੁਰਛਿਆਂ ਦੀ ਸਾਡੇ ਪੇਸ ਆਈ,**
**ਪੱਗ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।**

ਫਿਰ ਕਿਸਾਨ ਆਗੂਆਂ ਦੀ ਨੌਜਵਾਨਾਂ ਪ੍ਰਤੀ ਕੀਤੀ ਨਫ਼ਰਤੀ ਬਿਆਨਬਾਜੀ ਅਤੇ ਅਪਨਾਏ ਬੇਰੁਖ਼ੀ ਵਾਲੇ ਰਵੱਈਏ ਕਾਰਨ ਨੌਜਵਾਨ ਵਰਗ ਨਾਰਾਜ਼ ਵੀ ਰਿਹਾ:

**ਸ਼ਾਹ ਮੁਹੰਮਦਾ ਦੇਹ ਇਨਾਮ ਸਗੋਂ,**
**ਸਾਡੇ ਜੋਰ ਤੇ ਰਾਜ ਕਮਾਵਨੀ ਹੈਂ।**

ਕਿਸਾਨਾਂ ਅਤੇ ਨੌਜਵਾਨਾਂ ਉੱਪਰ ਸਰਕਾਰ ਤੇ ਪੁਲਿਸ ਵਲੋਂ ਕੀਤੇ ਜਾ ਰਹੇ ਤਸ਼ੱਦਦ ਖਿਲਾਫ਼ ਲੜਨ ਵਿੱਚ ਕਿਸਾਨ ਆਗੂਆਂ ਨੂੰ ਪੂਰੀ ਤਰ੍ਹਾਂ ਨੂੰ ਜੋੜਨ ਲਈ ਪਿੰਡ ਮਹਿਰਾਜ਼ ਵਿਖੇ ਰੈਲੀ ਰੱਖੀ ਗਈ ਜਿੱਥੇ ਦਿੱਲੀ ਪੁਲਿਸ ਵਲੋਂ ਲੋੜੀਂਦੇ ਨੌਜਵਾਨ ਆਗੂ ਨੇ ਵੀ ਆਉਣਾ ਸੀ। ਉਸ ਨੂੰ ਫੜਨ ਵਾਸਤੇ ਦਿੱਲੀ ਦੀ ਪੁਲਿਸ ਰੈਲੀ ਵਾਲੀ ਥਾਂ ਪਹੁੰਚੀ ਵੀ ਹੋਈ ਸੀ ਪਰ ਇਕੱਠ ਅਤੇ ਉਸ ਦੀ ਹਰਮਨ ਪਿਆਰਤਾ ਨੂੰ ਦੇਖਦਿਆਂ ਕਾਰਵਾਈ ਨਹੀਂ ਕਰ ਸਕੀ :

**ਅੱਗੇ ਛੇੜਿਆ ਨਹੀਂ ਫਿਰੰਗੀਆਂ ਨੇ,**
**ਦੁਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।**

ਫਿਰ ਕਿਸਾਨ ਆਗੂਆਂ ਵਲੋਂ ਟਰੈਕਟਰ ਮਾਰਚ ਨਾਲ ਸਬੰਧਤ ਪੁਲਿਸ ਦੇ ਤਸ਼ੱਦਦ ਝੱਲਦੇ ਅਤੇ ਜੇਲ੍ਹਾਂ ਵਿੱਚ ਡੱਕੇ ਕਿਸਾਨਾਂ ਨੂੰ ਰਿਹਾਅ ਕਰਾਉਣ ਲਈ ਕਾਨੂੰਨੀ ਲੜਾਈ ਲੜਨ ਵਿੱਚ ਕੀਤੀ ਜਾ ਰਹੀ ਢਿੱਲ ਬਾਰੇ ਵੀ ਸੁਆਲ ਉੱਠੇ। ਪੰਜਾਬ ਵਿੱਚ ਮਹਾਂ-ਪੰਚਾਇਤਾਂ ਕਰਨ ਆਇਆਂ ਨੂੰ ਲੋਕਾਂ ਅਤੇ ਪੱਤਰਕਾਰਾਂ ਦੇ ਤਿੱਖੇ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪਿਆ :

**ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ, ਤੁਸੀਂ ਚੰਗੀਆਂ ਪੂਰੀਆਂ ਪਾਇ ਆਏ ।**

ਇਹ ਸਪੱਸ਼ਟ ਹੋਣਾ ਤਾਂ ਬਾਕੀ ਹੈ ਕਿ ਲਾਲ ਕਿਲ੍ਹੇ ਦੀ ਘਟਨਾ ਸਾਜਿਸ਼ ਸੀ, ਆਪਮੁਹਾਰੇ ਵਾਪਰੀ ਸੀ ਜਾਂ ਕੋਈ ਰੱਬੀ ਵਰਤਾਰਾ ਸੀ। ਇਹ ਜੋ ਵੀ ਸੀ ਇਸ ਨੂੰ ਮੱਥੇ ਦਾ ਕਲੰਕ ਬਣਾਉਣ ਦੀ ਥਾਂ ਸਿਰ ਦਾ ਤਾਜ ਵੀ ਬਣਾਇਆ ਜਾ ਸਕਦਾ ਸੀ ਪਰ ਮੰਦ ਭਾਵਨਾ ਨਾਲ ਇਸ ਦੀ ਰੰਗਤ ਬਦਲ ਦਿੱਤੀ ਗਈ :

**ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,**
**ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।**

ਅੱਗੇ ਚੱਲ ਕੇ ਅਗਵਾਈ ਦੀ ਆਪਸੀ ਖਿੱਚੋਤਾਣ, ਬਿਆਨਬਾਜ਼ੀ ਅਤੇ ਵਤੀਰੇ ਕਾਰਨ ਲੋਕਾਂ ਦੀ ਘਟੀ ਸ਼ਮੂਲੀਅਤ ਬਾਰੇ ਜਦੋਂ ਲੋਕ ਜਾਂ ਪੱਤਰਕਾਰ ਕਿਸਾਨ ਆਗੂਆਂ ਨੂੰ ਸੁਆਲ ਕਰਦੇ ਤਾਂ ਉਹ ਬਿਆਨਾਂ ਤੋਂ ਥਿੜਕਦੇ ਦਿਖਾਈ ਦੇਣ ਲੱਗੇ :

**ਅਗੋਂ ਲੋਕ ਲੜਾਈ ਦੀ ਗੱਲ ਪੁਛਣ,**
**ਜੀਭ ਹੋਠਾਂ ਤੇ ਫੇਰ ਦਿਖਾਂਵਦੇ ਨੀ ।**

ਦਿੱਲੀ ਦੀਆਂ ਬਰੂਹਾਂ ਤੇ ਅੰਦੋਲਨ ਚੱਲਦਿਆਂ ਪੰਜ ਮਹੀਨੇ ਹੋ ਚੁੱਕੇ ਹਨ। ਸਰਕਾਰ ਨੇ ਕਰੋਨਾ ਵਾਲਾ ਪੈਂਤੜਾ ਵੀ ਅਪਨਾਉਣ ਦਾ ਯਤਨ ਕੀਤਾ ਪਰ ਕਿਸਾਨਾਂ ਨੂੰ ਹਟਾਉਣ ਵਿੱਚ ਕਾਮਯਾਬ ਨਹੀਂ ਹੋ ਸਕੀ। ਹੁਣ ਅਪਰੇਸ਼ਨ ਕਲੀਨ ਤਹਿਤ ਕਿਸਾਨਾਂ ਦੇ ਮੋਰਚਿਆਂ ਦਾ ਹਵਾਈ ਸਰਵੇਖਣ ਕਰਵਾਇਆ ਜਾ ਰਿਹਾ ਹੈ ਪਰ ਕਿਸਾਨ ਡਟੇ ਹੋਏ ਹਨ :

**ਦੂਰਬੀਨ ਅੰਗਰੇਜ ਨੇ ਹੱਥ ਲੈ ਕੇ,**
**ਕੀਤਾ ਫੌਜ ਦਾ ਸਭ ਸ਼ੁਮਾਰ ਮੀਆਂ ।**

ਨਿੱਕੇ ਬੱਚੇ ਜੋ ਜਾਂ ਤਾਂ ਆਪਣੇ ਘਰਦਿਆਂ ਨਾਲ ਮੋਰਚਿਆਂ ਤੇ ਘੁੰਮ ਆਏ ਜਾਂ ਟੈਲੀਵਿਜਨ ਜਾਂ ਨੈੱਟ ਰਾਹੀਂ ਇਸ ਅੰਦੋਲਨ ਦੇ ਘਟਨਾਕ੍ਰਮ ਦੌਰਾਨ ਕਿਸਾਨਾਂ ਨੂੰ ਵੱਡੀਆਂ ਪੁਲਿਸ ਫੋਰਸਾਂ ਨਾਲ ਭਿੜਦੇ ਦੇਖਿਆ ਅਤੇ ਹੱਦਾਂ ਤੇ ਲੱਗੇ ਪੁਲਿਸ ਦੇ ਬੈਰੀਕੇਡ ਦੇਖੇ, ਉਹ ਵੀ ਵਾਪਿਸ ਆ ਕੇ ਆਪਣੇ ਆੜੀਆਂ ਨਾਲ ਇਸ ਅੰਦੋਲਨ ਦੀਆ ਗੱਲਾਂ ਕਰਨ ਲੱਗੇ:

**ਨਿਕੇ ਪੋਚ ਹੁਣ ਬੈਠ ਕੇ ਕਰਨ ਗੱਲਾਂ,**
**ਡਿਠੀ, ਅਸਾਂ ਫਰਿੰਗੀ ਦੀ ਛਾਵਣੀ ਜੀ ।**

ਲੰਬਾ ਸਮਾਂ ਅਤੇ ਕਾਫੀ ਕੁੱਝ ਨਜਾਇਜ ਵਾਪਰ ਜਾਣ ਦੇ ਬਾਅਦ ਵੀ ਮੋਰਚਿਆਂ ਨੂੰ ਕਾਇਮ ਰੱਖਦਿਆਂ ਕਿਸਾਨ ਕਾਨੂੰਨ ਰੱਦ ਕਰਾਉਣ ਕਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ:

**ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜੀ,**
**ਨਹੀਂ ਮੋੜਦੇ ਸੂਰਮੇ ਅੰਗ ਮੀਆਂ ।**

ਸਰਕਾਰ ਇੰਨੇ ਵੱਡੇ ਅੰਦੋਲਨ ਦੇ ਬਾਵਜੂਦ ਵੀ ਕਾਫੀ ਚਿਰ ਅੜੀਅਲ ਅਤੇ ਬੇਰੁਖੀ ਵਾਲਾ ਰਵੱਈਆ ਲੈ ਚੁੱਪ ਬੈਠੀ ਹੈ ਜਿਸ ਨਾਲ ਸੰਘਰਸ ਦੇ ਲੰਬਾ ਚੱਲਣ ਦੀਆਂ ਕਿਆਸ ਅਰਾਈਆਂ ਨੇ ਜੋਰ ਫੜ ਲਿਆ ਹੈ :

**ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,**
**ਅਗੇ ਹੋਰ ਕੀ ਖੇਡ ਰਚਾਵਣੀ ਜੀ ।**

ਇਸ ਕਿਸਾਨ ਅੰਦੋਲਨ ਨੇ ਜਿੱਥੇ ਇਤਿਹਾਸ ਯਾਦ ਕਰਾਇਆ ਹੈ ਉੱਥੇ ਇਹ ਬਹੁਤ ਸਾਰੀਆਂ ਆਸ਼ਾਵਾਦੀ ਸੰਭਾਵਨਾਵਾਂ ਪੈਦਾ ਕਰਕੇ ਨਵੀਆਂ ਪੈੜਾਂ ਪਾ ਰਿਹਾ ਹੈ।

ਪਿੰਡ : ਕੋਟਲਾ ਸਮਸਪੁਰ, ਤਹਿਸੀਲ : ਸਮਰਾਲਾ, ਜਿਲ੍ਹਾ : ਲੁਧਿਆਣਾ
ਮੋਬਾਈਲ ਨੰਬਰ : 85678-72291




# ਵੰਝਲੀ ਦੀ ਸੁਰ ਇਸ ਮਹੀਨੇ ਵੱਖਰੀ ਈ ਐ !


ਟੈਲੀਵਿਜ਼ਨ ਤੇ ਕਰੋਨਾ ਵਾਈਰਸ ਬਾਰੇ ਚੱਲ ਰਹੀ ਗੁਫਤਗੂ ਸੁਣ ਰਿਹਾ ਸਾਂ, ਐਂਕਰ ਬੜੀ ਚਿੰਤਾ ਜਾਹਿਰ ਕਰ ਰਹੀ ਸੀ ਕਿ ਇਸ ਮਾਹਾਮਾਰੀ ਕਾਰਨ ਦੁਨੀਆਂ ਦੇ ਫਲਾਣੇ ਫਲਾਣੇ ਕਰੋੜਪਤੀਆਂ ਨੂੰ ਇੰਨੇ ਇੰਨੇ ਲੱਖ ਡਾਲਰ ਦਾ ਨੁਕਸਾਨ ਹੋ ਚੁੱਕਾ ਹੈ, ਹੁਣ ਦੁਨੀਆਂ ਦਾ ਕੀ ਬਣੇਗਾ ?

ਜੁਆਬ ਦੇਣ ਵਾਲਾ ਵੀ ਸਿਰੇ ਲਾ ਗਿਆ, ਸੁਣ ਕੇ ਤੁਸੀਂ ਵੀ ਹੈਰਾਨ ਹੋ ਜਾਵੋਂਗੇ

ਕਹਿੰਦਾ----ਬੀਬੀ--- ਜੇ ਇਹ ਸਾਰੇ ਕਰੋੜਪਤੀ ਮਰ ਵੀ ਜਾਣ ਦੁਨੀਆਂ ਫੇਰ ਵੀ ਚੱਲੂਗੀ

ਜੇ ਆਹ ਸਿਆਸਤਦਾਨਾਂ ਦਾ ਨੁਕਸਾਨ ਹੋ ਜਾਵੇ ਦੁਨੀਆਂ ਫੇਰ ਵੀ ਚੱਲੂਗੀ

ਜੇ ਦੁਨੀਆਂ ਦੇ ਧਾਰਮਿਕ ਆਗੂ ਇਸ ਮਹਾਂਮਾਰੀ ਦੀ ਲਪੇਟ ਵਿੱਚ ਆ ਗਏ ਦੁਨੀਆਂ ਫੇਰ ਵੀ ਚਲਦੀ ਰਹੂ




ਬੀਬੀ ਜੇ ਆਹ ਤੇਰੇ ਟੈਲੀਵਜ਼ਨ ਚੈਨਲ ਦੇ ਮਾਲਕ ਨੂੰ ਕਰੋਨਾ ਹੋਜੇ, ਦੁਨਿਆਂ ਫੇਰ ਵੀ ਨਹੀਂ ਖੜਨੀਂ

ਜੇ ਫਿਲਮੀ ਐਕਟਰਾਂ ਨੂੰ ਕਰੋਨਾ ਹੋ ਗਿਆ ਦੁਨਿਆ ਫੇਰ ਵੀ ਚੱਲੂ

ਜੇ ਆਹ ਕ੍ਰਿਕਟ ਸਟਾਰਾਂ ਨੂੰ ਕਰੋਨਾ ਹੋ ਗਿਆ ਫੇਰ ਵੀ ਦੁਨੀਆਂ ਚਲਦੀ ਹੀ ਰਹੂ

ਬੀਬੀ ਤੂੰ ਦੁਨੀਆਂ ਦੀ ਬਾਹਲੀ ਚਿੰਤਾ ਨਾਂ ਕਰ, ਜੇ ਤੈਨੂੰ ਵੀ ਕਰੋਨਾ ਹੋਜੇ ਦੁਨੀਆਂ ਫੇਰ ਵੀ ਚਲਦੀ ਰਹੂ

ਭਾਈ ਬੀਬਾ ਜੇ ਮੈਂ ਕਰੋਨਾ ਨਾਲ ਮਰ ਗਿਆ ਫੇਰ ਵੀ ਕੋਈ ਫਰਕ ਨਹੀਂ ਪੈਂਦਾ

ਬੀਬਾ ਜਰਾ ਸੋਚ ਕੇ ਦੇਖ

ਜੇ ਟਰੱਕ ਡਰਾਈਵਰ, ਰਾਜ ਮਿਸਤਰੀ, ਪਲੰਬਰ, ਬਿਜਲੀ ਮਕੈਨਿਕ, ਰੇੜ੍ਹੀ ਵਾਹੁਣ ਵਾਲੇ, ਖੇਤ ਮਜ਼ਦੂਰ, ਕਿਸਾਨ, ਸਫਾਈ ਸੇਵਕਾਂ ਨੂੰ ਕਰੋਨਾ ਹੋ ਗਿਆ ਤਾਂ ਇਹ ਦੁਨੀਆਂ ਇਕ ਹਫਤੇ 'ਚ ਖੜ੍ਹ ਜੂ----ਇਸ ਦੁਨੀਆਂ ਨੂੰ ਕਰੋੜਪਤੀ, ਟੈਲੀਵਿਜ਼ਨ ਵਾਲੇ, ਸਿਆਸਤਦਾਨ, ਧਾਰਮਿਕ ਆਗੂ, ਕ੍ਰਿਕਟ ਪਲੇਅਰ, ਫਿਲਮੀ ਹਸਤੀਆਂ, ਸ਼ਾਹੂਕਾਰ ਤੇ ਸਰਦਾਰ ਨਹੀਂ ਚਲਾਉਂਦੇ

ਬਲਕਿ ਇਸ ਦੁਨੀਆਂ ਨੂੰ ਮਜ਼ਦੂਰ ਚਲਾ ਰਿਹੈ--- ਜੇ ਭਾਈ ਬੀਬਾ ਤੈਨੂੰ ਬਾਹਲੀ ਚਿੰਤਾ ਐ ਤਾਂ ਮਜਦੂਰਾਂ ਦੀ ਚਿੰਤਾ ਕਰ

74 ਵਰ੍ਹੇ ਹੋ ਗਏ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਕੇਂਦਰ ਸਮੇਤ ਵੱਖ ਵੱਖ ਸੂਬਿਆਂ ਵਿੱਚ ਵੱਖ ਵੱਖ ਸਮੇਂ ਤੇ ਵੱਖੋ ਵੱਖਰੀਆਂ ਸਿਆਸੀ ਧਿਰਾਂ ਨੇ ਰਾਜ ਕੀਤਾ , ਇੱਥੇ ਕਿਸੇ ਇਕ ਸਿਆਸੀ ਧਿਰ ਦੀ ਨਹੀ ਬਲਕਿ ਸਮੁੱਚੀਆਂ ਸਿਆਸੀ ਧਿਰਾਂ ਦੇ ਮੰਥਣ ਦੀ ਜ਼ਰੂਰਤ ਐ ਕਿ ਇਹਨਾਂ ਸੱਤਰ ਵਰ੍ਹਿਆਂ ਵਿੱਚ ਸਾਡੇ ਮੁਲਕ ਨੇ ਕਿੰਨੀ ਤਰੱਕੀ ਕੀਤੀ ਐ


ਕਿਸੇ ਵੀ ਸਮਰੱਥ ਰਾਸ਼ਟਰ ਦੀ ਤਰੱਕੀ, ਉੱਥੋਂ ਦੇ ਲੋਕਾਂ ਦੀਆਂ ਸਿਹਤ ਸੇਵਾਵਾਂ , ਪੌਸ਼ਟਿਕ ਆਹਾਰ , ਵਿਦਿਅਕ ਪੱਧਰ, ਆਰਥਿਕ ਪੱਧਰ ਤੇ ਰਹਿਣ ਸਹਿਣ ਦੇ ਪੱਧਰ , ਸੁਯੋਗ ਕਾਨੂੰਨੀ ਸੈਵਾਂਵਾਂ , ਨਿਰਭੈ ਜ਼ਿੰਦਗੀ ਜਿਉਣ ਤੋਂ ਸਿਵਾਏ ਹੋਰ ਕੋਈ ਪ੍ਰੀਭਾਸ਼ਾ ਨਹੀਂ ਹੁੰਦੀ

ਪਰ ਇਕ ਆਫਤ ਸਮੇਂ ਆਕਸੀਜਨ ਦੀ ਥੁੜ ਕਾਰਨ , ਸੇਹਤ ਸੇਵਾਵਾਂ ਦੀ ਥੁੜ ਕਾਰਨ, ਹੋ ਰਹੀਆਂ ਮੌਤਾਂ ਉਸ ਰਾਸ਼ਟਰ ਦੀ ਤਰੱਕੀ ਤੇ ਸੁਆਲੀਆ ਨਿਸ਼ਾਨ ਜ਼ਰੂਰ ਬਣਦੀਆਂ ਹਨ

ਯੋਗ ਵਿਦਿਆ ਹਾਸਲ ਕਰਨ ਲਈ , ਆਰਥਿਕ ਮਜਬੂਤੀ ਹਾਸਲ ਕਰਨ ਲਈ , ਚੰਗੇ ਭਵਿੱਖ ਦੀ ਲਾਲਸਾ ਲਈ ਜਨਮ ਭੂਮੀਂ ਛੱਡ ਕੇ ਪਰਵਾਸ ਕਰਦੀ ਜਵਾਨੀ ਉਸ ਤਰੱਕੀ ਤੇ ਇਕ ਨਹੀਂ ਦੋ ਨਹੀਂ ਬਲਕਿ ਅਨੇਕਾਂ ਈ ਸੁਆਲੀਏ ਚਿੰਨ ਲਾਉਂਦੀ ਹੈ

ਹੁਣ ਇਕ ਦੂਜੇ ਵੱਲ ਉਂਗਲਾ ਕਰਨ ਦਾ ਸਮਾਂ ਨਹੀਂ , ਸਮਾਂ ਹੈ ਸਮੂਹ ਸਿਆਸੀ ਧਿਰਾਂ ਨੂੰ ਸਵੈ ਮੰਥਣ ਕਰਨ ਦਾ

**ਕੀ ਲਿਖਾਂ ਕਿਵੇਂ ਲਿਖਾਂ**



ਇਸ ਕਰੋਨਾ ਮਾਹਾਂਮਾਰੀ ਦੀ ਭੇਂਟ ਕਿੰਨੀਆਂ ਕੁ ਕੀਮਤੀ ਜਾਨਾਂ ਚੜ੍ਹ ਚਲੀਆਂ ਸੰਗੀਤ ਖੇਤਰ ਨੂੰ ਤਾਂ ਜਾਪਦੈ ਕੋਈ ਕੁਲਹਿਣੀ ਨਜ਼ਰ ਈ ਖਾ ਗਈ ਬਾਂਸੁਰੀ ਵਾਦਕ ਸ੍ਰ ਰਵਿੰਦਰ ਸਿੰਘ ਜੀ ਵੀ ਇਸ ਮਾਹਾਂਮਾਰੀ ਦਾ ਸ਼ਿਕਾਰ ਹੋਕੇ ਇਸ ਜਹਾਨ ਨੂੰ ਅਲਵਿਦਾ ਆਖ ਗਏ

ਰਾਵਿੰਦਰ ਸਿੰਘ ਆਕਾਸ਼ਵਾਨੀ ਦੇ ਏ ਗ੍ਰੇਡ ਦੇ ਕਲਾਕਾਰ ਸਨ , ਦੂਰਦਸ਼ਨ ਜਲੰਧਰ ਦੀਆਂ ਰਿਕਾਰਡਿੰਗਾ ਵਿੱਚ ਵੀ ਉਹਨਾਂ ਨੂੰ ਅਕਸਰ ਦੇਖਿਆ ਜਾਂਦਾ ਸੀ

ਪੰਜਾਬ ਵਿੱਚ ਜਿੰਨੇ ਵੀ ਕਲਾਕਾਰਾਂ ਦੀਆਂ ਰਿਕਾਰਡਿੰਗਾ ਹੋਇਆਂ ਉਹਨਾਂ ਵਿੱਚ ਸਭ ਤੋਂ ਵੱਧ ਬਾਂਸੁਰੀ ਰਵਿੰਦਰ ਸਿੰਘ ਦੀ ਹੀ ਵਜਾਈ ਹੁੰਦੀ ਸੀ, ਮੇਰੀਆਂ ਸਾਰੀਆਂ ਹੀ ਰਿਕਾਰਡਿੰਗ ਵਿੱਚ ਰਵਿੰਦਰ ਜੀ ਨੇ ਹੀ ਬਾਂਸੁਰੀ ਵਜਾਈ , ਬੜੇ ਕੋਮਲ ਦਿਲ ਇਨਸਾਨ ਸਨ ਰਵਿੰਦਰ ਜੀ




# ਦੋ ਜਮ੍ਹਾਂ ਦੋ ਕਦੇ ਵੀ ਚਾਰ ਨਹੀਂ ਹੁੰਦੇ, ਕਦੇ ਤਿੰਨ ਜਾਂ ਪੰਜ ਵੀ ਹੋ ਸਕਦੇ ਹਨ

ਖ਼ਵਾਹਿਸ਼ੇਂ ਕੁਛ ਯੂੰ ਭੀ ਅਧੂਰੀ ਰਹੀਂ

ਪਹਿਲੇ ਉਮਰ ਨਹੀਂ ਥੀ, ਅਬ ਉਮਰ ਨਹੀਂ ਰਹੀ।

ਜ਼ਿੰਦਗੀ ਨੂੰ ਖ਼ੂਬਸੂਰਤ ਇਬਾਰਤ ਵਾਂ ਉਲੀਕਣ ਲਈ ਜਾਂ ਹਥੇਲੀ ਤੇ ਪਈਆਂ ਲਕੀਰਾਂ ਵਰਗੀ ਦੇਖਣ ਲਈ ਅਸੀਂ ਪੂਰੀ ਵਾਹ ਲਾਉਂਦੇ ਹਾਂ। ਸਾਡਾ ਆਲਾ ਦੁਆਲਾ ਜਾਂ ਸਾਨੂੰ ਮਿਲਦੇ ਰਿਸ਼ਤੇ ਜਾਂ ਨਿਭਦੀਆਂ ਸਾਂਝਾਂ ਸਾਡੀਆਂ ਸੋਚਾਂ ਦਾ ਰੁਖ ਉਸਾਰਦੇ, ਸੰਵਾਰਦੇ ਜਾਂ ਪਸਾਰਦੇ ਰਹਿੰਦੇ ਹਨ।ਪਰ ਪੂਰਾ ਜ਼ੋਰ ਲਗਾ ਕੇ ਵੀ ਅਸੀਂ ਸਿੱਧ ਪੱਧਰੀ ਜ਼ਿੰਦਗੀ ਕਿਉਂ ਨਹੀਂ ਜਿਉਂ ਸਕਦੇ।ਅਸਲ ਵਿੱਚ ਇਹ ਜ਼ਿੰਦਗੀ ਖ਼ੂਬਸੂਰਤ ਹੋਣ ਦਾ ਬੱਸ ਭਰਮ ਹੀ ਸਿਰਜਦੀ ਹੈ।ਅਸੀਂ ਸਾਰੇ ਉਸ ਭਰਮ ਦਾ ਸਾਰੀ ਉਮਰ ਪਿੱਛਾ ਕਰਦੇ ਹੀ ਸਾਹਾਂ ਦੀ ਮੁਹਲਤ ਪੁਗਾ ਜਾਂਦੇ ਹਾਂ।




ਮੇਰੀ ਧੀ ਜਦੋਂ ਐਮ.ਬੀ.ਏ. ਕਰਨ ਲੱਗੀ ਮੈਨੂੰ ਜਾਪਿਆ ਇਹ ਕਿਹੜੀ ਪੈਸੇ ਟਕਿਆਂ ਵਾਲੀ ਬੀਹੀ ਜਾ ਪਈ। ਉਸ ਦਾ ਇੱਕ ਟੀਚਰ ਪਹਿਲੇ ਦਿਨ ਤੋਂ ਹੀ ਅਜਿਹੇ ਫਾਰਮੂਲੇ ਸਮਝਾਉਣ ਲੱਗਾ ਜਿਸ ਨਾਲ ਘੱਟ ਖਰਚ ਕਰ ਕੇ ਵੱਧ ਮੁਨਾਫ਼ਾ ਕਿਵੇਂ ਕਮਾਇਆ ਜਾ ਸਕਦਾ ਹੈ। ਮੈਨੂੰ ਇਹ ਗੱਲਾਂ ਉੱਕਾ ਹੀ ਬੇ ਸੁਆਦੀਆਂ ਲਗਦੀਆਂ।ਉਹ ਘਰ ਆ ਕੇ ਮੈਨੂੰ ਦਸਦੀ ਕਿ ਸਾਨੂੰ ਦੱਸਿਆ ਜਾਂਦਾ ਹੈ ਕਿੰਨੇ ਪੈਸੇ ਕਿੱਧਰੋਂ ਕਮਾਏ ਜਾ ਸਕਦੇ ਹਨ। ਇਹ ਫਾਰਮੂਲੇ ਸਾਰਾ ਸਾਲ ਪੜ੍ਹਾਏ ਜਾਂਦੇ ਰਹੇ ਕਿ ਕਿਸ ਸ਼ਹਿਰ ਦੇ ਕਿਸ ਆਦਮੀ ਨੇ ਕੀ ਕੀ ਵਪਾਰ ਕਰ ਕੇ ਕਿੰਨਾ ਕੁ ਹੱਥ ਮਾਰਿਆ ਹੈ। ਆਲਮੀ ਮੰਡੀ ਦੀ ਮੰਗ ਨੇ ਸਭ ਨੂੰ ਫਾਰਮੂਲੇ ਸਿਖਾ ਧਰੇ। ਸਾਰਾ ਸਾਲ ਸਿਖਿਆਰਥੀ ਆਪਣੀਆਂ ਪ੍ਰਾਪਤੀਆਂ ਜਾਂ ਅਪ੍ਰਾਪਤੀਆਂ ਤੋਲਦੇ ਆਪਣੀ ਜੇਬ ਅਤੇ ਸੁਪਨਿਆਂ ਨੂੰ ਜ਼ਰਬਾਂ ਤਕਸੀਮ ਕਰਦੇ ਵਰਤਮਾਨ ਨੂੰ ਉਧੇੜ ਦੇ ਭਵਿੱਖੀ ਸੁਪਨੇ ਉਸਾਰਦੇ ਰਹੇ।ਉਸ ਸਮੇਂ ਮੈਨੂੰ ਖ਼ਦਸ਼ਾ ਹੁੰਦਾ ਕਿ ਇਉਂ ਤਾਂ ਬੱਚੇ ਆਪੋਂ ਅੰਦਰ ਵੱਲ ਨੂੰ ਸੁੰਗੜ ਜਾਣਗੇ ਦੂਜੇ ਨਾਲ ਵਰਤ ਵਿਹਾਰ ਕਰਦੇ'ਮੈਨੂੰ ਕੀ ਫ਼ਾਇਦਾ' ਵਾਲੇ ਸਵਾਲ ਕੋਲ ਜਾ ਖੜ੍ਹਨਗੇ। ਇਉਂ ਮਨ ਅੰਦਰ ਪਲਰਦੇ ਸੁਪਨੇ ਇਨ੍ਹਾਂ ਦੀਆਂ ਸੋਚਾਂ ਨੂੰ ਕਿਤੇ ਨਾ ਕਿਤੇ ਭਟਕਾ ਦੇਣਗੇ। ਉਸ ਤੋਂ ਪੜ੍ਹਦੇ ਵਿਦਿਆਰਥੀ ਅੰਦਰਲੇ ਅਤੇ ਬਾਹਰਲੇ ਜਗਤ ਨੂੰ ਆਪਣੀ ਕਲਪਨਾ ਵਿੱਚ ਰਲਗੱਡ ਕਰਦੇ ਹੋਣਗੇ। ਉਹ ਟੀਚਰ ਪੂਰੇ ਸੰਸਾਰ ਵਿੱਚ ਵਸਦੇ ਲੋਕਾਂ ਦੀ ਬਾਤ ਪਾਉਂਦਾ ਮਨੁੱਖੀ ਮਨ ਦੀ ਸੰਤੁਸ਼ਟੀ ਬਾਰੇ ਗੱਲਾਂ ਕਰਦਾ ਆਖਦਾ ਕਿ ਇੱਕ ਆਦਮੀ ਦੀਆਂ ਕੀ ਕੀ ਲੋੜਾਂ ਹਨ। ਉਸ ਅਨੁਸਾਰ ਇੱਕ ਆਦਮੀ ਨੂੰ ਖ਼ੁਸ਼ ਹੋਣ ਲਈ ਪਤਨੀ ਭਾਰਤੀ, ਰਹਿਣ ਲਈ ਯੂ.ਕੇ. ਵਰਗਾ ਘਰ. ਚਾਈਨਾ ਵਰਗਾ ਖਾਣਾ ਅਤੇ ਅਮਰੀਕਾ ਵਰਗੀ ਆਮਦਨ ਚਾਹੀਦੀ ਹੈ। ਇਸ ਨਾਲ ਜ਼ਿੰਦਗੀ ਸੁਰਗ ਵਰਗੀ ਹੋ ਸਕਦੀ ਹੈ ਪਰ ਜੇ ਇਸ ਤੋਂ ਉਲਟ ਹੋ ਜਾਵੇ ਕਿ ਪਤਨੀ ਯੂ. ਕੇ. ਦੀ, ਘਰ ਚਾਈਨਾ ਦੇ ਘਰਾਂ ਵਰਗਾ, ਖਾਣਾ ਅਮਰੀਕਾ ਵਰਗਾ ਤੇ ਆਮਦਨ ਭਾਰਤੀ ਹੋ ਜਾਵੇ ਤਾਂ ਜ਼ਿੰਦਗੀ ਨਰਕ ਹੋ ਸਕਦੀ ਹੈ।

ਸਾਰਾ ਸਾਲ ਬੱਚੇ ਇਹ ਸਿਖਦੇ ਰਹੇ। ਉਨ੍ਹਾਂ ਦੀ ਮਾਨਸਿਕਤਾ ਤਜਾਰਤੀ ਤਬਕੇ ਵਰਗੀ ਹੋ ਗਈ ਹੋਣੀ। ਜਦੋਂ ਉਹ ਜਮਾਤ ਆਪਣੇ ਆਖ਼ਰੀ ਪੜਾਅ ਤੱਕ ਪੁੱਜੀ ਤਾਂ ਉਸ ਟੀਚਰ ਨੇ ਅਲਵਿਦਾ ਆਖਣ ਤੋਂ ਪਹਿਲਾਂ ਆਪਣਾ ਆਖਰੀ ਭਾਸ਼ਣ ਦੇਣ ਸਮੇਂ ਸਾਰੀ ਜਮਾਤ ਨੂੰ ਕਿਹਾ,'ਤੁਸੀਂ ਦੁਨੀਆਂ ਦੀਆਂ ਸਭ ਦਿਸ਼ਾਵਾਂ ਤੱਕ ਬਿਖਰਨ ਜਾ ਰਹੇ ਹੋ, ਮੇਰਾ ਅੱਜ ਦਾ ਜ਼ਰੂਰੀ ਸਬਕ ਯਾਦ ਰੱਖਣਾ ਕਿ ਮੈਂ ਜੋ ਵੀ ਫਾਰਮੂਲੇ ਸਾਰਾ ਸਾਲ ਦੱਸੇ ਹਨ ਉਹ ਸਭ ਆਪਣੇ ਅੰਦਰੋਂ ਮੇਸ ਦਿਓ।' ਕਿਉਂ ਪੁੱਛਣ ਤੇ ਉਸ ਨੇ ਕਿਹਾ ,'ਜ਼ਿੰਦਗੀ ਕਦੇ ਵੀ ਫਾਰਮੂਲਿਆਂ ਅਨੁਸਾਰ ਨਹੀਂ ਚਲਦੀ। ਇਸ ਵਿੱਚ ਦੋ ਜਮ੍ਹਾਂ ਦੋ ਕਦੇ ਵੀ ਚਾਰ ਨਹੀਂ ਹੁੰਦੇ, ਕਦੇ ਤਿੰਨ ਜਾਂ ਪੰਜ ਵੀ ਹੋ ਸਕਦੇ ਹਨ। ਇੱਛਾਵਾਂ ਦੀ ਪਿਆਸ ਕਦੇ ਨਹੀਂ ਬੁਝਦੀ।ਹੋ ਸਕਦਾ ਹੈ ਤੁਸੀਂ ਪੈਸਿਆਂ ਦੇ ਭੰਡਾਰ ਭਰ ਲਵੋਂ ਤੇ ਕਿਸੇ ਨੇੜੇ ਦੇ ਰਿਸ਼ਤੇਦਾਰ ਦੀ ਮੌਤ ਹੋ ਜਾਵੇ , ਦੌਲਤ ਬੇਕਾਰ। ਜਾਂ ਹੋ ਸਕਦਾ ਹੈ ਤੁਸੀਂ ਕੁੱਝ ਵੀ ਨਾ ਕਰੋ, ਰਾਤੋ ਰਾਤ ਤੁਹਾਡੀ ਲਾਟਰੀ ਆ ਜਾਵੇ ਤੇ ਤੁਸੀਂ ਉਹ ਨਾ ਰਹੋ। ਹੋ ਸਕਦਾ ਹੈ ਤੁਹਾਡੇ ਕੋਲ ਸਭ ਕੁੱਝ ਹੋਵੇ, ਪਰ ਕੋਈ ਅਜਿਹਾ ਦੇਹੀ ਰੋਗ ਆ ਲੱਗੇ ਤੇ ਸਭ ਵਿਅਰਥ ਲੱਗਣ ਲੱਗੇ।ਜਾਂ ਤੁਹਾਨੂੰ ਕੋਈ ਵੱਡਾ ਧੋਖਾ ਮਿਲ ਜਾਏ, ਤੁਸੀਂ ਅੰਦਰੋਂ ਹੀ ਬੁਝ ਜਾਵੋ। ਇਹ ਸਾਰੀਆਂ ਹੋਣੀਆਂ ਸੋਚਾਂ ਦਾ ਰੁਖ ਬਦਲ ਦਿੰਦੀਆਂ ਹਨ। ਸਾਰੇ ਫਾਰਮੂਲੇ ਧਰੇ ਧਰਾਏ ਰਹਿ ਜਾਂਦੇ ਹਨ। ਸੋ ਅੱਜ ਮੇਰੀ ਸਲਾਹ ਹੈ ਤੁਸੀਂ ਹਾਲਾਤ ਅਨੁਸਾਰ ਆਪਣੇ ਆਪ ਨੂੰ ਢਾਲਦੇ ਤੇ ਵਰਤਦੇ ਹੋਏ ਆਪਣੇ ਲਈ ਜਿਉਣਾ ਸਿੱਖੋ। ਇਹ ਸਾਰਾ ਕੰਮ ਧੰਦਾ ਜੀਵਨ ਲਈ ਹੈ ਨਾ ਕਿ ਇਹ ਜੀਵਨ ਕੰਮ ਲਈ ਹੋਵੇ'।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਕਮਾਲ ਕਰਦਾਂ ਜਰ ਭਾਪਾ..ਮੈਂ ਕੱਲਾ ਕੀ ਕਰੂੰ...



ਮੰਡੀ ਵਿੱਚੋਂ ਕਣਕ ਦਾ ਤੋਲ ਲਵਾ ਕੇ ਆਪਣੇ ਪੁੱਤ ਨੂੰ ਟਰੈਕਟਰ ਟਰਾਲੀ ਫੜਾ ਘਰ ਨੂੰ ਤੋਰ ਦਿੱਤਾ,,, ਤੇ ਆਪ ਸੈਂਕਲ ਚੱਕ ਸਿੱਧਾ ਆੜ੍ਹਤੀਏ ਦੀ ਹੱਟ ਤੇ ਆਇਆ...

ਕਿੰਨੇ ਸਾਰੇ ਡਰ...ਕਿੰਨੀਆਂ ਆਸਾਂ...

ਸਾਰੇ ਕਾਸੇ ਦੇ ਰਲੇਵੇਂ ਨਾਲ ਖੁਸ਼ਕ ਹੋਏ ਗਲ਼ ਨੂੰ ਤਰ ਕਰਨ ਖਾਤਰ ਸਾਹਮਣੇ ਪਏ ਵਾਟਰ ਕੂਲਰ ਤੋਂ ਚੂਲੀ ਨਾਲ ਦੋ ਕੁ ਘੁੱਟਾਂ ਭਰੀਆਂ.... ਸਿਰ ਤੇ ਵਲੇਟੀ ਪੱਗ ਤੇ ਹੱਥ ਮਾਰ ਕੇ ਗਰਦਾ ਝਾੜਿਆ ਤੇ ਸੇਠ ਹੁਰਾਂ ਦੇ ਸਾਹਮਣੇ ਪਰਚੀ

ਰੱਖ ਦਿੱਤੀ...

ਆੜ੍ਹਤੀਏ ਦੀਆਂ ਤੇਜ ਉਂਗਲਾਂ ਕੈਲਕੂਲੇਟਰ ਤੇ ਨੱਚੀਆਂ...

ਤੇ ਅਗਲੇ ਹੀ ਪਲ ਪੂਰਾ ਹਿਸਾਬ ਓਹਦੇ ਮੂਹਰੇ ਰੱਖ ਦਿੱਤਾ...

×;ਲੈ ਬਈ ਗੇਲਿਆ ਸਾਰਾ ਕੱਟ ਕਟਾ ਕੇ ਤਿੰਨ ਲੱਖ ਤੇ ਇਕੱਹਤਰ ਹਜਾਰ ਤੇਰੇ ਤੋਂ ਲੈਣੇ ਬਾਕੀ...×;

ਕਰਜੇ ਮਾਰੇ ਦੇ ਬੁੱਲ ਝੂਠਾ ਮੂਠਾ ਹੱਸੇ..

×;ਚੱਲ ਸੇਠਾ ਹੁਣ ਤਾਂ ਨੇੜ ਹੀ ਆ...ਨਾਲੇ ਯਰ ਐਤਕੀਂ ਤੈਨੂੰ ਮਾੜਾ ਜੇਆ ਕਸ਼ਟ ਕਰਨਾ ਪਊ... ਕੁੜੀ ਦਾ ਵਿਆਹ

ਰੱਖਿਆ ਵੇਆ...3 ਕੁ ਲੱਖ ਦੇਦੀਂ... ਬਾਕੀ ਅਗਲੀ ਫਸਲ ਤੇ ਕਰਲਾਂਗੇ...×;

×;ਓ ਕਿਹੜੀਆਂ ਗੱਲਾਂ ਚ ਫਿਰਦੈਂ ਗੇਲੇਆ...! ਤੂੰ ਆਹੀ ਮੋੜ ਦਵੇਂ ਤਾਂ ਪ੍ਰਸ਼ਾਦ ਵੰਡੂੰ ਮੈਂ....ਕਮਲਿਆ ਹੁਣ ਉਹ ਵੇਲੇ

ਲੰਘ ਚੱਲੇ...

ਸਰਕਾਰ ਹੁਣ ਸਿੱਧੇ ਥੋਡੇ ਖਾਤਿਆਂ ਚ ਪੈਸੇ ਪਾਇਆ ਕਰੂ...

ਸਾਡੇ ਹੀ ਮੋੜਦੇ...ਐਨਾ ਈ ਬਹੁਤ ਆ...×;

ਕਹਿ ਕੇ ਸੇਠ ਹੁਰਾਂ ਵਹੀ ਬੰਦ ਕਰ ਦਿੱਤੀ....

ਹੁਣ ਕਹਿਣ ਸੁਣਨ ਨੂੰ ਕੁਝ ਬਾਕੀ ਨਹੀਂ ਸੀ ਬਚਿਆ...

ਆਪਣੇ ਅੰਦਰ ਕਿੰਨੇ ਸਾਰੇ ਬੋਝ ਚੱਕੀ ਉਹ ਦੁਕਾਨ ਤੋਂ ਬਾਹਰ ਹੋ ਗਿਆ...

ਸੈਂਕਲ ਦਾ ਰੁਖ਼ ਵੱਡੀਆਂ ਨਹਿਰਾਂ ਵੱਲ ਨੂੰ ਹੋ ਤੁਰਿਆ...

ਜੰਗਾਲੇ ਪੈਡਲ ਚੂੰ-ਚੂੰ ਕਰਦੇ ਚੱਲਦੇ ਰਹੇ...ਰਾਹ ਚ ਕੱਸੀ ਤੇ ਖੁੱਲੇ ਠੇਕੇ ਤੋਂ ਪਊਆ ਫੜ ਗੀਝੇ ਚ ਪਾ ਮੁੜ ਸੈਂਕਲ

ਤੋਰ ਲਿਆ...ਸੋਚਿਆ ਬਈ ਮਰਨਾ ਕਿਹੜਾ ਚੌੜ ਦਾ ਕੰਮ ਆ...2 ਪੈਗ ਮਾਰ ਕੇ ਦਿਲ ਤਕੜਾ ਹੋਜੂ...

ਜੌੜੀਆਂ ਨਹਿਰਾਂ ਦਾ ਪੁਲ ਆਇਆ ....ਡੰਡੇ ਤੇ ਹੋ ਕੇ ਓਹਨੇ ਪੈਡਲਾਂ ਤੇ ਹੋਰ ਜੋਰ ਮਾਰਿਆ...

ਏਨੇ ਨੂੰ ਗੀਝੇ ਪਿਆ ਫੋਨ ਖੜਕਿਆ... ਸੈਂਕਲ ਰੋਕਿਆ ਤੇ ਫੋਨ ਕੱਢ ਧੁੰਦਲੀ ਜਿਹੀ ਸਕਰੀਨ ਤੇ ਹੱਥ ਦਾ ਕੋਕਲਾ

ਬਣਾ ਕੇ ਨੰਬਰ ਦੇਖਿਆ...

ਅੰਗੂਠਾ ਲਾਲ ਬਟਨ ਵੱਲ ਵਧਿਆ...ਪਰ ਰੁਕ ਗਿਆ...

ਮਨ ਕਰੜਾ ਕਰ ਕੇ ਫੋਨ ਕੰਨ ਨਾਲ ਲਾਇਆ

×;ਹਾਂ ਵਈ×;

×;ਓ ਭਾਪਾ ਕਿੱਥੇ ਰਹਿ ਗਿਆ ? ? ਐਨਾ ਟੈਮ... ?×;

×;ਓ ਕੁਸ਼ ਣੀ...ਕੰਮ ਸੀ ਮਾੜਾ ਜਾ...ਦੱਸ ਕੀ ਆ.. ?×;

×;ਭਾਪਾ ਛੇਤੀ ਆ ਜਰ...ਟੂਮ-ਟੱਲੇ ਦਾ ਵੀ ਕਰਨਾ ਕੁਸ਼...ਹੋਰ ਵੀ ਕਿੰਨਾਂ ਕੁਸ਼ ਕਰਨਾ ਹਜੇ.. ×;

×;ਓ ਤੂੰ ਆਪੇ ਕਰਲਾ... ਹਜੇ ਟੈਮ ਲੱਗੂ ਮੈਨੂੰ...ਐਮੇ ਹੁਣ ਫੂਨ ਨਾ ਕਰੀਂ...×;

×;ਕਮਾਲ ਕਰਦਾਂ ਜਰ ਭਾਪਾ...ਟੂਮਾਂ ਖਰੀਦਣੀਆਂ ਕੁੜੀ ਖਾਤਰ...ਮੈਂ ਕੱਲਾ ਕੀ ਕਰੂੰ ? ਹਦਾਰ-ਸ਼ਧਾਰ ਵੀ ਕਰਨਾ ਪੈਂਦਾ...ਨਾਲੇ ਤੂੰ ਤੇ ਬੀਬੀ ਆਪੇ ਪਸਿੰਦ ਕਰ ਲਿਓ....ਬੀ ਕੀ ਕੀ ਲੈਣਾ...ਸਾਨੂੰ ਕੀ ਪਤਾ ਹੁਣ ?×;

ਉਹਦੀਆਂ ਖੁਸ਼ਕ ਅੱਖਾਂ ਦੇ ਕੋਏ ਆਪ ਮੁਹਾਰੇ ਭਰ ਆਏ

...ਦੋਹੇਂ ਕੰਬਦੇ ਹੱਥਾਂ ਵਿੱਚੋਂ ਇੱਕ ਨੇ ਫੋਨ ਕੱਟ ਦਿੱਤਾ ਤੇ ਦੂਜੇ ਨੇ ਗੀਝੇ ਚੋਂ ਸ਼ਰਾਬ ਦਾ ਪਊਆ ਕੱਢ ਖੇਤਾਂ ਵੱਲ

ਵਗਾਹ ਮਾਰਿਆ...

ਸੈਂਕਲ ਪੁੱਠਾ ਮੁੜਿਆ....ਇੱਕ ਨਵੀਂ ਜੰਗ ਖਾਤਰ...ਜਿਹੜੀ ਇਹਨਾਂ ਬੋਲਾਂ ਨੇ ਛੇੜ ਦਿੱਤੀ ਸੀ -

×;ਕਮਾਲ ਕਰਦਾਂ ਜਰ ਭਾਪਾ...ਮੈਂ ਕੱਲਾ ਕੀ ਕਰੂੰ..×;



**: ਗੈਰੀ ਢਿੱਲੋਂ ਦੀ ਫੇਸ ਬੁੱਕ ਉਪਰੋਂ ਸਮੇਂ ਦੇ ਅਨਕੂਲ ਸਬਦਾਂ ਦੀ ਕਹਿਣੀ ਪੰਜਾਬੀ ਅਖਬਾਰ ਦੇ ਪਾਠਕਾਂ ਲਈ.**






# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀੰ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ।ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ ।ਸੰਪਰਕ: 403 604 2861***176***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ।ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਪਰਿਵਾਰ ਦੇ ਲੜਕੇ ,1994, 5 ਫੁੱਟ,10 ਇੰਚ, ਲਈ ਕਨੇਡੀਅਨ ਪੀਆਰ ,ਵਰਕ ਪਰਮਿਟ ਜਾਂ ਘੱਟੋ ਘੱਟ 6.5 ਬੈਂਡ ਵਾਲੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੀ ਵੱਡੀ ਭੈਣ ਕਨੇਡੀਅਨ ਸਿਟੀਜਨ ਹੈ। ਵਟਸਐਪ: 001 204 998 5221 ***175***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਸੰਧੂ ਪਰਿਵਾਰ ਦੇ ਲੜਕੇ ਉਮਰ 38 ਸਾਲ, ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਗਰੇਡ 12 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਅਸੀਂ ਸਧਾਰਣ ਰਹਿਣੀ ਬਹਿਣੀ ਵਾਲੀ ਲੜਕੀ ਦੇਖ ਰਹੇ ਹਾਂ ।ਹਲਕੀ ਅਪਾਹਜਤਾ ਵੀ ਵਿਚਾਰਨਯੋਗ ਹੈ। ਲੜਕਾ ਸਰਾਬ ਜਾਂ ਸਿਗਰਟਨੋਸੀ ਤੋਂ ਬਿਲਕੁੱਲ ਮੁਕਤ ਹੈ।ਜਾਤ-ਪਾਤ ਦਾ ਕੋਈ ਬੰਧਨ ਨਹੀਂ।ਤਲਾਕ ਸੁਦਾ ਬਿਨਾ ਬੱਚੇ ਤੋਂ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕਾਲ: 587 889 1585 ਜਾਂ 403 285 5195 ***175***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਰਹਿੰਦੇ ਲੜਕੇ ਉਮਰ 31 ਸਾਲ, ਕੱਦ 6 ਫੁੱਟ 1 ਇੰਚ, ਵਿਦਿਅਕ ਯੋਗਤਾ : ਆਟੋ ਮੋਬਾਇਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦੇ ਭੈਣ ਭਰਾ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ। ਵਰਕ ਪਰਮਿਟ, ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 780 600 3600 ***175***

### ਲੜਕੀ ਦੀ ਲੋੜ

Gill Jat Sikh parents seeking a well-educated girl for their 27 years old son, 6 feet, teetotaler, graduated from a Canadian University and working as a Civil Engineer in Calgary, AB. Well settled family in Calgary, and Punjab (Malwa), possess urban-rural properties. Please share photos and particulars at first instance. +91-94177-58985 (IND), +1(306)850-5505 (CA) or email at gillwed2020@gmail.com.***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ, ਗੁਰਸਿੱਖ ਪਰਿਵਾਰ ਦੀ ਅੰਮ੍ਰਿਤਧਾਰੀ ਤਲਾਕ ਸੁਦਾ ਲੜਕੀ ,ਉਮਰ 33 ਸਾਲ, ਕੱਦ 5 ਫੁੱਟ 3 ਇੰਚ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਸਿਰਫ ਉਹੀ ਸੰਪਰਕ ਕਰਨ ਜੋ ਲੜਕੀ ਦੇ ਨਾਲ ਰਹਿੰਦੀ ਉਸਦੀ 9 ਸਾਲ ਦੀ ਬੇਟੀ ਨੂੰ ਅਡੌਪਟ ਕਰ ਸਕਦਾ ਹੋਵੇ ।ਤਲਾਕ ਸੁਦਾ ਲੜਕੇ ਨੂੰ ਪਹਿਲ।ਹੋਰ ਜਾਣਕਾਰੀ ਲਈ ਸੰਪਰਕ ਕਰੋ ।: 587 917 0234***175***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਰਾਮਗੜੀਆਂ ਮਠਾੜੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਯੂਨੀਵਰਿਸਟੀ ਆਫ ਕੈਲਗਰੀ ਤੋਂ ਆਰ ਐਨ, ਬੀਐਸ ਐਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡਾ ਤੋਂ ਹੀ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 403 402 9508 ***175***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਤਲਾਕ ਸੁਦਾ ਲੜਕੀ ਉਮਰ 32 ਸਾਲ ,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ BA, PGDCA, MSC ਲਈ ਹਾਣ ਪ੍ਰਵਾਣ ਦੇ ਕਨੇਡੀਅਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 891 3187 *** 174***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਵੈੱਲ ਸੈਟਲਡ ਉਮਰ 30 ਸਾਲ , ਕੱਦ 5 ਫੁੱਟ 10 ਇੰਚ , ਕੈਲਗਰੀ ਵਿੱਚ ਆਪਣੇ ਘਰ ਦੇ ਮਾਲਕ ਅਤੇ ਚੰਗਾ ਬਿਜਨਿਸ ਚਲਾ ਰਹੇ ਸੋਹਣੇ ਸੁਨੱਖੇ ਲੜਕੇ ਲਈ ਪੜੀ ਲਿਖੀ,ਲੰਬੀ,ਸੁੰਦਰ ਸਸੀਲ , ਛੋਟੀ ਉਮਰ ਵਾਲੀ ਖਾਨਦਾਨੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕੰਪਿਊਟਰ ਦੀ ਜਾਣਕਾਰੀ ਰੱਖਣ ਵਾਲੀ ਕਨੇਡੀਅਨ ਪੀ ਆਰ ਲੜਕੀ ਨੂੰ ਪਹਿਲ। ਕਿਰਪਾ ਕਰਕੇ ਪਹਿਲਾਂ ਲੜਕੀ ਦੀਆਂ ਫੋਟੋਆਂ , ਪਰਿਵਾਰਕ ਜਾਣਕਾਰੀ, ਵਟਸਐਪ ਕਰੋ । ਇੰਡੀਆ ਰਹਿੰਦੀ ਸੁੰਦਰ ਲੜਕੀ ਵੀ ਵਿਚਾਰਨਯੋਗ ਹੋ ਸਕਦੀ ਹੈ । (Prenapture Must) ਸੰਪਰਕ ਫੋਨ ਕਾਲ ਜਾਂ ਵਟਸਐਪ ਕਰ ਸਕਦੇ ਹੋ : : 587 429 7878 , ਇੰਡੀਆ : 9815093010 *** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਕਨੇਡੀਅਨ ਸਿਟੀਜਨ ਲੜਕੇ ,ਉਮਰ 27 ਸਾਲ ਲਈ ਪੜੀ ਲਿਖੀ ਸੁੰਦਰ ਲੜਕੀ ਦੇ ਰਿਸਤੇ ਦੀ ਜਰੂਰਤ ਹੈ। ਲੜਕੀ ਦਾ ਕੱਦ 5 ਫੁੱਟ 4 ਇੰਚ ਤੋਂ ਘੱਟ ਨਾ ਹੋਵੇ।ਸਿਰਫ ਉਹੀ ਸੰਪਰਕ ਕਰਨ ਜੋ ਇਸ ਵੇਲੇ ਕਨੇਡਾ ਵਿੱਚ ਹੀ ਹੋਣ ਉਹ ਚਾਹੇ ਵਰਕ ਪਰਮਿਟ ਜਾਂ ਸਟੂਡੈਂਟ ਵੀ ਹੋ ਸਕਦੇ ਹਨ।ਮਾਲਵਾ ਇਲਾਕੇ ਨੂੰ ਪਹਿਲ।ਕਾਲ: 587 966 4139 ਜਾਂ 403 918 2416 ***174***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is a Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com*** 174***

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਪੰਜਾਬ ਦੇ ਜੰਮਪਲ, ਕਨੇਡੀਅਨ ਸਿਟੀਜਨ ਲੜਕੇ ਉਮਰ 26 ਸਾਲ, ਕੱਦ 5 ਫੁੱਟ 11 ਇੰਚ,ਲਈ ਸੋਹਣੀ ਸੁਨੱਖੀ,ਪੜੀ ਲਿਖੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 204 999 9481 ਜਾਂ 204 998 7241 *** 174***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਪਰਿਵਾਰ ਦੇ ਵੈਸਨੂੰ ਤਲਾਕਸੁਦਾ ਲੜਕੇ , ਉਮਰ 35 ਸਾਲ ,ਕੱਦ 5 ਫੁੱਟ 9 ਇੰਚ ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਪਹਿਲਾ ਵਾਲੇ ਵਿਆਹ ਵਿੱਚੋਂ ਇੱਕ ਲੜਕੀ ਉਮਰ 7 ਸਾਲ ,ਉਹ ਬਾਪ ਦੇ ਨਾਲ ਹੀ ਰਹਿੰਦੀ ਹੈ।ਹੋਰ ਜਾਣਕਾਰੀ ਲਈ ਸੰਪਰਕ ਕਰੋ: 1 780 340 2434 ***173***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਕੈਲੇ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ 3 ਸਾਲਾ ਇਲੈਕਟ੍ਰੀਕਲ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਲੜਕੇ ਦੀ ਭੈਣ ਅਤੇ ਮਾਪੇ ਕਨੇਡਾ ਪੱਕੇ ਤੌਰ ਤੇ ਸੈਟਲ ਹਨ ਜੋ ਲੜਕੇ ਨੂੰ ਵਿਆਹ ਉਪਰੰਤ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੇ ਹਨ।ਸਟੂਡੈਂਟਸ ਜਾਂ ਵਰਕ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ : 587 968 0064 raman13088@yahoo.com ***173***

### ਲੜਕੇ ਦੀ ਲੋੜ

ਪੰਜਾਬ ਦੇ ਮੋਗਾ ਜਿਲੇ ਨਾਲ ਸਬੰਧਿਤ ਬਰਾੜ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਇੰਡੀਆ ਤੋਂ ਬੀ ਟੈਕ ਦੀ ਡਿਗਰੀ ਉਪਰੰਤ ਕਨੇਡਾ ਵਿੱਚ 2 ਸਾਲ ਦੀ ਸਟੱਡੀ ਅਤੇ ਹੁਣ 3 ਸਾਲ ਦਾ ਕਨੇਡੀਅਨ ਵਰਕ ਪਰਮਿਟ ਹੋਲਡਰ ਲਈ ਕਨੇਡਾ ਤੋਂ ਹੀ ਹਾਣ ਪ੍ਰਵਾਣ ਦੇ ਰਿਸਤੇ ਦੀ ਲੋੜ ਹੈ ।ਵਿਨੀਪੈਗ ਰਹਿੰਦੇ ਮੋਗਾ ਅਤੇ ਬਠਿੰਡਾ ਜਿਲਾ ਦੇ ਪਰਿਵਾਰਾਂ ਨੂੰ ਪਹਿਲ ।ਸੰਪਰਕ: 431 335 3127 ***173***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਨਸਾ ਰਹਿਤ, ਹਿਉਮਨ ਰਿਸੋਰਸ ਡਿਪਲੋਮਾਂ ਹੋਲਡਰ, ਵਿਨੀਪੈਗ ਟਰਾਂਜਿਟ ਵਿੱਚ ਸੁਪਰਵਾਈਜਰ ਦੀ ਜੌਬ ਕਰਦੇ ਲੜਕੇ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸਤੇ ਦੀ ਲੋੜ ਹੈ।ਸਟੂਡੈਂਟ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ: 204 908 0011 ਜਾਂ 204 955 9199 **173**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ, ਸੇਟ ਕਾਲਿਜ ਕੈਲਗਰੀ ਤੋਂ ਇਲੈਟਰੀਕਲ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਘਰ ਹੈ ਅਤੇ ਬਿਜਨਿਸ ਦੇ ਤੌਰ ਤੇ ਆਪਣੀ ਹੀ ਇਲੈਕਟਰੀਕਲ ਕੰਪਨੀ ਚਲਾ ਰਿਹਾ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਕਾਲ : 403 926 3620 **172**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 20 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ, ਲਈ ਕਨੇਡਾ ਤੋਂ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦਾ ਬਾਕੀ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲ ਹੈ ,ਉਹ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਉਸਦੀ ਮੱਦਦ ਵੀ ਕਰ ਸਕਦੇ ਹਨ। ਸੰਪਰਕ: 587 707 3542 ਜਾਂ 403 918 6462 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ , ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਪੱਕੇ ਤੌਰ 'ਤੇ ਸੈਟਲ ਹੈ। ਸਟੂਡੈਂਟ ਜਾਂ ਵਿਜਟਿਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 825 712 3370 ਜਾਂ 587 349 0901 ***172***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਇੰਗਲੈਂਡ ਵਿੱਚ ਬਿਨਾ ਪੇਪਰਾਂ ਤੋਂ ਰਹਿ ਰਹੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ।ਧਰਮ ਜਾਂ ਜਾਤਪਾਤ ਦੀ ਕੋਈ ਬੰਦਿਸ ਨਹੀਂ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 1 306 409 0086 **171**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਚੰਗੀ ਜਮੀਨ ਜਾਇਦਾਦ ਦੇ ਮਾਲਕ, ਵਰਕ ਪਰਮਿਟ ਉੱਪਰ ਕਨੇਡਾ ਆਏ ਗੁਰਸਿੱਖ ਲੜਕੇ ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕਨੇਡੀਅਨ ਪੀ ਆਰ, ਹਾਣ ਪਰਵਾਣ ਦੇ ਰਿਸਤੇ ਦੀ ਲੋੜ ਹੈ ।ਤਲਾਕ ਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੇ ਦੇ ਮਾਤਾ ਪਿਤਾ ਇਸ ਦੁਨੀਆ ਵਿੱਚ ਨਹੀਂ ਰਹੇ, ਇਸ ਲਈ ਉਹ ਆਪਣੀ ਭੈਣ ਕੋਲ ਹੀ ਰਹਿੰਦਾ ਹੈ। ਸੰਪਰਕ: 587 439 1671,587 439 1691 ਜਾਂ 403 466 8975 **171**

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 9 ਇੰਚ, ਲਈ ਕਨੇਡੀਅਨ ਪੀਆਰ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਭੈਣ ਕਨੇਡਾ ਸੈਟਲ ਹੈ ਜੋ ਕਿ ਲੜਕੇ ਨੂੰ ਕਨੇਡਾ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ।ਸਟੱਡੀ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ 403 606 8069 ਜਾਂ 88729 30058 **171**

### ਲੜਕੀ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੇ ਪੰਜਾਬ ਰਹਿੰਦੇ ਲੜਕੇ ਉਮਰ 28 ਸਾਲ ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ BA, ELE Diploma ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟਸ ਵੀਜਾ ਜਾਂ ਜਿਸ ਲੜਕੀ ਨੇ ਇੰਡੀਆ ਵਿੱਚ ਨੈਨੀ ਦਾ ਕੋਰਸ ਕੀਤਾ ਹੋਵੇ ਭਾਂਵੇ ਉਹ ਇੰਡੀਆ ਹੀ ਰਹਿੰਦੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ।ਮੁੰਡੇ ਦੀ ਕਜਨ ਸਿਸਟਰ ਕਨੇਡਾ ਹੈ ਅਤੇ ਉਸ ਦਾ ਆਪਣਾ ਬਿਜ਼ਨਸ ਹੈ।ਉਹ ਮੁੰਡੇ ਨੂੰ ਸੈਟਲ ਹੋਣ ਵਿੱਚ ਮੱਦਦ ਕਰ ਸਕਦੀ ਹੈ।ਸੰਪਰਕ: 403 404 0942 ਜਾਂ 9463110132 **171**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਦੁਆਬਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੋਵੇ। ਦੁਆਬਾ ਇਲਾਕੇ ਨੂੰ ਪਹਿਲ।ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091**171**

### ਲੜਕੇ ਦੀ ਲੋੜ

ਜੱਟ ਸਿੱਖ ਪਨਾਗ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਧਾਰੀ ਲੜਕੀ ,ਉਮਰ 28 ਸਾਲ, ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਬੀ ਸੀ ਏ , ਤਿੰਨ ਸਾਲ ਤੋਂ ਨੌਕਰੀ ਕਰ ਰਹੀ ਲਈ, ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਲੜਕੀ ਦੀ ਵੱਡੀ ਭੈਣ ਕਨੇਡਾ ਸੈਟਲਡ ਹੈ। ਸੰਪਰਕ: 1 780 909 6655 **171**

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਅਣਮੈਰਿਡ ਐਸ ਸੀ ਪਰਿਵਾਰ ਦੀ ਚੰਗੀ ਪੜੀ ਲਿਖੀ ਲੜਕੀ ,ਉਮਰ 38 ਸਾਲ , ਕੱਦ 5 ਫੁੱਟ 3 ਇੰਚ , ਚੰਗੀ ਨੌਕਰੀ ਕਰਦੀ ਲੜਕੀ ਲਈ ਰਿਸਤਾ ਚਾਹੀਦਾ ਹੈ ।ਵਿਜਟਿਰ ,ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ।ਸੰਪਰਕ: 1 204 295 0178 **171**

### ਲੜਕੇ ਦੀ ਲੋੜ

ਜੱਟ ਸਿੱਖ ਤਤਲਾ ਪਰਿਵਾਰ ਦੀ ਪੰਜਾਬ ਰਹਿੰਦੀ ਅੰਮ੍ਰਿਤਧਾਰੀ ਲੜਕੀ ਉਮਰ 24 ਸਾਲ ਕੱਦ 5 ਫੁੱਟ 7 ਇੰਚ ਵਿਦਿਅਕ ਯੋਗਤਾ BSC Nursing ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਅੰਮ੍ਰਿਤਧਾਰੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਭਰਾ ਭਰਜਾਈ ਕੈਲਗਰੀ ਵਿੱਚ ਪੱਕੇ ਤੌਰ 'ਤੇ ਸੈਟਲ ਹਨ। ਲੜਕੀ ਅਤੇ ਲੜਕੀ ਦੇ ਮਾਤਾ ਪਿਤਾ ਕੋਲ ਕਨੇਡਾ ਦਾ ਵਿਜਟਰ ਵੀਜਾ ਹੈ। ਵਿਆਹ ਇੰਡੀਆ ਜਾਂ ਕੈਲਗਰੀ ਵੀ ਕੀਤਾ ਜਾ ਸਕਦਾ ਹੈ।ਸੰਪਰਕ: 587 968 5620 **172**

### ਲੜਕੀ ਦੀ ਲੋੜ

"ਕਨੇਡਾ ਵਿੱਚ ਵਰਕ ਪਰਮਿਟ ਉੱਪਰ ਰਹਿ ਰਹੇ ਜੱਟ ਸਿੱਖ ਔਲਖ ਪਰਿਵਾਰ ਦੇ ਸੋਹਣੇ ਸੁਨੱਖੇ ਮਿਹਨਤੀ ਕਮਾਊ ਲੜਕੇ ਉਮਰ 32 ਸਾਲ , ਕੱਦ 5 ਫੁੱਟ 11 ਇੰਚ, ਆਈ ਟੀ ਆਈ ਤੋਂ ਇਲੈਕਟਰੀਸ਼ਨ ਦੇ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 403 464 7626 **170**

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੀ ਇੰਡੀਆ ਦੀ ਜੰਮਪਲ,ਪੜੀ ਲਿਖੀ ਸੋਹਣੀ ਸੁਨੱਖੀ ਲੜਕੀ ਉਮਰ 36 ਸਾਲ, ਕੱਦ 5 ਫੁੱਟ 6 ਇੰਚ, ਬਿਲਕੁੱਲ ਵੈਸ਼ਨੂੰ,ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਨਸ਼ਾ ਰਹਿਤ ਲੜਕੇ ਦੇ ਰਿਸਤੇ ਦੀ ਲੋੜ ਹੈ। ਕ੍ਰਿਪਾ ਕਰਕੇ ਵਰਕ ਪਰਮਿਟ ਵਾਲੇ,ਵਿਜਟਰ ਜਾਂ ਸਟੂਡੈਂਟ ਫੋਨ ਨਾ ਕਰਨ।ਕਾਲ: 587 500 3744 **170**

### ਜੀਵਨ ਸਾਥੀ ਦੀ ਲੋੜ

"ਕੈਲਗਰੀ ਵਾਸੀ 37 ਸਾਲਾ ਵਿਧਵਾ ਹੋਈ ਸੁਨਿਆਰਾ ਖਾਨਦਾਨ ਦੇ ਪਰਿਵਾਰ ਨਾਲ ਸਬੰਧਿਤ ਲੜਕੀ ਕੱਦ 5 ਫੁੱਟ 6 ਇੰਚ ਲਈ ਹਾਣ ਪਰਵਾਣ ਦੀ ਉਮਰ ਦੇ ਜੀਵਨ ਸਾਥੀ ਦੀ ਲੋੜ ਹੈ। ਦੋ ਬੇਟੇ ਜਿਹਨਾ ਦੀ ਉਮਰ 12 ਅਤੇ 14 ਸਾਲ ਹੈ ਉਹ ਵੀ ਮਾਂ ਦੇ ਨਾਲ ਹੀ ਰਹਿੰਦੇ ਹਨ। ਡਿਵੋਰਸ ਕੇਸ ਵਾਲੇ ਜਾਂ ਜੱਟ ਪਰਿਵਾਰ ਨਾਲ ਸਬੰਧਿਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 403 397 6413 **172**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000**

## ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**

## ਨੈਨੀ ਦੀ ਲੋੜ

ਕੈਲਗਰੀ ਵੱਸਦੇ ਪੰਜਾਬੀ ਪਰਿਵਾਰ ਨੂੰ ਨੈਨੀ ਦੀ ਜਰੂਰਤ ਹੈ। ਪੰਜਾਬੀ ਜੁਬਾਨ ਬੋਲਣੀ ਆਉਂਦੀ ਜਰੂਰੀ ਹੈ। ਰੋਟੀ ਪਾਣੀ ਸਮੇਤ ਘਰ ਦਾ ਸਾਰਾ ਕੰਮ ਕਰਨਾ ਆਉਣਾ ਚਾਹੀਦਾ ਹੈ । ਵਿਜਟਿਰ ਵੀਜੇ ਉੱਪਰ ਆਏ ਯੋਗ ਉਮੀਂਦਵਾਰ ਨੂੰ elderly care catagory ਪ੍ਰੋਗਰਾਮ ਤਹਿਤ ਸਪਾਂਸਰ ਵੀ ਕੀਤਾ ਜਾ ਸਕਦਾ ਹੈ । ਯੋਗ ਤਨਖਾਹ ਦਿੱਤੀ ਜਾਵੇਗੀ ।ਸੰਪਰਕ: 403 200 6735 ***172***

## ਕੂੜਾ ਕਰਕਟ ਸੁੱਟਣ ਵਾਲਿਆਂ ਜਹਾਜਾਂ ਨੂੰ ਨੇੜਿਓਂ ਦੇਖਣ ਵਾਲੀ ਓਪਨ ਗੈਲਰੀ ਵੀ ਕਰਵਾ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਏਅਰਪੋਰਟ 'ਤੇ ਉਤਰਦੇ ਅਤੇ ਇੱਥੋਂ ਚੜ੍ਹਦੇ ਜਹਾਜ਼ਾਂ ਨੂੰ ਵੇਖਣ ਵਾਸਤੇ ਨਿਰਧਾਰਿਤ ਕੀਤੀ ਥਾਂ ਕੈਲਗਰੀ ਏਅਰਪੋਰਟ ਅਥੌਰਿਟੀ ਨੇ ਸ਼ਹਿਰਵਾਸੀਆਂ ਵਾਸਤੇ ਬੰਦ ਕਰ ਦਿੱਤੀ ਹੈ। ਕਈ ਸ਼ੌਕੀਨ ਜਹਾਜ਼ਾਂ ਦੀਆਂ ਤਸਵੀਰਾਂ ਖਿੱਚਣ ਅਤੇ ਬੱਚਿਆਂ ਨੂੰ ਵਿਖਾਉਣ ਅਤੇ ਖੁਦ ਦੇਖਣ ਲਈ ਆਉਂਦੇ ਸਨ ਪਰ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਇਸ ਥਾਂ ਨੂੰ ਬੰਦ ਕਰ ਦਿੱਤਾ ਗਿਆ ਹੈ।

## Hiring !

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

## BBB and Canadian Association of Movers This spring may your move be smooth

CALGARY (Punjabi Akhbaar Bureau) May is Moving Month at Better Business Bureau. Moving can also be one of the most stressful events in one's life. Add in a public health crisis, this stress can seem monumental and overwhelming. That's why BBB together with the Canadian Association of Movers (CAM) is providing consumers with information on how to make their move - smooth.

"The spring months are typically the busiest time to arrange for your summer move," says Mary O'Sullivan-Andersen, president and CEO of BBB Serving Southern Alberta and East Kootenay. "That's why we are proudly working in partnership with the Canadian Association of Movers to get the word out about how to hire a reputable mover that will deliver your household goods under the terms as outlined."

She adds, "Unfortunately there are unscrupulous operators that are ready to take advantage of consumers who are under stress. Take your time to find a company with a solid reputation."

Nancy Irvine, president of the Canadian Association of Movers says the key to a less stressful move is research.

"We urge consumers to do their due diligence before hiring a mover," she says. "When trusting all of your belongings to someone, it's worth doing the background work by researching your mover to avoid future heartache."

She adds, "The pandemic dictates that everyone considering a move this spring take extra precautions in terms of health and safety. We have developed this help sheet to assist consumers."

Help Sheet: How to pack up your house and move safely during Coronavirus:

BBB and CAM also encourage consumers to be mindful of these moving misfortunes.

Fly-by-night movers: Movers show up in an unmarked rental truck rather than a clearly marked company-owned fleet truck and take off with your possessions. Only when you have arrived at your new residence do you discover your things didn't make the journey with you. Most professional movers wear uniforms, undergo background checks, and will provide complete paperwork with an order number for tracking purposes.

Holding your belongings hostage: The move seems to be going smoothly until you arrive at your new home and the movers demand more money before releasing your things from storage.

## Tractor Trucks for Lease

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
**Please Contact:**

FRESH FREIGHT




**KulbirShergill Fresh Freight Ltd**
**Phone or Text- 403-510-0070**
**Email: info@freshfreight.ca**

## A-CHOICE DRIVING SCHOOL

Bay# 324, 4774 Westwinds Dr NE
Calgary Alberta T3J 0L9
Tel: 403-473-1682



# ਨਸ਼ਿਆਂ ਦੀ ਲਾਹਨਤ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062



ਨਸ਼ੇ ਅੱਜ ਪੰਜਾਬ ਦੇ ਘਰ ਘਰ ਦੀ ਕਹਾਣੀ ਬਣ ਗਏ ਹਨ। ਕੋਈ ਸਮਾਂ ਸੀ ਜਦੋਂ ਲੜਕੀ ਦਾ ਰਿਸ਼ਤਾ ਕਰਨ ਲੱਗਿਆਂ ਲੋਕ ਪੁੱਛਦੇ ਹੁੰਦੇ ਸੀ ਕਿ ਲੜਕਾ ਸ਼ਰਾਬ ਤਾਂ ਨਹੀਂ ਪੀਂਦਾ? ਸ਼ਰਾਬ ਪੀਣਾ ਬਹੁਤ ਹੀ ਬੁਰੀ ਗੱਲ ਸਮਝੀ ਜਾਂਦੀ ਸੀ, ਰਿਸ਼ਤਾ ਨਹੀਂ ਸੀ ਹੁੰਦਾ। ਪਰ ਹੁਣ ਪੁੱਛਿਆ ਜਾਂਦਾ ਹੈ ਕਿ ਲੜਕਾ ਕੋਈ ਨਸ਼ਾ ਤਾਂ ਨਹੀਂ ਕਰਦਾ? ਜੇ ਅੱਗੋਂ ਜਵਾਬ ਮਿਲੇ ਕਿ ਜੀ ਇਹ ਸ਼ਰਾਬ ਪੀਂਦਾ ਹੈ ਤਾਂ ਝੱਟ ਕਹਿੰਦੇ ਹਨ ਕਿ ਸ਼ਰਾਬ ਨੂੰ ਛੱਡੋ ਜੀ, ਕੋਈ ਵੱਡਾ ਨਸ਼ਾ ਤਾਂ ਨਹੀਂ ਕਰਦਾ? ਮਤਲਬ ਹੁਣ ਸਿੰਥੈਟਿਕ ਨਸ਼ਿਆਂ ਦੇ ਮੁਕਾਬਲੇ ਸ਼ਰਾਬ ਪੀਣਾ ਸ਼ਰਾਫਤ ਵਾਲੀ ਗੱਲ ਹੈ। ਨਸ਼ੇ ਸਾਰੇ ਭਾਰਤ ਵਿੱਚ ਹੀ ਵਰਤੇ ਜਾਂਦੇ ਹਨ, ਪਰ ਕੈਨੇਡਾ, ਅਮਰੀਕਾ ਅਤੇ ਯੂਰਪ ਤੱਕ ਨਸ਼ਾ ਵਰਤਣ ਅਤੇ ਵੇਚਣ ਲਈ ਪੰਜਾਬੀ ਹੀ ਜਿਆਦਾ ਬਦਨਾਮ ਹਨ। ਕੈਨੇਡਾ ਵਿੱਚ ਤਾਂ ਹਰੇਕ ਤੀਸਰੇ ਚੌਥੇ ਦਿਨ ਕਿਸੇ ਨਾ ਕਿਸੇ ਪੰਜਾਬੀ ਦੇ ਡਰੱਗਾਂ ਸਬੰਧੀ ਝਗੜਿਆਂ ਵਿੱਚ ਮਾਰੇ ਜਾਣ ਦੀ ਖਬਰ ਆਈ ਹੀ ਰਹਿੰਦੀ ਹੈ। ਪੰਜਾਬ ਦੇ ਨਾਲ ਲੱਗਦੇ ਪ੍ਰਾਂਤ ਰਾਜਸਥਾਨ ਵਿੱਚ ਅਫੀਮ ਦੀ ਖੇਤੀ ਹੁੰਦੀ ਹੈ ਅਤੇ 3-4 ਸਾਲ ਪਹਿਲਾਂ ਤੱਕ ਭੁੱਕੀ ਦੇ ਸਰਕਾਰੀ ਠੇਕੇ ਵੀ ਸਨ। ਪਰ ਉਹਨਾਂ ਠੇਕਿਆਂ 'ਤੇ ਵਪੰਜਾਬੀਆਂ ਦਾ ਹੀ ਮੇਲਾ ਲੱਗਾ ਰਹਿੰਦਾ ਸੀ, ਰਾਜਸਥਾਨੀ ਖੁਦ ਬਹੁਤ ਘੱਟ ਭੁੱਕੀ ਅਤੇ ਅਫੀਮ ਦੀ ਵਰਤੋਂ ਕਰਦੇ ਹਨ।

ਪੰਜਾਬ ਵਿੱਚ ਇਸ ਵੇਲੇ ਮੁੱਖ ਨਸ਼ੇ ਮੈਡੀਕਲ ਸਟੋਰਾਂ 'ਤੇ ਵਿਕਣ ਵਾਲੇ ਟੀਕੇ, ਗੋਲੀਆਂ ਅਤੇ ਸ਼ੀਸ਼ੀਆਂ, ਅਫੀਮ, ਹੈਰੋਇਨ, ਸਮੈਕ, ਚਿੱਟਾ ਅਤੇ ਆਈਸ ਆਦਿ ਹਨ। ਸਿੰਥੈਟਿਕ ਨਸ਼ਿਆਂ ਵਿੱਚ ਟਰੌਮਾਡੌਲ, ਐਲਪਰੌਮਾਜੋਲ, ਕੈਰੀਸੋਮਾ, ਐਲਪਰੈਕਸ, ਐਸਾਰ, ਮੋਨੋਟੈਲ, ਲੋਪਾਮਾਈਡ, ਸ਼ੀਸ਼ੀਆਂ (ਕੌਰੈਕਸ, ਕੋਰੋਡਾਈਲ, ਰੈਸਕੌਫ, ਬੀਨਾਡਰੈਲ) ਅਤੇ ਟੀਕੇ ਡਾਇਜ਼ਾਪਾਮ ਅਤੇ ਮਾਰਫੀਨ ਆਦਿ ਹਨ। ਨਸ਼ੇ ਦੀ ਸ਼ੁਰੂਆਤ ਹਮੇਸ਼ਾਂ ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਜਾਂ ਅਵਾਰਾ ਛੋਕਰਿਆਂ ਨੂੰ ਕੌਰੇਕਸ-ਫੈਂਸੀਡਿਲ ਦੀਆਂ ਸ਼ੀਸ਼ੀਆਂ ਜਾਂ ਲੋਪਾਮਾਈਡ ਆਦਿ ਦੀਆਂ ਗੋਲੀਆਂ ਖਵਾ ਕੇ ਕੀਤੀ ਜਾਂਦੀ ਹੈ। ਜਦੋਂ ਇੱਕ ਵਾਰ ਨਸ਼ਾ ਹੱਡਾਂ ਵਿੱਚ ਰਚ ਜਾਵੇ ਤਾਂ ਬਾਅਦ ਵਿੱਚ ਇਸ ਤੋਂ ਬਗੈਰ ਸਰਦਾ ਨਹੀਂ। ਹੌਲੀ ਹੌਲੀ ਕਪੈਸਟੀ ਵਧਦੀ ਜਾਂਦੀ ਹੈ ਤੇ ਦੋ ਚਾਰ ਗੋਲੀਆਂ ਖਾਣ ਵਾਲਾ ਬੰਦਾ 100-100 ਗੋਲੀਆਂ ਦੇ ਫੱਕੇ ਮਾਰਨ ਲੱਗ ਜਾਂਦਾ ਹੈ। ਪਿੰਡਾਂ ਵਿੱਚ ਦਿਹਾੜੀਦਾਰ ਮਜ਼ਦੂਰ ਸਵੇਰੇ 100 ਰੁ. ਦੀਆਂ ਗੋਲੀਆਂ ਖਾ ਕੇ ਕੰਮ 'ਤੇ ਤੁਰਦੇ ਹਨ ਤੇ ਸ਼ਾਮ ਨੂੰ 100 ਰੁ. ਦੀ ਦਾਰੂ ਪੀ ਜਾਂਦੇ ਹਨ। 50 ਰੁ ਦੀ ਸਬਜ਼ੀ ਜਾਂ ਫਲ ਲੈਣ ਲੱਗਿਆਂ ਸਾਰੀ ਮੰਡੀ ਵਿੱਚੋਂ ਰੇਟ ਪਤਾ ਕਰਨ ਵਾਲੇ ਸ਼ਰਾਬ ਦੇ ਠੇਕੇ ਜਾਂ ਨਸ਼ੇ ਦੇ ਵਪਾਰੀ ਨੂੰ ਕਦੇ ਰੇਟ ਨਹੀਂ ਪੁੱਛਦੇ, ਬੱਸ ਮਾਲ ਮਿਲਣਾ ਚਾਹੀਦਾ ਹੈ।

ਪੰਜਾਬ ਦੀ ਨੌਜਵਾਨੀ ਨੂੰ ਕਲੰਕ ਬਣ ਕੇ ਚੰਬੜੇ ਨਸ਼ੇ ਹੈਰੋਇਨ ਦੀ ਖੋਜ ਸੇਂਟ ਮੇਰੀ ਮੈਡੀਕਲ ਕਾਲਜ (ਲੰਡਨ) ਦੇ ਇੱਕ ਵਿਗਿਆਨੀ ਚਾਰਲਸ ਰੋਮਲੇ ਐਲਡਰ ਰਾਈਟ ਨੇ 1874 ਈ. ਵਿੱਚ ਕੀਤੀ ਸੀ। ਦਵਾਈ ਦੇ ਤੌਰ 'ਤੇ ਹੋਈ ਇਹ ਖੋਜ ਹੌਲੀ ਹੌਲੀ ਅਫਗਾਨਿਸਤਾਨ-ਬਰਮਾ-ਥਾਈਲੈਂਡ ਦੇ ਸਮੱਗਲਰਾਂ ਦੇ ਹੱਥਾਂ ਤੱਕ ਪਹੁੰਚ ਗਈ। ਹੁਣ ਸੰਸਾਰ ਦੀ 90% ਅਫੀਮ ਅਤੇ ਹੈਰੋਇਨ ਅਫਗਾਨਿਸਤਾਨ ਵਿੱਚ ਪੈਦਾ ਹੁੰਦੀ ਹੈ। 16 ਕਿੱਲੋ ਅਫੀਮ ਤੋਂ ਇੱਕ ਕਿੱਲੋ ਹੈਰੋਇਨ ਬਣਦੀ ਹੈ ਤੇ 2018 ਵਿੱਚ ਕਰੀਬ 17 ਲੱਖ ਕਿੱਲੋ ਹੈਰੋਇਨ ਪੈਦਾ ਹੋਈ ਸੀ। ਕਈ ਦਹਾਕਿਆਂ ਤੋਂ ਗੜਗੜ ਗ੍ਰਸਤ ਹੋਣ ਕਾਰਨ ਅਫਗਾਨ ਸਰਕਾਰ ਦਾ ਦੇਸ਼ ਦੇ ਬਹੁਤੇ ਹਿੱਸੇ 'ਤੇ ਕੋਈ ਕੰਟਰੋਲ ਨਹੀਂ ਹੈ। ਜਿਆਦਾਤਰ ਤਾਲਿਬਾਨ ਬਾਗੀ, ਮੰਤਰੀ, ਗਵਰਨਰ ਅਤੇ ਸਰਕਾਰੀ ਅਫਸਰ ਇਸ ਮੁਨਾਫਾਬਖਸ਼ ਧੰਦੇ ਵਿੱਚ ਰੁੱਝੇ ਹੋਏ ਹਨ। ਉਥੇ ਬੱਚਾ ਬੱਚਾ ਹੈਰੋਇਨ ਬਣਾਉਣ ਦਾ ਤਰੀਕਾ ਜਾਣਦਾ ਹੈ। ਤਿਆਰ ਹੈਰੋਇਨ ਪਾਕਿਸਤਾਨ ਰਾਹੀਂ ਭਾਰਤ ਹੁੰਦੀ ਹੋਈ ਅੱਗੇ ਯੂਰਪ-ਅਮਰੀਕਾ ਤੱਕ ਪਹੁੰਚ ਜਾਂਦੀ ਹੈ। ਅਫਗਾਨਿਸਤਾਨ ਤੋਂ 2 ਲੱਖ ਰੁ. ਕਿੱਲੋ ਦੇ ਹਿਸਾਬ ਚੱਲੀ ਹੈਰੋਇਨ ਯੂਰਪ ਅਤੇ ਅਮਰੀਕਾ ਤੱਕ ਪਹੁੰਚਦੇ ਪਹੁੰਚਦੇ ਕਰੋੜਾਂ ਤੱਕ ਪਹੁੰਚ ਜਾਂਦੀ ਹੈ। ਸੰਸਾਰ ਵਿੱਚ ਹਰ ਸਾਲ ਤਿੰਨ ਲੱਖ ਮੌਤਾਂ ਹੈਰੋਇਨ ਦੇ ਕਾਰਨ ਹੁੰਦੀਆਂ ਹਨ। ਸਾਫ ਦਾਣੇਦਾਰ ਹੈਰੋਇਨ ਨੂੰ ਚਿੱਟਾ ਅਤੇ ਖੇਹ ਸੁਆਹ ਰਲਾ ਕੇ ਤਿਆਰ ਕੀਤੇ ਮਾਲ ਨੂੰ ਸਮੈਕ ਕਿਹਾ ਜਾਂਦਾ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਖਪਤ ਸਮੇਂ ਅਤੇ ਹਾਲਾਤ ਅਨੁਸਾਰ ਘਟਦੀ ਵਧਦੀ ਰਹਿੰਦੀ ਹੈ। ਇਸ ਸਮੇਂ ਪੰਜਾਬ ਵਿੱਚ ਨਸ਼ੇ ਦੇ ਖਿਲਾਫ ਬਹੁਤ ਜਿਆਦਾ ਸਖਤੀ ਚੱਲ ਰਹੀ ਹੈ। ਇੱਕ ਨਸ਼ਈ ਦਾ ਨਸ਼ੇ ਲਈ ਔਸਤ ਖਰਚਾ 2000 ਰੁ. ਰੋਜ਼ਾਨਾ ਹੈ। ਨਸ਼ੇ ਦਾ ਖਰਚਾ ਪੂਰਾ ਕਰਨ ਨਸ਼ਈ ਫਿਰ ਜ਼ੁਰਮ ਵੱਲ ਝੁਕ ਜਾਂਦੇ ਹਨ। ਪੰਜਾਬ ਵਿੱਚ ਲੁੱਟ-ਖੋਹ ਦੀਆਂ ਜਿਆਦਾ ਘਟਨਾਵਾਂ ਨਸ਼ਈਆਂ ਦੁਆਰਾ ਹੀ ਕੀਤੀਆਂ ਜਾਂਦੀਆਂ ਹਨ। ਜਦੋਂ ਵੀ ਕਿਸੇ ਸ਼ਹਿਰ ਵਿੱਚ ਝਪਟਮਾਰੀ ਦੀਆਂ ਘਟਨਾਵਾਂ ਵਧ ਜਾਣ ਤਾਂ ਸਮਝੋ ਕਿਸੇ ਨਾ ਕਿਸੇ ਸਮੱਗਲਰ ਕੋਲ ਨਸ਼ੇ ਦੀ ਖੇਪ ਪਹੁੰਚ ਚੁੱਕੀ ਹੈ। ਨਸ਼ੇ ਦੀ ਲਤ ਇਨਸਾਨ ਨੂੰ ਐਨੀ ਬੁਰੀ ਤਰਾਂ ਨਾਲ ਆਪਣੇ ਸ਼ਿਕੰਜੇ ਵਿੱਚ ਜਕੜਦੀ ਹੈ ਕਿ ਉਹ ਮਕੱਦਮੇ ਦਰਜ਼ ਹੋਣ ਤੋਂ ਵੀ ਨਹੀਂ ਡਰਦੇ। ਨਸ਼ਾ ਕਰਨਾ ਆਪਣੀ ਮੌਤ ਆਪ ਸਹੇੜਨ ਵਾਲੀ ਗੱਲ ਹੈ। ਇਹ ਇੱਕ ਧੀਮਾ ਜ਼ਹਿਰ ਹੈ ਜੋ ਹੌਲੀ ਹੌਲੀ ਇਨਸਾਨ ਨੂੰ ਮੌਤ ਵੱਲ ਲੈ ਜਾਂਦਾ ਹੈ। ਨਸ਼ਾ ਕਰਨ ਦੇ ਬਹੁਤ ਬਹਾਨੇ ਹਨ ਜਿਵੇਂ, ਬੇਰੋਜ਼ਗਾਰੀ, ਪਰਿਵਾਰਕ ਝਗੜੇ, ਮਾਨਸਿਕ ਸ਼ਾਂਤੀ ਅਤੇ ਸਰੀਰਕ ਮਿਹਨਤ ਵਾਲੇ ਕੰਮ ਆਦਿ। ਪਰ ਨਸ਼ਾ ਕਰਨ ਨਾਲ ਇਹਨਾਂ ਵਿੱਚੋਂ ਕਿਸੇ ਮਸਲੇ ਦਾ ਵੀ ਹੱਲ ਨਹੀਂ ਹੁੰਦਾ। ਬੇਰੋਜ਼ਗਾਰ ਵਾਸਤੇ ਤਾਂ ਰੋਟੀ ਕਮਾਉਣੀ ਔਖੀ ਹੈ ਉਹ ਹੋਰ ਵਾਧੂ ਖਰਚਾ ਆਪਣੇ ਗਲ ਕਿਉਂ ਪਾਉਂਦਾ ਹੈ? ਇਸ ਕਾਰਨ ਘਰਾਂ ਵਿੱਚ ਕਲੇਸ਼ ਪੈਂਦਾ ਹੈ।

ਨਸ਼ਾ ਕਈ ਤਰੀਕਿਆਂ ਨਾਲ ਕੀਤਾ ਜਾਂਦਾ ਹੈ। ਹੈਰੋਇਨ ਪੀਣ ਵਾਲੇ ਸ਼ੁਰੂ ਸ਼ੁਰੂ ਵਿੱਚ ਇਸ ਨੂੰ ਪਾਊਡਰ ਦੇ ਰੂਪ ਵਿੱਚ ਸਿੱਧਾ ਜਾਂ ਧੂੰਆਂ ਬਣਾ ਕੇ ਸੁੰਘਦੇ ਹਨ। ਜਦੋਂ ਇਸ ਤਰਾਂ ਨਾਲ ਨਸ਼ਾ ਘੱਟ ਅਸਰ ਕਰਦਾ ਹੈ ਤਾਂ ਫਿਰ ਪਾਣੀ ਵਿੱਚ ਘੋਲ ਕੇ ਨਾੜੀ ਵਿੱਚ ਟੀਕੇ ਲਗਾਉਂਦੇ ਹਨ। ਹੌਲੀ ਹੌਲੀ ਜਦੋਂ ਨਾੜੀਆਂ ਮਰ ਜਾਂਦੀਆਂ ਹਨ ਤਾਂ ਲੱਤਾਂ ਦੀਆਂ ਨਾੜਾਂ ਵਿੱਚ ਟੀਕੇ ਠੋਕਦੇ ਹਨ। ਹੌਲੀ ਹੌਲੀ ਡੋਜ਼ ਵਧਦੀ ਜਾਂਦੀ ਹੈ ਤੇ ਫਿਰ ਮੌਤ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਬਚਦਾ। ਪੰਜਾਬ ਵਿੱਚ ਪੁਰਾਣੇ ਸਮੇਂ ਵਿੱਚ ਅਫੀਮ ਅਤੇ ਭੁੱਕੀ ਦੀ ਵਰਤੋਂ ਕੀਤੀ ਜਾਂਦੀ ਸੀ। ਹੈਰੋਇਨ ਅਤੇ ਸਮੈਕ ਨੇ ਪੰਜਾਬ ਵਿੱਚ 1980ਵਿਆਂ ਵਿੱਚ ਪ੍ਰਵੇਸ਼ ਕੀਤਾ। ਜਿਹੜੇ ਲੋਕ ਮਹਿੰਗੀ ਹੈਰੋਇਨ, ਅਫੀਮ ਅਤੇ ਸਮੈਕ ਨਹੀਂ ਖਰੀਦ ਸਕੇ, ਉਹ ਸਿੰਥੈਟਿਕ ਦਵਾਈਆਂ ਖਾਣ ਲੱਗ ਪਏ। 1984 ਤੋਂ ਪਹਿਲਾਂ ਨਸ਼ੇ ਦੀ ਤਸਕਰੀ ਸਿੱਧੀ ਪੰਜਾਬ ਬਾਰਡਰ ਤੋਂ ਹੁੰਦੀ ਸੀ। ਤਾਰ ਲੱਗਣ ਅਤੇ ਸਖਤੀ ਹੋਣ ਕਾਰਨ ਹੁਣ ਇਹ ਗੁਜਰਾਤ, ਰਾਜਸਥਾਨ ਅਤੇ ਜੰਮੂ ਕਸ਼ਮੀਰ ਬਾਰਡਰ ਤੋਂ ਹੋ ਰਹੀ ਹੈ। ਮੋਟਾ ਮੁਨਾਫਾ ਹੋਣ ਕਾਰਨ ਲਾਲਚਵੱਸ ਕਈ ਚੰਗੇ ਭਲੇ ਵਿਅਕਤੀ ਇਸ ਕੰਮ ਵਿੱਚ ਲੱਗੇ ਹੋਏ ਸਨ। ਪਿਛਲੇ ਦਿਨੀਂ ਪੰਜਾਬ ਵਿੱਚ ਹੋਈਆਂ ਕਈ ਧਨਾਢਾਂ ਦੀਆਂ ਗ੍ਰਿਫਤਾਰੀਆਂ ਇਸ ਗੱਲ ਦਾ ਸਬੂਤ ਹਨ। ਪੰਜਾਬ ਦੇ ਕਈ ਨਸ਼ਾ ਛੁਡਾਊ ਕੇਂਦਰ ਵੀ ਨਸ਼ਾ ਵੇਚ ਕੇਂਦਰ ਬਣ ਚੁੱਕੇ ਹਨ। ਉਹ ਨਸ਼ਾ ਛੁਡਾਉਣ ਦੀ ਬਜਾਏ ਨਸ਼ੇ ਦੀਆਂ ਦਵਾਈ ਵੇਚਣ ਵਿੱਚ ਜਿਆਦਾ ਰੁੱਝੇ ਹੋਏ ਹਨ।

ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਨੂੰ ਚਾਹੀਦਾ ਹੈ ਕਿ ਨਸ਼ਿਆਂ ਦੀ ਅਲਾਮਤ ਤੋਂ ਬਚ ਕੇ ਰਹਿਣ। ਮਜ਼ਾਕ ਮਜ਼ਾਕ ਵਿੱਚ ਲੱਗਾ ਨਸ਼ਾ ਜ਼ਿੰਦਗੀ ਭਰ ਦਾ ਕੋਹੜ ਬਣ ਜਾਂਦਾ ਹੈ। ਨਸ਼ਾ ਕਿਸੇ ਮਸਲੇ ਦਾ ਹੱਲ ਨਹੀਂ ਹੈ। ਹੁਣ ਤਾਂ ਪੁਲਿਸ ਅਤੇ ਫੌਜ ਦੀ ਭਰਤੀ ਅਤੇ ਅਸਲ੍ਹੇ ਦਾ ਲਾਇਸੰਸ ਬਣਨ ਤੋਂ ਪਹਿਲਾਂ ਪਹਿਲਾਂ ਵੀ ਡੋਪ ਟੈਸਟ ਹੋਣ ਲੱਗ ਪਿਆ ਹੈ। ਨਸ਼ਈ ਆਦਮੀ ਤੋਂ ਹਮੇਸ਼ਾਂ ਦੂਰ ਰਹਿਣਾ ਚਾਹੀਦਾ ਹੈ। ਪੱਕੇ ਨਸ਼ਈ 8-10 ਚੰਗੇ ਘਰਾਂ ਦੇ ਹੋਰ ਨੌਜਵਾਨਾਂ ਨੂੰ ਨਸ਼ੇ 'ਤੇ ਲਗਾਉਂਦੇ ਹਨ ਤੇ ਉਹਨਾਂ ਨੂੰ ਨਸ਼ਾ ਵੇਚ ਕੇ ਆਪਣਾ ਨਸ਼ਿਆਂ ਦਾ ਖਰਚਾ ਪੂਰਾ ਕਰਦੇ ਹਨ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਬੱਚਿਆਂ ਵੱਲ ਖਾਸ ਧਿਆਨ ਰੱਖਣ। ਨਸ਼ਈ ਨੂੰ ਇੱਕ ਮਾਨਸਿਕ ਬਿਮਾਰ ਦੇ ਤੌਰ 'ਤੇ ਲੈਣਾ ਚਾਹੀਦਾ ਹੈ। ਉਸ ਨਾਲ ਨਫਰਤ ਕਰਨ ਜਾਂ ਮਜ਼ਾਕ ਉਡਾਉਣ ਦੀ ਬਜਾਏ ਪਿਆਰ ਨਾਲ ਸਮਝਾ ਕੇ ਸਿੱਧੇ ਰਸਤੇ 'ਤੇ ਲਿਆਉਣਾ ਚਾਹੀਦਾ ਹੈ। ਲੋਕਾਂ ਵਿੱਚ ਬਹੁਤ ਵੱਡਾ ਵਹਿਮ ਹੈ ਕਿ ਨਸ਼ਾ ਛੱਡਣ ਨਾਲ ਅਧਰੰਗ ਹੋ ਜਾਂਦਾ ਹੈ ਜਾਂ ਕਿਡਨੀਆਂ ਕੰਮ ਕਰਨਾ ਬੰਦ ਕਰ ਦਿੰਦੀਆਂ ਹਨ, ਇਹ ਬਿਲਕੁਲ ਅਫਵਾਹਾਂ ਹਨ ਜੋ ਨਸ਼ਾ ਵੇਚਣ ਵਾਲਿਆਂ ਨੇ ਫੈਲਾਈਆਂ ਹੋਈਆਂ ਹਨ। ਨਸ਼ਾ ਛੱਡਣ ਕਾਰਨ ਅੱਜ ਤੱਕ ਕੋਈ ਨਹੀਂ ਮਰਿਆ, ਸਗੋਂ ਵੱਧ ਡੋਜ਼ ਨਾਲ ਅਨੇਕਾਂ ਲੋਕ ਮਰੇ ਹਨ।



# ਚੜ੍ਹਦੀ ਕਲਾ



ਅਮਨਦੀਪ ਸਿੰਘ,
ਸਹਾਇਕ ਪ੍ਰੋਫੈਸਰ
ਆਈ.ਐਸ.ਐਫ ਫਾਰਮੈਸੀ ਕਾਲਜ, ਮੋਗਾ।
9465423413

ਸਾਡੇ ਦੁਵਾਰਾ ਪ੍ਰਗਟ ਕੀਤੇ ਗਏ ਸ਼ਬਦ ਸਾਡੀ ਅੰਦਰੂਨੀ ਸੋਚ ਨੂੰ ਜੱਗ ਜਾਹਿਰ ਕਰਦੇ ਹਨ. ਕਿਸੇ ਦਿਨ ਦੀ ਸ਼ੁਰੂਆਤ ਹੀਣ ਭਾਵਨਾ ਨਾਲ ਕਰੀ ਜਾਵੇ ਤਾ ਸਾਰਾ ਦਿਨ ਦਾ ਆਨੰਦ ਵਿਗੜ ਜਾਂਦਾ ਹੈ. ਵਿਚਾਰ ਸਾਡੇ ਸਰੀਰ ਤੇ ਗਹਿਰਾ ਅਸਰ ਪਾ ਜਾਂਦੇ ਹਨ. ਜਦੋਂ ਕਦੀ ਵੀ ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਸਰੀਰ ਚ ਊਰਜਾ ਦੀ ਕਮੀ ਹੈ ਤਾ ਸੱਚ ਮੁੱਚ ਹੀ ਸਰੀਰ ਦਿਮਾਗ ਨੂੰ ਉਸੇ ਤਰਾਂ ਦਾ ਸੁਨੇਹਾ ਲਾ ਦਿੰਦਾ ਹੈ, ਫਿਰ ਸਾਰਾ ਦਿਨ ਆਲਸ ਚ ਹੀ ਗੁਜਰ ਜਾਂਦਾ.

ਪਰ ਜੇਕਰ ਦਿਨ ਦੀ ਸ਼ੁਰੂਆਤ ਚੜ੍ਹਦੀ ਕਲਾ ਨਾਲ ਇਕ ਸ਼ੁਕਰਾਨੇ ਨਾਲ ਕੀਤੀ ਜਾਵੇ ਤਾ ਸਰੀਰ ਚ ਊਰਜਾ ਦੀ ਕਮੀ ਨਹੀਂ ਰਹਿੰਦੀ. ਇਹ ਸ਼ੁਰੂਆਤ ਦਿਨ ਦੇ ਹਰ ਕੰਮ ਚ ਮੋਹਰੀ ਹੋਣ ਲਈ ਕਾਫੀ ਹੈ. ਸਿੱਟੇ ਵਜੋਂ ਸਾਰਥਕ ਢੰਗ ਨਾਲ ਚੰਗੇ ਨਤੀਜੇ ਆਉਣ ਦੀ ਸੰਭਾਵਨਾ ਵੱਧ ਜਾਂਦੀ ਹੈ. ਛੋਟੀਆਂ ਛੋਟੀਆਂ ਗੱਲਾਂ ਕਰਕੇ ਕਿਸੇ ਨਾਲ ਬਦਲੇ ਦੀ ਭਾਵਨਾ ਰੱਖਣਾ ਵੀ ਕਿਤੇ ਨਾ ਕਿਤੇ ਅੰਦਰੂਨੀ ਊਰਜਾ ਤੇ ਖੁਸ਼ੀ ਘੱਟ ਵਿਚ ਘਾਤਕ ਸਿੱਧ ਹੁੰਦਾ ਹੈ.

ਜਦੋ ਇਹੀ ਬਦਲੇ ਖੋਰੀ ਦੀ ਭਾਵਨਾ ਰੋਜਾਨਾ ਦੇ ਕੰਮਾਂ ਚ ਆਂ ਘੁਸਦੀ ਹੈ ਤਾ ਇਨਸਾਨ ਰੋਜ ਅੰਦਰੋਂ ਅੰਦਰੀ ਘਟਨਾ ਸ਼ੁਰੂ ਹੋ ਜਾਂਦਾ ਹੈ. ਇਸੇ ਦੀ ਵਜ੍ਹਾ ਨਾਲ ਸਰੀਰ ਚ ਕਈ ਪ੍ਰਕਾਰ ਦੇ ਵਿਕਾਰ ਉਤਪੰਨ ਹੁੰਦੇ ਹਨ . ਜਿੰਨਾ ਚ ਰਕਤ ਚਾਪ ਚ ਵਾਦਾ ਅਤੇ ਦਿਮਾਗੀ ਪਰੇਸ਼ਾਨੀਆਂ ਮੁੱਖ ਸ਼ਾਮਿਲ ਹਨ. ਅਕਸਰ ਹੀ ਕਈ ਇਨਸਾਨ ਢਹਿੰਦੀ ਕਲਾਂ ਵਾਲੀ ਗੱਲ ਕਰਦੇ ਹਨ ਜੇ ਓਹਨਾ ਨੂੰ ਪੁੱਛਿਆ ਜਾਵੇ ਕੀ ਹਾਲ ਚਾਲ ਹੈ .. ਤਾ ਜਵਾਬ ਬੜਾ ਹੀ ਢਿੱਲਾ ਹੁੰਦਾ. ਅਜਿਹੇ ਇਨਸਾਨ ਨਾਲ ਰਾਬਤਾ ਕਾਇਮ ਕਰਕੇ ਵੀ ਕੋਈ ਬਹੁਤਾ ਰਾਜੀ ਨਹੀਂ ਹੁੰਦਾ. ਤੁਹਾਡੇ ਵਿਚਾਰ ਅਤੇ ਤੁਹਾਡੇ ਕੰਮ ਦੀ ਚਾਲ ਢਾਲ ਨਾਲ ਆਪਸ ਚ ਗੂੜ੍ਹਾ ਸੰਬੰਧ ਹੈ।

ਇਹ ਹੁਣ ਸਾਡੇ ਤੇ ਹੈ ਕੀ ਅਸੀਂ ਕਿਸ ਸ਼੍ਰੇਣੀ ਚ ਸ਼ਾਮਿਲ ਹੋਣਾ ਹੈ. ਬੇ ਲੋੜੇ-ਬੋਜ ਤੇ ਬਦਲੇ ਦੀਆ ਭਾਵਨਾਵਾਂ ਨੂੰ ਦੂਰ ਰੱਖ ਕੇ ਚੜ੍ਹਦੀ ਕਲਾ ਵਾਲੀ ਪ੍ਰਵਿਰਤੀ ਅਪਣਾਈ ਜਾਵੇ ਤਾ ਜਿੰਦਗੀ ਨੂੰ ਬੇਹੱਦ ਖੂਬਸੂਰਤ ਤਰੀਕੇ ਨਾਲ ਜਿਓਆ ਜਾ ਸਕਦਾ ਹੈ. ਫ਼ੈਸਲਾ ਸਾਡੇ ਆਵਦੇ ਹੱਥ ਚ ਆ. ਤੁਹਾਡਾ ਚੜ੍ਹਦੀ ਕਲਾ ਚ ਰਹਿਣਾ ਕਿਸੇ ਲਈ ਸੇਧ ਵੀ ਬਣ ਸਕਦਾ ਹੈ. ਖੁਸ਼ ਰਹਿ ਕੇ ਸਚਾਰੂ ਢੰਗ ਨਾਲ ਕੰਮ ਨੂੰ ਤੋਰਨਾ ਹੀ ਅਸਲ ਜ਼ਿੰਦਗੀ ਦਾ ਗਹਿਣਾ ਹੈ।

## ਛੋਟੇ ਘਰ, ਵੱਡੇ ਦਿਲ

# ਕਿਸਾਨੀ ਜੰਗ ਲਈ ਪੰਜਾਬ ਦਾ ਦਸਵੰਧ



ਚਰਨਜੀਤ ਭੁੱਲਰ
9417011171



'ਦਿੱਲੀ ਮੋਰਚੇ' ਲਈ ਪੰਜਾਬ ਦੇ ਛੋਟੇ ਘਰ ਹੁਣ ਵੱਡਾ ਦਿਲ ਦਿਖਾ ਰਹੇ ਹਨ। ਖੇਤੀ ਕਾਨੂੰਨਾਂ ਖਲਿਾਫ ਛਿੜੀ ਜੰਗ ਲਈ ਹਰ ਕੋਈ ਦਸਵੰਧ ਕੱਢ ਰਿਹਾ ਹੈ। ਪੰਜਾਬ 'ਚ ਹਫਤੇ ਤੋਂ ਪਿੰਡਾਂ 'ਚ ਹਾੜ੍ਹੀ ਦਾ ਫੰਡ ਇਕੱਠਾ ਕਰਨ ਦੀ ਮੁਹਿੰਮ ਚੱਲੀ ਹੈ। ਕਿਸਾਨ ਧਿਰਾਂ ਨੇ ਘਰੋ-ਘਰੀ ਜਾ ਕੇ ਫੰਡ ਇਕੱਠਾ ਕਰਨਾ ਸੁਰੂ ਕੀਤਾ ਹੈ। ਕੋਈ ਨਗਦ ਰਾਸੀ ਅਤੇ ਕੋਈ ਕਣਕ ਦੇ ਰਿਹਾ ਹੈ। ਮਾਨਸਾ ਦੇ ਪਿੰਡ ਖੜਕ ਸਿੰਘ ਵਾਲਾ 'ਚ ਤਾਂ ਔਰਤਾਂ ਨੇ ਅੱਗੇ ਲੱਗ ਕੇ ਜਦੋਂ ਪਿੰਡ 'ਚ ਗੇੜਾ ਲਾਇਆ ਤਾਂ ਹਰ ਘਰ ਨੇ ਦਿੱਲੀ ਮੋਰਚੇ ਲਈ ਕਣਕ ਦਾਨ ਵਜੋਂ ਦਿੱਤੀ।ਬਠਿੰਡਾ ਦੇ ਪਿੰਡ ਪਿੱਥੋ ਦਾ ਮਗਨਰੇਗਾ ਮਜਦੂਰ ਪਿਆਰਾ ਸਿੰਘ ਕਿਸਾਨ ਆਗੂਆਂ ਨੂੰ ਜਦੋਂ ਫੰਡ ਦੇਣ ਦੀ ਜਦਿ ਕਰਨ ਲੱਗਾ ਤਾਂ ਉਸ ਤੋਂ ਕਿਸਾਨ ਆਗੂਆਂ ਨੇ ਸਿਰਫ 50 ਰੁਪਏ ਹੀ ਲਏ। ਇੱਥੋਂ ਦੇ ਦਿਹਾੜੀ ਕਰਦੇ ਮੁਸਲਿਮ ਵਿਅਕਤੀ ਮੁਗਰੀ ਲਾਲ ਨੇ ਮੂੰਹੋਂ ਮੰਗਿਆ ਫੰਡ ਦੇਣ ਦੀ ਇੱਛਾ ਜਾਹਰ ਕੀਤੀ ਪ੍ਰੰਤੂ ਕਿਸਾਨ ਆਗੂਆਂ ਨੇ ਸਿਰਫ ਇੱਕ ਸੌ ਰੁਪਏ ਲੈ ਕੇ ਹੀ ਖੁਸੀ ਪ੍ਰਾਪਤ ਕੀਤੀ। ਮਾਨਸਾ ਦੇ ਪਿੰਡ ਭੈਣੀ ਬਾਘਾ ਦਾ ਕੁਲਵੰਤ ਸਿੰਘ ਖੁਦਕੁਸੀ ਕਰ ਗਿਆ ਸੀ ਅਤੇ ਉਸ ਦੀ ਵਿਧਵਾ ਜਸਵੀਰ ਕੌਰ ਨੇ ਕਿਸਾਨ ਮੋਰਚੇ 'ਚ ਸੀਰ ਪਾਉਣ ਲਈ 300 ਰੁਪਏ ਨਗਦ ਦਿੱਤੇ।

ਇਵੇਂ ਜਵਾਹਰਕੇ ਪਿੰਡ ਦੀ ਵਿਧਵਾ ਸਰਬਜੀਤ ਕੌਰ ਖੁਦ ਢਾਈ ਏਕੜ ਦੀ ਖੇਤੀ ਕਰਦੀ ਹੈ। ਉਸ ਨੇ 40 ਕਿਲੋ ਕਣਕ ਬਤੌਰ ਫੰਡ ਕਿਸਾਨ ਧਿਰ ਨੂੰ ਆਵਾਜ ਮਾਰ ਕੇ ਚੁਕਾਈ। ਬੀਕੇਯੂ (ਉਗਰਾਹਾਂ) ਮਾਨਸਾ ਦੇ ਜਲ੍ਹਿਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ ਨੇ ਦੱਸਿਆ ਕਿ ਦਿੱਲੀ ਮੋਰਚੇ ਕਰਕੇ ਜਥੇਬੰਦੀ ਨੂੰ ਪਿੰਡਾਂ ਵਿਚ ਐਤਕੀਂ ਦੁੱਗਣਾ ਹੁੰਗਾਰਾ ਮਿਲ ਰਿਹਾ ਹੈ। ਲੋਕਾਂ 'ਚ ਇਸ ਗੱਲੋਂ ਜੋਸ ਹੈ ਕਿ ਦਿੱਲੀ ਮੋਰਚੇ ਲਈ ਫੰਡਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ।ਬਠਿੰਡਾ ਦੇ ਪਿੰਡ ਕੋਠਾ ਗੁਰੂ ਦਾ ਡੇਢ ਏਕੜ ਦੇ ਮਾਲਕ ਕਿਸਾਨ ਮਹਿੰਦਰ ਸਿੰਘ ਨੇ ਕਿਸਾਨ ਆਗੂਆਂ ਨੂੰ ਇੱਕ ਹਜਾਰ ਰੁਪਏ ਦਾ ਫੰਡ ਸਮੇਤ 20 ਕਿਲੋ ਕਣਕ ਦਿੱਤਾ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਕੋਠਾ ਗੁਰੂ ਨੇ ਦੱਸਿਆ ਕਿ ਪਿੰਡ 'ਚ ਇੱਕ ਵੀਰਪਾਲ ਮਹੰਤ ਨੇ ਇੱਕ ਬੋਰੀ ਕਣਕ ਅਤੇ 100 ਰੁਪਏ ਦਾ ਫੰਡ ਦਿੱਤਾ। ਇਸ ਤੋਂ ਇਲਾਵਾ ਪਿੰਡ ਮਾਈਸਰਖਾਨਾ ਦੇ ਦੋ ਕਿਸਾਨ ਦਿੱਲੀ ਮੋਰਚੇ ਵਿਚ ਸਹੀਦ ਹੋ ਗਏ ਸਨ ਜਿਨ੍ਹਾਂ ਦੇ ਪਰਿਵਾਰਾਂ ਨੇ ਕਿਸਾਨ ਮੋਰਚੇ 'ਚ ਸੀਰ ਪਾਉਣ ਲਈ ਦਸ ਦਸ ਹਜਾਰ ਦਾ ਫੰਡ ਦਿੱਤਾ ਹੈ। ਮੁਕਤਸਰ ਜਲ੍ਹਿੇ ਦੇ ਪਿੰਡ ਕਿੱਲਿਆਂਵਾਲੀ 'ਚ ਸਿਰਫ ਛੇ ਕਨਾਲ ਜਮੀਨ ਦੇ ਮਾਲਕ ਨੇ ਦੋ ਬੋਰੀਆਂ ਕਣਕ ਕਿਸਾਨ ਜਥੇਬੰਦੀ ਨੂੰ ਫੰਡ ਵਜੋਂ ਦਿੱਤੀਆਂ ਹਨ।

ਖੇਤ ਮਜਦੂਰ ਆਗੂ ਲਛਮਣ ਸਿੰਘ ਸੇਵੇਵਾਲਾ ਦਾ ਕਹਿਣਾ ਸੀ ਕਿ ਛੋਟੀ ਕਿਸਾਨੀ ਅਤੇ ਖੇਤ ਮਜਦੂਰ ਤਾਂ ਵਿੱਤੋਂ ਬਾਹਰ ਜਾ ਕੇ ਵੀ ਫੰਡ ਦੇ ਰਹੇ ਹਨ। ਫਾਜਲਿਕਾ ਦੇ ਕਿਸਾਨ ਆਗੂ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਲਾਲਾਬਾਦ ਹਲਕੇ ਵਿਚ ਲੋਕ ਦਿੱਲੀ ਮੋਰਚੇ ਲਈ ਕਣਕ ਦੇ ਰਹੇ ਹਨ। ਮੌੜ ਹਲਕੇ ਦੇ ਪਿੰਡ ਘੁੰਮਣ ਕਲਾਂ 'ਚ ਇੱਕ ਡੇਰੇ ਦੇ ਪ੍ਰਬੰਧਕਾਂ ਨੇ ਫੈਸਲਾ ਹੀ ਕੀਤਾ ਹੈ ਕਿ ਉਹ ਜੋ ਇਮਾਰਤ ਦੇ ਨਿਰਮਾਣ ਲਈ ਪਿੰਡ 'ਚੋਂ ਚੰਦਾ ਇਕੱਠਾ ਕਰਦੇ ਹਨ, ਉਹ ਐਤਕੀਂ ਨਹੀਂ ਕਰਨਗੇ ਬਲਕਿ ਸਾਰੀ ਰਾਸੀ ਦਿੱਲੀ ਮੋਰਚੇ ਨੂੰ ਇਕੱਠੀ ਕਰਕੇ ਦੇਣਗੇ। ਇਸ ਪਿੰਡ ਦੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਵੀ ਗੁਰੂ ਦੀ ਗੋਲਕ 'ਚੋਂ ਕਰੀਬ 22 ਹਜਾਰ ਰੁਪਏ ਦਾ ਦਾਨ ਕੱਢ ਕੇ ਦਿੱਲੀ ਮੋਰਚੇ ਲਈ ਭੇਜਿਆ ਹੈ। ਇਵੇਂ ਹੀ ਮੌੜ ਹਲਕੇ ਦੇ ਇੱਕ ਪਿੰਡ ਦੇ 32 ਫੌਜੀ ਜਵਾਨਾਂ ਨੇ ਆਪਣੀ ਇੱਕ ਮਹੀਨੇ ਦੀ ਅੱਧੀ ਤਨਖਾਹ ਕਿਸਾਨ ਧਿਰਾਂ ਨੂੰ ਦੇਣ ਦਾ ਐਲਾਨ ਕੀਤਾ ਹੈ।

**ਪੰਜਾਬ ਦੇ ਲੋਕਾਂ ਨੇ ਦਿਲ ਖੋਲ੍ਹੇ: ਨਰਾਇਣ ਦੱਤ**

ਬੀਕੇਯੂ ਡਕੌਂਦਾ ਵੱਲੋਂ ਵੀ ਹਫਤੇ ਤੋਂ ਜਲ੍ਹਿਾ ਬਰਨਾਲਾ ਵਿਚ ਫੰਡ ਮੁਹਿੰਮ ਸੁਰੂ ਕੀਤੀ ਗਈ ਹੈ। ਇਨਕਲਾਬੀ ਆਗੂ ਨਰਾਇਣ ਦੱਤ ਨੇ ਦੱਸਿਆ ਕਿ ਇਸ ਵਾਰ ਦਿੱਲੀ ਘੋਲ ਕਰਕੇ ਫੰਡ ਪਹਿਲਾਂ ਨਾਲੋਂ ਦੁੱਗਣਾ ਇਕੱਠਾ ਹੋ ਰਿਹਾ ਹੈ। ਪਤਾ ਲੱਗਾ ਹੈ ਕਿ ਆਉਂਦੇ ਦਿਨਾਂ ਵਿਚ ਬਾਕੀ ਕਿਸਾਨ ਧਿਰਾਂ ਵੱਲੋਂ ਫੰਡ ਇਕੱਠਾ ਕਰਨ ਦੀ ਮੁਹਿੰਮ ਸੁਰੂ ਕੀਤੀ ਜਾਵੇਗੀ। ਦਿੱਲੀ ਘੋਲ ਵਿਚ ਕਿਸਾਨ ਧਿਰਾਂ ਦੇ ਖਰਚੇ ਇਕਦਮ ਵਧ ਗਏ ਹਨ ਜਿਨ੍ਹਾਂ ਦੀ ਪੂਰਤੀ ਲਈ ਪੰਜਾਬ ਦੇ ਲੋਕਾਂ ਨੇ ਦਿਲ ਖੋਲ ਦਿੱਤੇ ਹਨ। ਇਹ ਵੀ ਪਤਾ ਲੱਗਾ ਹੈ ਕਿ ਦਿੱਲੀ ਮੋਰਚੇ ਵਿਚ ਕਾਫੀ ਲੋਕ ਗੁਪਤ ਦਾਨ ਵਜੋਂ ਵੀ ਫੰਡ ਦੇ ਰਹੇ ਹਨ।


# ਕੈਮਲੂਪਸ ਵਿਖੇ ਕੰਮ ਕਰਨ ਵਾਲੇ 40 ਵਰਕਰਾਂ ਦੀ ਲੋੜ ਹੈ



ਛੱਤ ਦੇ ਹੇਠਾਂ ਕੰਮ ਹੈ।

10 ਘੰਟੇ ਹਰ ਰੋਜ ਕੰਮ ਹੋਵੇਗਾ।

ਦੂਰੋਂ ਆਉਣ ਵਾਲੇ ਕਾਮਿਆਂ ਲਈ ਰਹਿਣ ਸਹਿਣ ਦਾ ਪਰਬੰਧ ਵੀ ਹੋ ਜਾਵੇਗਾ।

ਕਾਲ : 1 250 319 7263



NEW WAVE OPTICAL

#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com

All Type of Frames!
Unbeatable Price!
"Online" prices in store!
Complete Eyewear, Contact lenses and Sunglasses!

For more info call:
Sandeep Pandher
MANAGER
at 403-999-2500



# ਮੰਜ਼ਿਲ ਬਹੁਤੀ ਦੂਰ ਨਹੀਂ : ਗਗਨ ਰੰਧਾਵਾ





ਕਈ ਸੁੰਦਰਤਾ ਮੁਕਾਬਲਿਆਂ ਦੀ ਸ਼ਾਨ ਅਤੇ ਜੇਤੂ ਰਹੀ ਬਾਕਮਾਲ ਅਦਾਕਾਰਾ ਗਗਨ ਰੰਧਾਵਾ ਮਨੋਰੰਜਨ ਜਗਤ ਵਿੱਚ ਤੇਜ਼ੀ ਨਾਲ ਆਪਣੀ ਵੱਖਰੀ ਪਹਿਚਾਣ ਸਥਾਪਤ ਕਰਦੀ ਜਾ ਰਹੀ ਹੈ। ਨਿਊਜ਼ੀਲੈਂਡ ਦੀ ਪੜ੍ਹੀ ਲਿਖੀ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਣਾਈ ਗਗਨ ਨੂੰ ਅਦਾਕਾਰੀ ਦਾ ਸ਼ੌਕ ਤੇ ਪੰਜਾਬੀ ਮਨੋਰੰਜਨ ਜਗਤ ਨਾਲ ਮਣਾਂਮੂੰਹੀ ਪਿਆਰ ਵਿਦੇਸ਼ ਦੀ ਧਰਤੀ ਤੋਂ ਵਾਪਸ ਪੰਜਾਬ ਖਿੱਚ ਲਿਆਇਆ ਸੀ। ਕਈ ਸਾਲ ਕੌਮੀ ਤੇ ਕੌਮਾਂਤਰੀ ਪੱਧਰ ਦੇ ਸੁੰਦਰਤਾ ਮੁਕਾਬਲਿਆਂ 'ਚ ਵਿਚਰਦੀ ਰਹੀ ਅਤੇ ਰੰਗਮੰਚ ਨਾਲ ਜੁੜੀ ਰਹੀ ਗਗਨ ਰੰਧਾਵਾ ਹੁਣ ਅਦਾਕਾਰੀ ਦੇ ਖੇਤਰ 'ਚ ਵੱਡੀਆਂ ਮੱਲਾਂ ਮਾਰਨ ਲਈ ਤਿਆਰ ਬਰ ਤਿਆਰ ਹੈ, ਜਿਸ ਦੀ ਸ਼ੁਰੂਆਤ ਉਸਨੇ ਇਸ ਨਵੇਂ 'ਚ ਕਰ ਦਿੱਤੀ ਹੈ। ਅੱਜ ਕੱਲ੍ਹ ਉਹ ਆਪਣੀ ਪਹਿਲੀ ਡਿਜ਼ੀਟਲ ਹਿੰਦੀ ਵੈਬ ਸੀਰੀਜ 'ਜੀਤ ਕੀ ਜ਼ਿੱਦ' ਨਾਲ ਕੌਮਾਂਤਰੀ ਪੱਧਰ 'ਤੇ ਚਰਚਾ ਵਿੱਚ ਹੈ। 'ਜ਼ੀ ਫ਼ਾਈਵ' 'ਤੇ ਰਿਲੀਜ਼ ਹੋਈ 'ਬੋਨੀ ਕਪੂਰ ਪ੍ਰੋਡਕਸ਼ਨ' ਦੀ ਇਹ ਵੈਬ ਸੀਰੀਜ ਦੁਨੀਆਂ ਭਰ 'ਚ ਖ਼ੂਬ ਦੇਖੀ ਜਾ ਰਹੀ ਹੈ। ਨਿਰਦੇਸ਼ਕ ਵਿਸ਼ਾਲ ਮੰਗੋਲਕਰ ਦੀ ਇਸ ਵੈਬ ਸੀਰੀਜ ਵਿੱਚ ਗਗਨ ਨੇ ਦੀਪਤੀ ਨਾਲ ਦੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜੋ ਇਸ ਵੈਬ ਸੀਰੀਜ ਦੀ ਜ਼ਿੰਦਜਾਨ ਹੈ। ਉਹ ਦੱਸਦੀ ਹੈ ਕਿ ਇਹ ਵੈਬ ਸੀਰੀਜ ਫ਼ੌਜੀਆਂ ਦੀ ਜ਼ਿੰਦਗੀ 'ਤੇ ਅਧਾਰਿਤ ਹੈ ਜਿਸ 'ਚ ਇਕ ਅਜਿਹੇ ਮੇਜ਼ਰ ਦੀ ਜ਼ਿੰਦਗੀ ਦਿਖਾਈ ਗਈ ਹੈ ਜੋ ਕਾਰਗਿਲ ਦੀ ਜੰਗ ਦੌਰਾਨ ਪੈਰਾਲਾਈਜ ਦਾ ਸ਼ਿਕਾਰ ਹੋ ਗਿਆ ਹੈ। ਮੇਜਰ ਦੀਪ ਸਿੰਘ ਸਹਿਗਰ ਦੀ ਜ਼ਿੰਦਗੀ 'ਤੇ ਅਧਾਰਿਤ ਇਹ ਵੈਬ ਸੀਰੀਜ ਇਕ ਫ਼ੌਜੀ ਦੇ ਜਜ਼ਬੇ, ਜ਼ਿੰਦਗੀ, ਜ਼ਿੰਮੇਵਾਰੀਆਂ, ਸਮਾਜਿਕ ਤੇ ਪਰਿਵਾਰਕ ਹਾਲਤਾਂ ਦੁਆਲੇ ਘੁੰਮਦੀ ਹੈ।

ਇਸ 'ਚ ਮੇਜਰ ਦੀਪ ਦਾ ਕਿਰਦਾਰ ਨਾਮਵਰ ਅਦਾਕਾਰ ਅਮਿਤ ਸ਼ਾਦ ਨੇ ਨਿਭਾਇਆ ਹੈ। ਗਗਨ ਨੇ ਇਸ 'ਚ ਮੇਜਰ ਦੀਪ ਦੀ ਪਤਨੀ ਦੀ ਪਰਿਵਾਰਕ ਦੋਸਤ ਦੀਪਤੀ ਦਾ ਕਿਰਦਾਰ ਨਿਭਾਇਆ ਹੈ ਜੋ ਮੇਜਰ ਦੇ ਪਰਿਵਾਰ ਦੀ ਹਰ ਦੁੱਖ, ਸੁੱਖ 'ਚ ਸਾਥੀ ਹੈ। ਪਟਿਆਲਾ ਅਤੇ ਮਨਾਲੀ 'ਚ ਫਿਲਮਾਈ ਗਈ ਇਹ ਵੈਬ ਸੀਰੀਜ ਦੇਸ਼ ਦੀ ਚਰਚਿਤ ਵੈਬ ਸੀਰੀਜ 'ਚ ਸ਼ੁਮਾਰ ਹੁੰਦੀ ਜਾ ਰਹੀ ਹੈ। ਗਗਨ ਦੱਸਦੀ ਹੈ ਕਿ ਉਸਨੇ ਅਜੇ ਆਪਣੇ ਅਦਾਕਾਰੀ ਸਫਰ ਦੀ ਸ਼ੁਰੂਆਤ ਹੀ ਕੀਤੀ ਸੀ ਕਿ ਲੌਕ ਡਾਊਨ ਨੇ ਸਭ ਕੁਝ ਰੋਕ ਦਿੱਤਾ। ਲੌਕਡਾਊਨ ਦੌਰਾਨ ਹੀ ਉਸਨੇ ਇਸ ਵੈਬ ਸੀਰੀਜ ਲਈ ਆਨਲਾਈਨ ਅਡੀਸ਼ਨ ਕਲਿੱਪ ਤਿਆਰ ਕਰਕੇ ਭੇਜਿਆ ਸੀ। ਜਿਸ ਤੋਂ ਕਰੀਬ ਇਕ ਮਹੀਨੇ ਬਾਅਦ ਉਸਦੀ ਇਸ ਵੈਬ ਸੀਰੀਜ ਲਈ ਚੋਣ ਕੀਤੀ ਗਈ। ਉਹ ਖੁਸ਼ਕਿਸਮਤ ਹੈ ਕਿ ਉਸਨੂੰ ਥੋੜੇ ਸਮੇਂ ਵਿੱਚ ਹੀ ਏਡੇ ਵੱਡੇ ਪਲੇਟਫ਼ਾਰਮ 'ਤੇ ਕੰਮ ਕਰਨ ਦਾ ਮੌਕਾ ਮਿਲਿਆ ਹੈ। ਦਿੱਗਜ ਅਦਾਕਾਰ ਦੇਵ ਖਰੌੜ ਦੀ ਫ਼ਿਲਮ 'ਜ਼ਖ਼ਮੀ' ਜ਼ਰੀਏ ਆਪਣੇ ਅਦਾਕਾਰੀ ਸਫ਼ਰ ਦਾ ਆਗਾਜ਼ ਕਰਨ ਵਾਲੀ ਇਹ ਹੋਣਹਾਰ ਅਦਾਕਾਰ ਲਗਾਤਾਰ ਆਪਣੀ ਮੰਜ਼ਿਲ ਵੱਧ ਵੱਧ ਰਹੀ ਹੈ।

ਜਲੰਧਰ ਦੇ ਇਕ ਛੋਟੇ ਜਿਹੇ ਪਿੰਡ ਚੱਕ ਸ਼ਕੂਰ ਦੀ ਜੰਮਪਲ ਅਤੇ ਅੱਜ ਕੱਲ੍ਹ ਚੰਡੀਗੜ੍ਹ ਰਹਿਕੇ ਆਪਣੇ ਸੁਪਨਿਆਂ ਨੂੰ ਪਰਵਾਜ ਦੇ ਰਹੀ ਗਗਨ ਦਾ ਕਹਿਣਾ ਹੈ ਕਿ ਨਿਊਜ਼ੀਲੈਂਡ 'ਚ ਮੈਨੇਜਮੈਂਟ ਦੀ ਪੜ੍ਹਾਈ ਕਰਨ ਤੋਂ ਬਾਅਦ ਇਕ ਵਧੀਆ ਪੁਜੀਸ਼ਨ 'ਤੇ ਨੌਕਰੀ ਕਰ ਰਹੀ ਸੀ ਪਰ ਉਸਦੀ ਜ਼ਿੰਦਗੀ ਦਾ ਸੁਪਨਾ ਕਾਬਲ ਐਕਟਰ ਬਣਨਾ ਹੀ ਸੀ। ਲੰਮੀ ਜੱਦੋ ਜਹਿਦ ਤੋਂ ਬਾਅਦ ਉਸਨੇ ਸਭ ਕੁਝ ਛੱਡਕੇ ਅਦਾਕਾਰ ਵਜੋਂ ਹੀ ਆਪਣੀ ਪਹਿਚਾਣ ਬਣਾਉਣ ਦਾ ਫ਼ੈਸਲਾ ਲਿਆ ਸੀ, ਜੋ ਹੁਣ ਸਹੀ ਸਾਬਤ ਹੁੰਦਾ ਜਾ ਰਿਹਾ ਹੈ। ਗਗਨ ਮੁਤਾਬਕ ਉਹ ਜਾਣਦੀ ਹੈ ਕਿ ਫ਼ਿਲਮ ਜਗਤ 'ਚ ਖੁਦ ਨੂੰ ਸਾਬਤ ਕਰਨ ਲਈ ਬਹੁਤ ਘੱਟ ਮੌਕੇ ਮਿਲਦੇ ਹਨ । ਇਨ੍ਹਾਂ ਮੌਕਿਆਂ ਨੂੰ ਸਾਂਭਣਾ ਹੀ ਸਫ਼ਲਤਾ ਦੀ ਸ਼ੁਰੂਆਤ ਹੁੰਦੀ ਹੈ। ਇਹ ਉਸਦਾ ਸੁਭਾਗ ਹੈ ਕਿ ਉਸਨੂੰ ਸ਼ਾਨਦਾਰ ਮੌਕੇ ਮਿਲੇ ਅਤੇ ਉਸਨੇ ਖੁਦ ਨੂੰ ਸਾਬਤ ਕੀਤਾ। ਦਰਸ਼ਕਾਂ ਦਾ ਮਿਲ ਰਿਹਾ ਹੁੰਗਾਰਾ ਉਸਦਾ ਹੌਂਸਲਾ ਬੁਲੰਦ ਕਰ ਰਿਹਾ ਹੈ। ਭਵਿੱਖ 'ਚ ਉਹ ਖੁਦ ਨੂੰ ਪੰਜਾਬੀ ਸਿਨੇਮੇ ਦੀ ਸ਼ਾਨਦਾਰ ਤੇ ਸਫ਼ਲ ਅਦਾਕਾਰਾ ਵਜੋਂ ਦੇਖਣਾ ਚਾਹੁੰਦੀ ਹੈ ਜਿਸ ਲਈ ਉਹ ਸਖਤ ਮਿਹਨਤ ਵੀ ਕਰ ਰਹੀ ਹੈ। ਉਹ ਚਾਹੁੰਦੀ ਹੈ ਕਿ ਉਹ ਜ਼ਿੰਦਗੀ ਦੇ ਨੇੜਲੇ ਤੇ ਹਕੀਕਤ ਨਾਲ ਵਾਸਤਾ ਰੱਖਣ ਵਾਲੇ ਕਿਰਦਾਰਾਂ ਨੂੰ ਪਰਦੇ 'ਤੇ ਜਿਉਂਦਾ ਕਰੇ। ਉਹ ਇਸ ਵੇਲੇ ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣ ਲਈ ਤਿਆਰ ਹੈ। ਉਸ ਨੂੰ ਆਸ ਹੈ ਕਿ ਛੇਤੀ ਹੀ ਉਸ ਅੰਦਰਲੇ ਕਲਾਕਾਰ ਦਾ ਸਹੀ ਮੁੱਲ ਪਵੇਗਾ।

**ਅਕਸ ਮਹਿਰਾਜ**
**94788 4200**

## ਅਲਬਰਟਾ ਸੂਬੇ ਅੰਦਰ ਕਰੋਨਾ ਸਥਿਤੀ ਹੱਥੋਂ ਨਿੱਕਲਦੀ ਲੱਗਦੀ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿੱਚ ਲਗਾਤਾਰ ਆ ਰਹੀ ਤੇਜ਼ੀ ਨੇ ਸੂਬੇ ਦੇ ਸਿਹਤ ਅਧਿਕਾਰੀਆਂ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ ਤੇ ਸਥਿੱਤੀ ਹੱਥੋਂ ਨਿੱਕਲਦੀ ਜਾ ਰਹੀ ਹੈ। ਲੰਘੇ ਸ਼ੁੱਕਰਵਾਰ 30 ਅਪਰੈਲ ਵਾਲੇ ਦਿਨ ਸੂਬੇ ਵਿੱਚ 2007 ਨਵੇਂ ਐਕਟਿਵ ਕੇਸ ਆਏ ਸਨ ਤੇ 7 ਵਿਅਕਤੀਆਂ ਦੀ ਮੌਤ ਹੋਈ ਰਿਪੋਰਟ ਕੀਤੀ ਗਈ ਸੀ। ਸ਼ਨੀਵਾਰ ਨੂੰ ਆਏ ਅੰਕੜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਤੇ ਪਿਛਲੇ ਸਾਲ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਅਰਸੇ ਦੌਰਾਨ ਇੱਕ ਦਿਨ ਵਿੱਚ ਸਭ ਤੋਂ ਵੱਧ ਐਕਟਿਵ ਮਾਮਲੇ ਆਉਣ ਦਾ ਨਵਾਂ ਰਿਕਾਰਡ ਬਣ ਗਿਆ। ਐਤਵਾਰ ਨੂੰ ਆਈ ਰਿਪੋਰਟ ਵਿੱਚ ਦੱਸਿਆ ਗਿਆ ਕਿ ਕੁੱਲ ਐਕਟਿਵ ਮਾਮਲੇ 1731 ਦਰਜ ਕੀਤੇ ਗਏ ਹਨ ਅਤੇ 3 ਹੋਰ ਵਿਅਕਤੀਆਂ ਦੀ ਮੌਤ ਹੋਈ ਹੈ। ਸੂਬੇ ਵਿੱਚ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਹੁਣ 2086 'ਤੇ ਪਹੁੰਚ ਗਈ ਹੈ। ਨਵੇਂ ਵੇਰੀਐਂਟ ਦੇ ਮਾਮਲਿਆਂ ਦਾ ਅੰਕੜਾ 62% ਭਾਵ 14215 'ਤੇ ਪਹੁੰਚਿਆ ਦਰਜ ਹੋਇਆ ਹੈ। ਕੁੱਲ ਐਕਟਿਵ ਕੇਸ ਸੂਬੇ ਵਿੱਚ 22920 ਹੋ ਗਏ ਹਨ। ਕੈਲਗਰੀ ਜ਼ੋਨ ਵਿੱਚ 9566 ਅਤੇ ਐਡਮੰਟਨ ਜ਼ੋਨ ਵਿੱਚ ਕੁੱਲ ਐਕਟਿਵ ਮਾਮਲੇ 6088 'ਤੇ ਪਹੁੰਚੇ ਦਰਜ ਕੀਤੇ ਗਏ ਹਨ। ਵੱਖ ਵੱਖ ਹਸਪਤਾਲਾਂ ਵਿੱਚ ਦਾਖ਼ਲ ਵਿਅਕਤੀਆਂ ਦੀ ਗਿਣਤੀ 648 ਅਤੇ ਆਈਸੀਯੂ'ਜ਼ ਵਿੱਚ ਦਾਖ਼ਿਲ ਮਰੀਜ਼ਾਂ ਦੀ ਗਿਣਤੀ 155 ਦਰਜ ਕੀਤੀ ਗਈ ਹੈ।

## ਹੋ ਸਕਦੈ ਕਰਫਿਊ ਵੀ ਲਗਾਉਣਾ ਪੈ ਜਾਵੇ -ਜੈਸਨ ਕੈਨੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਵਾਇਰਸ ਦੇ ਤੇਜ਼ੀ ਨਾਲ ਹੁੰਦੇ ਜਾ ਰਹੇ ਫੈਲਾਅ ਦੇ ਦਰਮਿਆਨ ਐਲਬਰਟਾ ਸਰਕਾਰ ਨੇ ਇਸ ਵਾਇਰਸ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਿਆਦਾ ਸਖ਼ਤ ਪਾਬੰਦੀਆਂ ਲਗਾਏ ਜਾਣ ਦਾ ਐਲਾਨ ਕੀਤਾ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਕਿ ਜਿਹਨਾਂ ਇਲਾਕਿਆਂ ਵਿੱਚ ਪ੍ਰਤੀ ਇੱਕ ਲੱਖ ਵਿਅਕਤੀਆਂ ਪਿੱਛੇ 350 ਤੋਂ ਵੱਧ ਐਕਟਿਵ ਕੇਸ ਹੋਣਗੇ, ਉਹਨਾਂ ਇਲਾਕਿਆਂ ਵਿੱਚ ਇਹ ਕਦਮ ਚੁੱਕੇ ਜਾਣਗੇ। ਕੈਲਗਰੀ, ਏਅਰਡਰੀ, ਲੈਥਬਰਿਜ, ਸਟ੍ਰੈਥਾਕੋਨਾ ਕਾਊਂਟੀ, ਰੈਡ ਡੀਅਰ, ਐਡਮੰਟਨ, ਫੋਰਟ ਮੈਕਮਰਿ, ਗ੍ਰੈਂਡ ਪ੍ਰੇਅਰੀ ਵਿੱਚ ਇਹ ਵਾਧੂ ਅਹਿਤਆਤੀ ਕਦਮ ਚੁੱਕੇ ਜਾਣਗੇ।



ਇਹਨਾਂ ਖੇਤਰਾਂ ਵਿੱਚ ਸਾਰੇ ਜੂਨੀਅਰ ਅਤੇ ਸੀਨੀਅਰ ਹਾਇ ਸਕੂਲਾਂ ਦੇ ਵਿਦਿਆਰਥੀਆਂ ਨੂੰ ਔਨ-ਲਾਇਨ ਪੜ੍ਹਾਈ ਲਈ ਕਹਿ ਦਿੱਤਾ ਗਿਆ ਹੈ। ਇਨਡੋਰ ਫਿਟਨੈੱਸ ਅਤੇ ਇਨਡੋਰ ਸਪੋਰਟਸ ਨੂੰ ਬੰਦ ਕਰ ਦਿੱਤਾ ਗਿਆ ਹੈ। ਬਾਕੀ ਸਾਰੀਆਂ ਪਾਬੰਦੀਆਂ ਸਮੇਤ ਇਹ ਨਿਯਮ ਅਗਲੇ 2 ਹਫ਼ਤਿਆਂ ਲਈ ਲਾਗੂ ਰਹਿਣਗੇ। ਪ੍ਰੀਮੀਅਰ ਕੈਨੀ ਨੇ ਕਿਹਾ ਕਿ ਜੇ ਲੋੜ ਪਈ ਅਤੇ ਜੇ ਕੇਸਾਂ ਦੀ ਗਿਣਤੀ ਪ੍ਰਤੀ ਇਕ ਲੱਖ ਵਿਅਕਤੀ ਪਿਛੇ 1000 ਤੋਂ ਵਧੀ ਤਾਂ ਕਰਫਿਊ ਵੀ ਨਾਫਿਜ਼ ਕੀਤਾ ਜਾ ਸਕਦਾ ਹੈ।

# ਖਤਰਨਾਕ ਕੌਣ ? ਵਾਇਰਸ, ਸਿਸਟਮ ਜਾਂ ਇਨਸਾਨ



**ਰਾਜਿੰਦਰ ਝੁਨੀਰ**
**97791- 98462**

ਕਰੋਨਾ ਵਾਇਰਸ ਨੇ 2020 ਨਵੇਂ ਸਾਲ ਦੀ ਆਮਦ ਤੋਂ ਥੋੜੇ ਦਿਨਾਂ ਬਾਅਦ ਭਾਰਤ ਵਿੱਚ ਦਸਤਕ ਦੇ ਦਿੱਤੀ। 27 ਜਨਵਰੀ ਨੂੰ ਕੇਰਲਾ ਵਿੱਚ ਪਹਿਲਾਂ ਕੇਸ ਦਰਜ ਕੀਤਾ ਗਿਆ। ਉਸਤੋਂ ਬਾਅਦ ਇੱਕ ਦੇ ਬਾਅਦ ਇੱਕ ਕੇਸ ਆਉਣ ਲੱਗੇ। ਹਰ ਕੋਈ ਚੀਨ ਨੂੰ ਇਸ ਬਾਬਤ ਜੰਿਮੇਵਾਰ ਠਹਿਰਾਉਣ ਲੱਗਿਆ। ਹਾਲਾਂਕਿ ਅੱਜ ਤੱਕ ਇਹ ਸਾਬਿਤ ਨਹੀਂ ਹੋਇਆ ਕਿ ਚੀਨ ਦੀ ਕਿਸੇ ਲੈਬੋਰਟਰੀ ਵਿੱਚ ਤਿਆਰ ਕੀਤਾ ਹੋਇਆ ਵਾਇਰਸ ਸੀ।

ਕੀ ਸਿਰਫ ਇਸ ਲਈ ਚੀਨ ਹੀ ਜੰਿਮੇਵਾਰ ਹੈ। ਦੂਜੇ ਦੇਸ ਕੀ ਇਸ ਤੋਂ ਬਰੀ ਹਨ। ਹਰ ਇਨਸਾਨ ਜੋ ਕੁਦਰਤ ਨਾਲ ਕਿਸੇ ਨਾਂ ਕਿਸੇ ਤਰੀਕੇ ਨਾਲ ਖਿਲਵਾੜ ਕਰਦਾ ਹੈ ਉਹ ਵੀ ਜੰਿਮੇਵਾਰ ਸੀ। ਆਖਿਰ ਨੂੰ ਸਾਰੀ ਦੁਨੀਆਂ ਦਾ ਪਹੀਆ ਰੁਕ ਗਿਆ ਜੰਿਦਗੀ ਖੜ ਗਈ ਜੇਹੀ ਗਈ ਸੀ। ਇਨਸਾਨ ਘਰਾਂ ਵਿੱਚ ਕੈਦ ਹੋ ਗਏ ।ਜਾਨਵਰ ਪਰਿੰਦੇ ਆਜਾਦ ਹੋ ਗਏ। ਪੰਛੀਆਂ ਦੇ ਚਹਿਕਣ ਦੀਆਂ ਆਵਾਜਾਂ ਆਉਣ ਲੱਗ ਪਈਆਂ। ਉਦਯੋਗਾਂ ਦੇ ਰੁਕਣ ਨਾਲ ਦਰਿਆਵਾਂ ਨਦੀਆਂ ਦਾ ਪਾਣੀ ਸਾਫ ਹੋਣ ਲੱਗ ਪਿਆ। ਲੋਕ ਖਵਾਹਿਸਾਂ ਛੱਡ ਕੇ ਪਰਮਾਤਮਾ ਤੋਂ ਜੰਿਦਗੀ ਦੀਆਂ ਅਰਜੋਈਆਂ ਕਰਨ ਲੱਗ ਪਏ। ਲੱਖਾਂ ਕਰੋੜਾਂ ਰੁਪਏ ਅਤੇ ਬਹੁਤ ਹੀ ਚਾਵਾਂ ਨਾਲ ਬਣਾਏ ਘਰਾਂ ਵਿੱਚ ਕੈਦ ਬੇਚੈਨ ਹੋਣ ਲੱਗੇ। ਜੇਕਰ ਬਾਹਰ ਸੀ ਕੋਈ ਤਾਂ ਉਹ ਸਨ ਪੰਛੀ, ਸਿਹਤ ਵਿਭਾਗ, ਪੁਲਿਸ ਵਿਭਾਗ ਦੇ ਮੁਲਾਜਮ। ਆਮ ਵਰਗ ਦੇ ਲੋਕਾਂ ਨੂੰ ਰੋਟੀ ਲਈ ਲਾਲੇ ਪੈ ਗਏ। ਸਰਕਾਰਾਂ ਤੋਂ ਉਮੀਦ ਛੱਡ ਕੇ ਲੋਕਾਂ ਨੂੰ ਰੋਟੀ ਦੇਣ ਲਈ ਮੈਦਾਨ ਵਿੱਚ ਆਈਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ।ਜੋ ਹਰ ਵਰਗ ਦੇ ਲੋਕਾਂ ਨੂੰ ਖਾਣਾ ਅਤੇ ਦਵਾਈਆਂ ਪਹੁੰਚਾਉਣ ਲੱਗੇ। ਆਲੀਸਾਨ ਪ੍ਰਾਈਵੇਟ ਹਸਪਤਾਲਾਂ ਨੇ ਆਪਣੇ ਦਰ ਲੋਕਾਂ ਲਈ ਬੰਦ ਕਰ ਦਿੱਤੇ। ਜਿਹਨਾਂ ਸਰਕਾਰੀ ਹਸਪਤਾਲਾਂ ਦਾ ਲੋਕ ਨਿੱਜੀਕਰਨ ਕਰਨ ਦੀਆਂ ਸਲਾਹਾਂ ਦਿੰਦੇ ਸਨ ਉਹੀ ਲੋਕਾਂ ਦਾ ਆਸਰਾ ਬਣੇ। ਜਾਂ ਫਿਰ ਮਸੀਹਾ ਬਣੇ ਪਿੰਡਾਂ ਵਾਲੇ ਡਾਕਟਰ ਜਿਨ੍ਹਾਂ ਨੂੰ ਅਖੌਤੀ ਪੜਿਆ ਲਿਖਿਆ ਵਰਗ ਝੋਲਾ ਛਾਪ ਡਾਕਟਰ ਕਹਿੰਦਾ ਸੀ। ਅਚਾਨਕ ਲੌਕਡਾਊਨ ਲਗਾ ਦਿੱਤਾ ।ਜਿਸ ਨਾਲ ਜੋ ਜਿੱਥੇ ਸੀ ਉਥੇ ਹੀ ਰੁਕ ਗਿਆ ।ਸਭ ਤੋਂ ਵੱਡੀ ਤ੍ਰਾਸਦੀ ਇਹ ਸੀ ਲੱਖਾਂ ਪਰਵਾਸੀ ਮਜਦੂਰਾਂ ਜੋ ਪੈਦਲ ਹੀ ਆਪਣੇ ਅਪਣੇ ਰਾਜਾਂ ਨੂੰ ਤੁਰ ਪਏ। ਸਰਕਾਰਾਂ, ਪ੍ਰਸਾਸਨ ਦੀਆਂ ਨਲਾਇਕੀਆਂ ਸਾਹਮਣੇ ਆਉਣ ਲੱਗੀਆਂ। ਉਹਨਾਂ ਅਪਣੀ ਹੋਣੀ ਤੇ ਛੱਡ ਦਿੱਤਾ। ਮਜਬੂਰੀ ਵੱਸ ਘਰ ਜਾਣ ਦੀ ਚਾਹਤ ਨੇ ਸੈਂਕੜੇ ਮਜਦੂਰਾਂ ਨੂੰ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ ।ਭੁੱਖੇ ਪਿਆਸੇ ਥਕੇ ਹੋਇਆ ਕੁਝ ਅਪਣੀ ਮੰਜਲਿ ਤੇ ਪਹੁੰਚ ਗਏ ਕੁਝ ਰੱਬ ਨੂੰ ਪਿਆਰੇ ਹੋ ਗਏ ।ਸਭ ਤੋਂ ਸਰਮਨਾਕ ਸੀ ਸਰਕਾਰਾਂ ਦਾ ਉਹਨਾਂ ਪ੍ਰਤੀ ਵਤੀਰਾ।

ਇਹ ਕੰਮ ਸਿਰਫ ਇਸੇ ਮਹਾਂਮਾਰੀ ਨਾਲ ਨਹੀਂ ਰੁਕਣਾ ਹਾਲੇ ਬਹੁਤ ਕੁਝ ਹੋਣਾ ਬਾਕੀ ਹੈ। ਕਿਉਂਕਿ ਇਨਸਾਨ ਨੇ ਕੁਦਰਤ ਨਾਲ ਖਿਲਵਾੜ ਵੀ ਹੀ ਐਨਾ ਕੀਤਾ ਹੈ ਕਿ ਕੁਝ ਤਾਂ ਫਿਰ ਰੰਗ ਦਿਖਣਾ ਹੀ ਸੀ ।ਹਵਾ,ਪਾਣੀ,ਧਰਤੀ ਸਭ ਕੁਝ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਕੁਝ ਮਹੀਨਿਆਂ ਬਾਅਦ ਜੰਿਦਗੀ ਹੋਲੀ ਹੋਲੀ ਲੀਹ ਤੇ ਆਉਣ ਲੱਗੀ। ਪਹਿਲਾਂ ਹੀ ਖਦਸਾ ਸੀ ਕਿ ਇਸ ਮਹਾਂਮਾਰੀ ਦਾ ਦੂਸਰਾਂ ਦੌਰ ਵੀ ਆਏਗਾ । ਲੇਕਿਨ ਕੇਂਦਰ ਸਰਕਾਰ ਤੋਂ ਲੈ ਕੇ ਰਾਜਾਂ ਸਰਕਾਰਾਂ ਪਿਛਲੇ ਦੌਰ ਤੋਂ ਕੋਈ ਸਬਕ ਨਹੀਂ ਸਿੱਖਿਆ। ਸਾਲ ਬਾਅਦ ਹਸਪਤਾਲਾਂ ਵਿੱਚ ਬੈੱਡਾ, ਡਾਕਟਰਾਂ, ਨਰਸਾਂ ਹੋਰ ਮੈਡੀਕਲ ਅਮਲਾ,ਆਕਸੀਜਨ ਪਲਾਂਟਾਂ ਦੀ ਗਿਣਤੀ ਨਹੀਂ ਵਧਾਈ। ਸਰਕਾਰਾਂ ਹੱਥ ਤੇ ਹੱਥ ਧਰ ਕੇ ਬੈਠ ਗਈਆਂ। ਹੋਲੀ ਹੋਲੀ ਕੇਸਾਂ ਦੀ ਗਿਣਤੀ ਵਧਣ ਲੱਗੀ। ਥੋੜੇ ਦਿਨਾਂ ਵਿੱਚ ਵਾਇਰਸ ਦਾ ਤਾਂਡਵ ਸੂਰੂ ਹੋ ਗਿਆ। ਹਜਾਰਾਂ ਦੀ ਗਿਣਤੀ ਵਿਚ ਆਉਂਦੇ ਕੇਸ ਹਰ ਰੋਜ ਤਿੰਨ ਲੱਖ ਤੋਂ ਪਾਰ ਹੋ ਗਏ। ਹਜਾਰਾਂ ਲੋਕ ਮਰਨ ਲੱਗੇ ।ਹਾਲਾਤ ਬਦ ਤੋਂ ਬਦਤਰ ਹੋਣ ਲੱਗ ਪਏ। ਹਸਪਤਾਲਾਂ ਵਿੱਚ ਬੈੱਡ ਘਟਣ ਲੱਗ ਪਏ। ਬਹੁਤੇ ਹਸਪਤਾਲਾਂ ਨੇ ਗੇਟ ਤੇ ਬੈੱਡ ਉਪਲਬਧ ਨਾਂ ਹੋਣ ਦੇ ਬੋਰਡ ਚਿਪਕਾ ਦਿੱਤੇ। ਫਿਰ ਸੁਰੂ ਹੋਈ ਆਕਸੀਜਨ ਦੀ ਮਾਰਾਮਾਰੀ। ਲੋਕ ਆਕਸੀਜਨ ਤੋਂ ਬਿਨਾਂ ਹਸਪਤਾਲਾਂ , ਘਰਾਂ ਸੜਕਾਂ ਵਿੱਚ ਤੜਪਨ ਲੱਗੇ। ਬਹੁਤ ਸਾਰੇ ਹਸਪਤਾਲਾਂ ਵਿੱਚ ਮਰੀਜ ਆਕਸੀਜਨ ਦੀ ਘਾਟ ਕਾਰਨ ਮਰ ਗਏ। ਆਕਸੀਜਨ ਦੀ ਕਾਲਾਬਾਜਾਰੀ ਸੁਰੂ ਹੋ ਗਈ। ਜਿੰਨਾ ਨੂੰ ਜਰੂਰਤ ਨਹੀਂ ਸੀ ਉਹ ਆਕਸੀਜਨ ਘਰਾਂ ਵਿੱਚ ਸਟੋਰ ਕਰਕੇ ਰੱਖਣ ਲੱਗ ਪਏ ।ਜਿਸ ਨਾਲ ਘਾਟ ਹੋਰ ਮਹਿਸੂਸ ਹੋਣ ਲੱਗੀ ਪਈ ।ਕੀ ਸਰਕਾਰਾਂ ਵਿੱਚ ਐਨੀ ਸਮਰੱਥਾ ਨਹੀਂ ਹੈ ਕਿ ਉਹ ਕੁਝ ਹੀ ਦਿਨਾਂ ਵਿੱਚ ਆਕਸੀਜਨ ਪਲਾਂਟ ਲਗਾ ਕੇ ਲੋਕਾਂ ਦੀਆ ਕੀਮਤੀ ਜਿੰਦਗੀਆਂ ਬਚਾ ਸਕੇ। ਪਿਛਲੇ ਸਾਲ ਦੇ ਲੌਕਡਾਊਨ ਤੋਂ ਇਹ ਸਰਕਾਰਾਂ ਸਭ ਤੋਂ ਵੱਡੀ ਨਲਾਇਕੀ ਸੀ।

ਮਰਨ ਵਾਲੇ ਸਰਕਾਰ ਲਈ ਸਿਰਫ ਅੰਕੜੇ ਹਨ ਉਹਨਾਂ ਦੇ ਪਰਿਵਾਰਾਂ ਲਈ ਸਭ ਕੁਝ ਸਨ। ਇਸ ਬੀਮਾਰੀ ਲਈ ਜਰੂਰੀ ਰੈਮਡੇਸਿਵਿਰ ਇੰਜੈਕਸਨ ਦੀ ਕੀਮਤ 40000 ਰੁਪਏ ਪ੍ਰਤੀ ਟੀਕਾ ਪਹੁੰਚ ਗਈ। ਲੇਕਿਨ ਸਰਕਾਰਾਂ ਇਸ ਕਾਲਾਬਾਜਾਰੀ ਤੇ ਨੱਥ ਪਾਉਣ ਵਿੱਚ ਨਾਕਾਮਯਾਬ ਰਹੀਆਂ। ਕੁਝ ਕੁ ਚੰਗੇ ਉਦਯੋਗਪਤੀਆਂ ਨੇ ਇਸ ਸੰਕਟ ਸਮੇਂ ਆਕਸੀਜਨ ਉਪਲਬਧ ਕਰਵਾਈ। ਗੁਰਦੁਆਰਾ ਸਾਹਿਬਾਨਾਂ ਨੇ ਆਕਸੀਜਨ ਦੇ ਲੰਗਰ ਲਗਾ ਦਿੱਤੇ।

ਕੇਂਦਰ ਸਰਕਾਰ ਪਹਿਲਾਂ ਤਾਂ ਵੈਕਸੀਨ ਵਿਦੇਸਾਂ ਨੂੰ ਵੰਡੀ ਗਈ ਫਿਰ ਆਪਣੇ ਦੇਸ ਵਿਚ ਇਸਦੀ ਘਾਟ ਪੈ ਗਈ। ਵਿਦੇਸੀ ਵੈਕਸੀਨਾਂ ਨੂੰ ਮਨਜੂਰੀ ਦਿੱਤੀ ਗਈ।

ਕੀ ਸਰਕਾਰਾਂ, ਇਨਸਾਨ ਇਸ ਮਹਾਂਮਾਰੀ ਤੋਂ ਕੁਝ ਸਬਕ ਸਿੱਖਣਗੇ ਜਾਂ ਏਸੇ ਤਰ੍ਹਾਂ ਸਭ ਕੁਝ ਰੱਬ ਆਸਰੇ ਚਲਦਾ ਰਹੇਗਾ ।ਕੀ ਇਨਸਾਨ ਧਰਤੀ ਹਵਾ ਪਾਣੀ ਨੂੰ ਪ੍ਰਦੂਸਤਿ ਕਰਦਾ ਰਹੇਗਾ। ਵਿਕਾਸ ਦੇ ਨਾਂਅ ਤੇ ਦਰੱਖਤਾਂ ਦੀ ਧੜਾਧੜ ਕਟਾਈ ਹੁੰਦੀ ਰਹੇਗੀ ।ਜੋ ਆਕਸੀਜਨ ਸਾਨੂੰ ਦਰੱਖਤਾਂ ਤੋਂ ਮੁਫਤ ਮਿਲਦੀ ਹੈ ਉਹ ਅੱਜ ਕਿਸੇ ਵੀ ਕੀਮਤ ਵਿੱਚ ਨਹੀਂ ਮਿਲ ਰਹੀ। ਕੀ ਅਖੌਤੀ ਵਿਕਾਸ ਦੇ ਨਾਂਅ ਤੇ ਸੰਵੇਦਨਸੀਲ ਪਹਾੜੀ ਏਰੀਏ ਨਾਲ ਛੇੜਛਾੜ ਹੁੰਦੀ ਰਹੇਗੀ। ਇਸੇ ਛੇੜਛਾੜ ਕਰਕੇ ਹੜ, ਭੂਚਾਲ, ਤੂਫਾਨ ਭੂਚਾਲ, ਸੁਨਾਮੀਆਂ ਆਉਂਦੀਆਂ ਹਨ। ਕੀ ਸਰਕਾਰਾਂ ਇਸ ਮਹਾਂਮਾਰੀ ਤੋਂ ਸਬਕ ਸਿੱਖ ਕੇ ਮੈਡੀਕਲ ਸਹੂਲਤਾਂ ਵਿੱਚ ਵਾਧਾ ਕਰੇਗੀ। ਹਸਪਤਾਲਾਂ ਦੀ ਗਿਣਤੀ ਵਧੇਗੀ। ਹਸਪਤਾਲਾਂ ਵਿੱਚ ਬੈੱਡਾ ਦੀ ਗਿਣਤੀ ਵਧਾਈ ਜਾਵੇਗੀ। ਡਾਕਟਰ, ਨਰਸਾਂ,ਪੈਰਾਮੈਡੀਕਲ ਸਟਾਫ ਦੀ ਉਚਿਤ ਵਿਵਸਥਾ ਕੀਤੀ ਜਾਵੇਗੀ। ਜਾਂ ਅਸੀਂ ਫੋਕੇ ਦਮਗਜੇ ਮਾਰ ਕੇ ਵਿਸਵ ਗੁਰੂ ਕਹਾਉਂਦੇ ਰਹਾਂਗੇ। ਖੋਖਲੇ ਦਾਅਵਿਆਂ ਤੋਂ ਹੱਟ ਹਕੀਕਤ ਪਰਖਣ ਦੀ ਜਰੂਰਤ ਹੈ ।ਹੋ ਸਕਦਾ ਹੈ ਇਹ ਮਹਾਂਮਾਰੀ ਇੱਕ ਟਰੇਲਰ ਹੀ ਹੋਵੇ। ਇਸਤੋਂ ਵੱਡਾ ਕੁਝ ਵੀ ਵਾਪਰ ਸਕਦਾ ਹੈ। ਫਿਰ ਅਸੀਂ ਕਿਸ ਤਰਾਂ ਉਸਦਾ ਸਾਹਮਣਾ ਕਰਾਂਗੇ।

ਜਾਂ ਫਿਰ ਲੋਕਾਂ ਨੂੰ ਉਹਨਾਂ ਦੀ ਹੋਣੀ ਤੇ ਛੱਡ ਦਿੱਤਾ ਜਾਵੇਗਾ।

## ਜੂਨ ਮਹੀਨੇ ਤੱਕ ਮੌਡਰਨਾ ਵੈਕਸੀਨ ਦੇ 12 ਮਿਲੀਅਨ ਤੋਂ ਵੱਧ ਟੀਕੇ ਕਨੇਡਾ ਪੁੱਜ ਜਾਣੇ ਹਨ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਬਲਿਕ ਹੈਲਥ ਏਜੰਸੀ ਔਫ਼ ਕੈਨੇਡਾ ਵਾਸਤੇ ਦੇਸ਼ ਭਰ ਵਿੱਚ ਕੋਵਿਡ-19 ਵੈਕਸਿਨ ਦੀ ਸਪਲਾਇ ਦਾ ਪ੍ਰਬੰਧ ਵੇਖ ਰਹੇ ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਦੇਸ਼ ਭਰ ਵਾਸਤੇ 10 ਮਈ ਵਾਲੇ ਹਫ਼ਤੇ ਤੋਂ ਮੌਡਰਨਾ ਕੰਪਨੀ ਦੀ ਦਵਾਈ ਦੀਆਂ 10 ਲੱਖ ਡੋਜ਼ਿਜ਼ ਆਉਣਗੀਆਂ। ਅਮੈਰਿਕਾ ਦੇ ਮੈਸਾਚਿਉਸੈਟਸ ਦੀ ਇਸ ਕੰਪਨੀ ਵੱਲੋਂ ਆਪਣੀ ਦਵਾਈ ਦੀ ਸਪਲਾਇ ਨਿਰੰਤਰ ਨਹੀਂ ਰੱਖੀ ਜਾ ਸਕੀ ਹੈ ਤੇ ਕੰਪਨੀ ਦਾ ਕਹਿਣਾ ਹੈ ਕਿ ਕੱਚਾ ਮਾਲ ਨਾ ਮਿਲਣ ਕਰਕੇ ਦਵਾਈ ਨਿਰਮਾਣ ਵਿੱਚ ਦਿੱਕਤਾਂ ਆ ਗਈਆਂ ਸਨ। ਬੀਤੇ ਦਿਨੀ ਮੌਡਰਨਾ ਨੇ ਨਿਰਧਾਰਿਤ 13 ਲੱਖ ਡੋਜ਼ਿਜ਼ ਵਿੱਚੋਂ ਸਾਢੇ 6 ਲੱਖ ਡੋਜ਼ਿਜ਼ ਹੀ ਪਹੁੰਚਾਈਆਂ ਸਨ। ਜੂਨ ਮਹੀਨੇ ਤੱਕ ਮੌਡਰਨਾ ਦੀਆਂ 12.3 ਮਿਲੀਅਨ ਡੋਜ਼ਿਜ਼ ਪਹੁੰਚ ਜਾਣਗੀਆਂ। ਫਾਇਜ਼ਰ ਕੰਪਨੀ ਦੀਆਂ ਡੋਜ਼ਿਜ਼ ਇਸ ਸਾਲ ਦੌਰਾਨ 24.2 ਮਿਲੀਅਨ ਪਹੁੰਚਣ ਦੀ ਸੰਭਾਵਨਾ ਹੈ। ਕਿਉਬੈਕ ਅਤੇ -ਟੈਰੀ- ਵਿੱਚ 18 ਸਾਲ ਤੋਂ ਉੱਪਰ ਉਮਰ ਦੇ ਵਿਅਕਤੀਆਂ ਨੂੰ 24 ਮਈ ਤੱਕ ਆਪੋ ਆਪਣੀਆਂ ਐਪੌਇੰਟਮੈਂਟਸ ਬਣਾਉਣ ਲਈ ਕਹਿ ਦਿੱਤਾ ਗਿਆ ਹੈ। ਮੈਨੀਟੋਬਾ ਪ੍ਰੀਮੀਅਰ ਬ੍ਰਾਇਨ ਪੈਲਿਸਟਰ ਨੇ ਸੂਬੇ ਦੇ ਸਕੂਲ ਸਟਾਫ਼ ਮੈਂਬਰਾਂ ਨੂੰ ਸੂਬੇ ਦੇ ਨਾਲ ਲੱਗਦੇ ਅਮੈਰਕਾ ਦੇ ਸੂਬੇ ਨੌਰਥ ਡੈਕੋਟਾ ਵਿੱਚ ਜਾ ਕੇ ਕੋਵਿਡ-19 ਇੰਜੈਕਸ਼ਨ ਲਗਵਾਉਣ ਦੀ ਆਗਿਆ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਟਰੱਕ ਡਰਾਇਵਰਾਂ ਨੂੰ ਇਹ ਸਹੂਲਤ ਦਿੱਤੀ ਗਈ ਸੀ। ਐਡਮਿਨਿਸਟ੍ਰੇਟਰਜ਼ ਅਤੇ ਜੈਨਿਟਰਜ਼ ਵੀ ਉਧਰ ਜਾ ਕੇ ਕੇ ਟੀਕੇ ਲਗਵਾ ਸਕਣਗੇ।

## ਅਲਬਰਟਾ ਵਿਧਾਨ ਸਭਾ ਦਾ ਸ਼ੈਸਨ ਮੁਲਤਵੀ,ਐਨ ਡੀ ਪੀ ਵੱਲੋਂ ਆਲੋਚਨਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਸੁਰੂ ਹੋਣ ਵਾਲਾ ਐਲਬਰਟਾ ਵਿਧਾਨਸਭਾ ਦਾ ਸੈਸ਼ਨ 2 ਹਫ਼ਤਿਆਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਗਵਰਨਮੈਂਟ ਹਾਊਸ ਲੀਡਰ ਜੇਸਨ ਨਿਕਸਨ ਵੱਲੋਂ ਜਾਰੀ ਸੂਚਨਾ ਵਿੱਚ ਕਿਹਾ ਗਿਆ ਹੈ ਕਿ ਵਿਧਾਇਕਾਂ ਅਤੇ ਸਟਾਫ਼ ਨੂੰ ਇਸ ਖ਼ਤਰਨਾਕ ਵਾਇਰਸ ਤੋਂ ਬਚਾਉਣ ਵਾਸਤੇ ਇਹ ਕਦਮ ਚੁੱਕਿਆ ਗਿਆ ਹੈ। ਵਿਰੋਧੀ ਧਿਰ ਐਨ.ਡੀ.ਪੀ. ਨੇ ਸਰਕਾਰ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਹੈ ਕਿ ਸਰਕਾਰ ਨੇ ਜਵਾਬਦੇਹੀ ਤੋਂ ਡਰ ਕੇ ਇਹ ਫੈਸਲਾ ਲਿਆ ਹੈ।

## ਮਾਂ ਦੀ ਯਾਦ

ਲੱਗਦੇ ਪਿਆਰੇ ਮੈਨੂੰ ਦਰਦ ਮਾਏ ਮੇਰੀਏ ਨੀ
ਰੱਖਾਂ ਘੁੱਟ-ਘੁੱਟ ਕਾਲਜੇ ਦੇ ਨਾਲ
ਪੀੜ ਦੇ ਮੈਂ ਸਿਰ ਉੱਤੇ ਰੋਜ਼ ਗੁੰਦਾਂ ਮੇਢੀਆਂ ਨੀ
ਗਜ਼ ਗਜ਼ ਲੰਮੇ ਜਿਹਦੇ ਵਾਲ

ਨੈਣਾਂ ਵਿੱਚ ਸੁਰਮਾ ਮੈਂ ਪਾਵਾਂ ਰੋਜ਼ ਹੰਝੂਆਂ ਦਾ
ਮੱਥੇ ਲਾਵਾਂ ਬਿਰਹਾ ਦਾ ਟਿੱਕਾ
ਹੋਠਾਂ ਉੱਤੇ ਲਾਵਾਂ ਨੀ ਖ਼ਾਮੋਸ਼ੀ ਦਾ ਦੰਦਾਸੜਾ
ਤੇ ਰੰਗ ਜਿਹਦਾ ਸੜੇ ਸੂਹਾ ਲਾਲ।

ਦਿਲੇ ਵਿੱਚ ਪਾਲਾਂ ਬੂਟਾ ਹੌਕਿਆਂ ਦੇ ਨਾਲ ਮਾਏ
ਡਾਲ ਡਾਲ ਉੱਤੇ ਜਿਹਦੇ ਕੰਡੇ
ਇੱਕ ਨੂੰ ਜੇ ਕੱਢਾਂ ਉੱਥੇ ਸੈਆਂ ਉੱਗ ਪੈਂਦੇ
ਯਾਦਾਂ ਰੋ ਰੋ ਹੋਈਆਂ ਨੇ ਬੇਹਾਲ।

ਰੋਮ ਰੋਮ ਤਪੇ ਇੰਜ ਹਿਜਰਾਂ ਦੀ ਭੱਠੀ ਮਾਏ
ਮਾਰੂਥਲੀਂ ਰੇਤ ਜਿਵੇਂ ਭੁੱਜੇ
ਨੈਣਾਂ ਦੀਆਂ ਬੌਲੀਆਂ ਚ ;ਰੁਕੇ ਹੋਏ ਨੀਰ ਨੂੰ ਵੀ
ਸੇਕ ਨਾਲ ਆ ਗਿਆ ਉਬਾਲ।

ਛਾਵੇਂ ਆਪਣੀ ਤੂੰ ਜੇਹੜਾ ਪਾਲਿਆ ਸੀ ਫੁੱਲ ਮਾਏ
ਰੰਗ ਉਹਦੇ ਹੋਏ ਹੁਣ ਫਿਕੇ
ਪੱਤੀ ਪੱਤੀ ਵਿੱਚੋਂ ਪਰ ਮਹਿਕ ਤੇਰੀ ਆਉਂਦੀ ਰਹੂ
ਜਾਊ ਏਹਨਾ ਸਾਹਵਾਂ ਦੇ ਹੀ ਨਾਲ।

**ਦਲਜੀਤ ਕੌਰ ਵਰਮਾ**
**ਬਰੈਮਪਟਨ ( ਕਨੇਡਾ )**


ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ









Calgary

# ਤੁਹਾਡੇ ਟੈਕਸ ਡਾਲਰਾਂ ਨਾਲ ਉਹ ਸੇਵਾਵਾਂ ਚੱਲਦੀਆਂ ਹਨ, ਜਿਨ੍ਹਾਂ ਨੂੰ ਕੈਲਗਰੀ ਵਾਸੀ ਹਰ ਰੋਜ਼ ਵਰਤਦੇ ਅਤੇ ਮਹੱਤਵ ਦਿੰਦੇ ਹਨ।

ਸਿਟੀ ਪ੍ਰਾਪਰਟੀ ਟੈਕਸ ਦੇ ਮਿਊਨਿਸਪਲ ਹਿੱਸੇ ਨਾਲ ਸਿਟੀ ਕਈ ਸੇਵਾਵਾਂ ਅਤੇ ਪ੍ਰੋਗਰਾਮ ਚਲਾਉਂਦਾ ਹੈ। ਇਸ ਵਿਚ ਪੁਲਸ, ਫਾਇਰ, ਸੜਕਾਂ ਅਤੇ ਪਾਰਕ ਸ਼ਾਮਲ ਹਨ। ਪਰ ਕਈ ਹੋਰ ਅਹਿਮ ਚੀਜ਼ਾਂ ਜਿਵੇਂ ਕਿ ਸੋਸ਼ਲ ਪ੍ਰੋਗਰਾਮ ਅਤੇ ਰੈਕਰੀਏਸ਼ਨ ਸੁਵਿਧਾਵਾਂ ਵੀ ਇਸ ਪੈਸੇ ਨਾਲ ਚੱਲਦੀਆਂ ਹਨ।

ਸਿਟੀ ਦਾ ਇਸ ਗੱਲ ਵੱਲ ਪੂਰਾ ਧਿਆਨ ਹੈ ਕਿ ਤੁਹਾਡੇ ਪ੍ਰਾਪਰਟੀ ਟੈਕਸ ਡਾਲਰਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਜਾਵੇ। ਅਸੀਂ ਹਮੇਸ਼ਾ ਇਹ ਕੋਸ਼ਿਸ਼ ਕਰਦੇ ਹਾਂ ਕਿ ਖਰਚੇ ਘਟਾਏ ਜਾਣ ਅਤੇ ਸਰਵਿਸ ਡਿਲਿਵਰੀ ਵਿਚ ਸੁਧਾਰ ਹੋਵੇ।

ਮਿਲਕੇ ਅਸੀਂ ਕੈਲਗਰੀ ਨੂੰ ਅਜਿਹੀ ਥਾਂ ਬਣਾਉਣ ਲਈ ਲੱਗੇ ਹੋਏ ਹਾਂ, ਜਿਹੜੀ ਰਹਿਣ ਲਈ ਵਧੀਆ ਹੋਵੇ ਅਤੇ ਜਿੱਥੇ ਗੁਜ਼ਾਰੇ ਦੇ ਸਾਧਨ ਹੋਣ।

**ਅਸੀਂ ਤੁਹਾਡੇ ਟੈਕਸ ਡਾਲਰਾਂ ਦੀ ਵਰਤੋਂ ਨਾਲ ਸਿਟੀ ਸੇਵਾਵਾਂ ਅਤੇ ਪ੍ਰੋਗਰਾਮਾਂ ਜ਼ਰੀਏ ਕਿਵੇਂ ਮੁੱਲ ਮੋੜ ਰਹੇ ਹਾਂ, ਉਸ ਬਾਰੇ ਜਾਨਣ ਲਈ ਦੇਖੋ:**
**calgary.ca/ourfinances**




Calgary
**65%** ਕੈਲਗਰੀ ਸਿਟੀ ਸਰਵਿਸ ਲਈ ਜਾਂਦਾ ਹੈ

**35%** ਅਲਬਰਟਾ ਸਰਕਾਰ ਨੂੰ ਜਾਂਦਾ ਹੈ

ਤੁਹਾਡੇ ਪ੍ਰੌਪਰਟੀ ਟੈਕਸ ਡਾਲਰ ਦਾ ਤਕਰੀਬਨ 65 ਪ੍ਰਤੀਸ਼ਤ ਸਿਟੀ ਸੇਵਾਵਾਂ 'ਤੇ ਖਰਚ ਹੁੰਦਾ ਹੈ, ਜਦਕਿ ਬਾਕੀ 35 ਪ੍ਰਤੀਸ਼ਤ ਅਲਬਰਟਾ ਸਰਕਾਰ ਨੂੰ ਜਾਂਦਾ ਹੈ





DAWSON'S LANDING
CHESTERMERE
A QUALICO COMMUNITY

# ਲੱਭੋ ਆਪਣਾ ਸੰਪੂਰਣ ਘਰ

# ਨਵੀਆਂ ਲਾਟਾਂ ਆ ਗਈਆਂ ਹਨ

- ਤਲਾਅ /ਹਰਿਆ ਭਰਿਆ ਆਲਾ ਦੁਆਲਾ
- ਫਰੰਟ ਗੈਰਾਜ ਲਾਟਾਂ
- ਵਾਕ ਆਊਟ ਲਾਟਾਂ
- ਡੁਪਲੈਕਸ ਲਾਟਾਂ
- ਲੇਨਡ ਲਾਟਾਂ

| TOWNHOMES | DUPLEX HOMES | LANED HOMES | FRONT GARAGE HOMES |
|---|---|---|---|
| FROM THE LOW | FROM THE MID | FROM THE HIGH | FROM THE LOW |
| $300s | $300s | $300s | $500s |

360° ਵਰਚੂਅਲ ਟੂਰ ਵੀ ਮਿਲਦਾ ਹੈ


ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।

ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ

liveindawsonslanding.ca

SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes










ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .

QUALICO® communities

## ਆਕਸੀਜਨ ਟਵੀਟ ਕੀ ਕੀਤਾ...ਬੱਸ ਐਵੇਂ ਰੌਲਾ ਪੈ ਗਿਆ

# 'ਨਿਊਜ਼ੀਲੈਂਡ ਹਾਈ ਕਮਿਸ਼ਨ ਇਨ ਇੰਡੀਆ' ਨੇ ਸਟਾਫ ਮੈਂਬਰ ਲਈ ਮੰਗੀ ਆਕਸੀਜਨ ਤੇ ਫਿਰ.....?

### -ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੂੰ ਦੱਸਣੀ ਪਈ ਸਫਾਈ ਤੇ ਕਿਹਾ ਤਰੀਕਾ ਸਹੀ ਨਹੀਂ ਸੀ
### -ਹਾਈ ਕਮਿਸ਼ਨ ਨੇ ਮੰਗੀ ਮਾਫੀ-ਬਿਮਾਰ ਵਿਅਕਤੀ ਲਈ ਕੀਤੀ ਦੁਆ

ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ) ਮੇਰਾ ਭਾਰਤ ਮਹਾਨ' ਨਾ ਹੋ ਕੇ ਅੱਜ ਕੱਲ੍ਹ ਕਰੋਨਾ ਦੀ ਮਾਰ ਝਲਦਿਆਂ ਹਰ ਇਕ ਦੀ ਜਾਨ ਲੈਣ ਵਾਲਾ ਬਣਿਆ ਹੋਇਆ ਹੈ। ਆਕਸੀਜਨ ਸਿਲੰਡਰਾਂ ਦੀ ਐਨੀ ਥੁੜ੍ਹ ਪੈਦਾ ਹੋ ਗਈ ਹੈ ਕਿ ਵੱਡੇ-ਵੱਡੇ ਅਦਾਰੇ ਸਰਕਾਰੀ ਆਸ ਤੋਂ ਪਰ੍ਹੇ ਹੋ ਸੋਸ਼ਲ ਮੀਡੀਆ ਉਤੇ ਵਿਸ਼ਵਾਸ਼ ਕਰਨ ਲੱਗੇ ਹਨ ਕਿ ਸ਼ਾਇਦ ਸਰਕਾਰੀ ਸਾਧਨਾਂ ਤੋਂ ਪਹਿਲਾਂ ਕੋਈ ਉਥੇ ਆਕਸੀਜਨ ਪਹੁੰਚਾ ਦੇਵੇ ਅਤੇ ਕਿਸੀ ਦੀ ਜਾਨ ਬਚ ਜਾਵੇ।




ਗੱਲ ਹੈ ਨਵੀਂ ਦਿੱਲੀ ਸਥਿਤ ਨਿਊਜ਼ੀਲੈਂਡ ਹਾਈ ਕਮਿਸ਼ਨ ਦੀ। ਪਿਛਲੇ ਇਕ ਸਾਲ ਤੋਂ ਇਹ ਕਮਿਸ਼ਨ ਆਪਣਾ ਕੀਵੀ ਸਟਾਫ ਅਤੇ ਸਥਾਨਿਕ ਸਟਾਫ ਆਪਣੇ ਹੀ ਕੰਪਾਊਡ ਦੇ ਵਿਚ ਰੱਖ ਰਿਹਾ ਹੈ ਤਾਂ ਕਿ ਕਰੋਨਾ ਤੋਂ ਬਚਿਆ ਜਾ ਸਕੇ। ਬੀਤੇ ਦਿਨੀਂ ਉਨ੍ਹਾਂ ਦਾ ਇਕ ਸਥਾਨਕ ਸਟਾਫ ਮੈਂਬਰ ਬਿਮਾਰ ਹੋ ਗਿਆ ਅਤੇ ਉਸਨੂੰ ਤੁਰੰਤ ਆਕਸੀਜਨ ਦੀ ਲੋੜ ਸੀ। ਹਾਈ ਕਮਿਸ਼ਨ ਨੇ ਨੈਸ਼ਨਲ ਯੂਥ ਕਾਂਗਰਸ ਦੇ ਪ੍ਰਧਾਨ ਸਿਰੀਨਿਵਾਸ ਬੀ.ਵੀ. ਨੂੰ ਹੈਸ਼ ਟੈਗ ਕਰਦਿਆਂ ਸੋਸ਼ਲ ਸਫੇ ਉਤੇ ਆਕਸੀਜਨ ਦੇ ਸਿਲੰਡਰ ਦੀ ਤੁਰੰਤ ਲੋੜ ਲਈ ਪੋਸਟ ਪਾ ਦਿੱਤੀ। ਟਵੀਟ ਨੇ ਕੰਮ ਕੀਤਾ ਅਤੇ ਸਿਲੰਡਰ ਤਾਂ ਜਲਦੀ ਹੀ ਦੱਸ ਕੇ ਪਹੁੰਚਾ ਦਿੱਤਾ ਗਿਆ ਪਰ ਹਾਈ ਕਮਿਸ਼ਨ ਵੱਲੋਂ ਅਪਨਾਇਆ ਗਿਆ ਇਹ ਤਰੀਕਾ ਰਾਜਸੀ ਤਰੀਕਿਆਂ 'ਤੇ ਖਰਾ ਨਹੀਂ ਉਤਰਿਆ ਜਿਸ ਕਰਕੇ ਮਾਮਲਾ ਮੀਡੀਆ ਰਾਹੀਂ ਤੁਰਦਾ-ਤੁਰਦਾ ਨਿਊਜ਼ੀਲੈਂਡ ਸਰਕਾਰ ਤੱਕ ਪਹੁੰਚ ਗਿਆ। ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਨੂੰ ਇਸ ਸਬੰਧੀ ਸਫਾਈ ਦੇਣੀ ਪਈ ਹੈ ਅਤੇ ਕਹਿਣਾ ਪਿਆ ਕਿ ਹਾਈ ਕਮਿਸ਼ਨ ਦਾ ਇਹ ਤਰੀਕਾ ਠੀਕ ਨਹੀਂ ਸੀ। ਨਿਯਮਾਂ ਅਨੁਸਾਰ ਭਾਰਤ ਦੀ ਸਰਕਾਰ ਤੱਕ ਪਹੁੰਚ ਕਰਨੀ ਬਣਦੀ ਸੀ ਅਤੇ ਉਨ੍ਹਾਂ ਨੇ ਇਸਦਾ ਯੋਗ ਪ੍ਰਬੰਧ ਕਰਨਾ ਸੀ। ਬਿਮਾਰ ਵਿਅਕਤੀ ਦੀ ਸਿਹਤਯਾਬੀ ਲਈ ਪ੍ਰਧਾਨ ਮੰਤਰੀ ਨੇ ਦੁਆ ਕੀਤੀ ਹੈ। ਹਾਈ ਕਮਿਸ਼ਨ ਨਿਊਜ਼ੀਲੈਂਡ ਨੇ ਇਸ ਤਰ੍ਹਾਂ ਦਾ ਟਵੀਟ ਕਰਨ ਉਤੇ ਵੀ ਮਾਫੀ ਮੰਗੀ ਹੈ। ਮਾਫੀ ਮੰਗਣ ਦਾ ਕਾਰਨ ਹੈ ਕਿ ਜਦੋਂ ਸਹੀ ਰਸਤਾ ਸੀ ਤਾਂ ਟੇਢਾ-ਮੇਢਾ ਰਸਤਾ ਕਿਉਂ ਚੁਣਿਆ ਗਿਆ। ਹਾਈ ਕਮਿਸ਼ਨ ਨੇ ਉਸ ਟਵੀਟ ਨੂੰ ਬਦਲ ਕੇ ਦੁਬਾਰਾ ਪਾ ਦਿੱਤਾ ਹੈ।

ਸੋ ਆਕਸੀਜਨ ਲਈ ਟਵੀਟ ਕੀ ਕੀਤਾ...ਬੱਸ ਐਵੇਂ ਰੌਲਾ ਪੈ ਗਿਆ। ਹੋ ਸਕਦਾ ਹੈ ਤੁਰੰਤ ਪਹੁੰਚੇ ਸਿਲੰਡਰ ਨਾਲ ਕਿਸੀ ਦੀ ਜਾਨ ਬਚ ਗਈ ਹੋਵੇ ਪਰ ਕਈ ਵਾਰ ਮਸਲਾ ਨਿਯਮਾਂ ਦਾ ਆ ਜਾਂਦਾ ਹੈ।

## ਹੁਣ ਕੈਨਾਨੈਸਕਿਸ ਵਿਖੇ ਮੌਜ ਮਸਤੀ ਕਰਨ ਦੀ ਫੀਸ 15 ਡਾਲਰ ਲੱਗੇਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੱਛਮ ਵੱਲ ਲਗਪਗ 100 ਕਿਲੋਮੀਟਰ ਖੇਤਰ ਵਿੱਚ ਫੈਲੇ ਕੈਨਾਨੈਸਕਿਸ ਕੰਟਰੀ ਵਿੱਚ ਮੌਜ-ਮਸਤੀ ਲਈ ਜਾਣ ਵਾਲਿਆਂ ਤੋਂ ਹੁਣ ਫੀਸ ਵਸੂਲੀ ਜਾਇਆ ਕਰੇਗੀ। ਐਲਬਰਟਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਇੱਕ ਦਿਨ ਵਾਸਤੇ 15 ਡਾਲਰ ਜਾਂ ਪ੍ਰਤੀ ਵਹੀਕਲ ਸਾਲਾਨਾ 90 ਡਾਲਰ ਵਸੂਲ ਕੀਤੇ ਜਾਣਗੇ। ਪਿਛਲੇ ਸਾਲ ਇਸ ਖੇਤਰ ਵਿੱਚ 54 ਲੱਖ ਲੋਕ ਆਏ ਦਰਜ ਕੀਤੇ ਗਏ ਹਨ। ਇਹ ਗਿਣਤੀ ਬੈਂਫ਼ ਵਿੱਚ ਜਾਣ ਵਾਲੇ ਲੋਕਾਂ ਤੋਂ 10 ਲੱਖ ਜ਼ਿਆਦਾ ਹੈ। ਸੂਬੇ ਦੇ ਐਨਵਾਇਰਨਮੈਂਟ ਮਨਿਸਟਰ ਜੇਸਨ ਨਿਕਸਨ ਨੇ ਕਿਹਾ ਕਿ ਸਾਲ 2014 ਤੋਂ ਬਾਦ ਇਸ ਖੇਤਰ ਵਿੱਚ ਆਉਣ ਵਾਲੇ ਲੋਕਾਂ ਦੀ ਸੰਖਿਆ ਵਿੱਚ 70% ਦਾ ਵਾਧਾ ਹੋਇਆ ਹੈ। ਇਸ ਕਾਰਨ ਇੱਥੇ ਗਾਰਬੇਜ, ਗ਼ੈਰਕਾਨੂੰਨੀ ਪਾਰਕਿੰਗ, ਭੀੜ ਭਰੀਆਂ ਟ੍ਰੇਲਜ਼, ਡੇ-ਯੂਜ਼ ਏਰੀਆ ਦੀ ਲੋੜ ਤੋਂ ਵੱਧ ਵਰਤੋਂ, ਲੜਾਈਆਂ ਅਤੇ ਜੰਗਲੀ ਜਾਨਵਰਾਂ ਨਾਲ ਸਾਹਮਣਾ ਹੋਣ ਆਦਿ ਦੀਆਂ ਘਟਨਾਵਾਂ ਵਧ ਗਈਆਂ ਹਨ। ਪਹਿਲੀ ਜੂਨ ਤੋਂ ਹੁਣ ਸੂਬਾ ਵਾਸੀ ਕੈਨਾਨੈਸਕਿਸ ਜਾਣ ਲਈ ਇੱਕ ਦਿਨ ਦੇ 15 ਡਾਲਰ ਜਾਂ ਸਾਲ ਵਾਸਤੇ ਪ੍ਰਤੀ ਗੱਡੀ 90 ਡਾਲਰ ਦੇਣਗੇ। ਇਸ ਤੋਂ ਸੂਬਾ ਸਰਕਾਰ ਨੂੰ 15 ਮਿਲੀਅਨ ਡਾਲਰ ਮਿਲਣਗੇ ਜਿਹੜੀ ਇਸ ਖੇਤਰ ਦੇ ਰੱਖ ਰਖਾਅ 'ਤੇ ਖ਼ਰਚ ਕੀਤੀ ਜਾਵੇਗੀ। ਵਿਰੋਧੀ ਧਿਰ ਐਨਡੀਪੀ ਨੇ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਹੈ।

## ਮੀਟ ਪਲਾਂਟਾਂ ਅੰਦਰ 15 ਹਜਾਰ ਤੋਂ ਵੀ ਵੱਧ ਕਾਮਿਆਂ ਨੂੰ ਟੀਕੇ ਲੱਗਣੇ ਸ਼ੁਰੂ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਸਾਰੇ ਮੀਟ ਪਲਾਂਟਾਂ ਦੇ 15 ਹਜ਼ਾਰ ਤੋਂ ਜ਼ਿਆਦਾ ਕਰਮਚਾਰੀਆਂ ਦੀ ਸਹੂਲਤ ਵਾਸਤੇ ਉਹਨਾਂ ਦੀਆਂ ਕੰਮ ਵਾਲੀਆਂ ਥਾਂਵਾਂ 'ਤੇ ਹੀ ਕੋਵਿਡ-19 ਦੇ ਇੰਜੈਕਸ਼ਨਜ਼ ਲਗਾਏ ਜਾਣ ਦਾ ਕੰਮ ਸ਼ੁਰੂ ਹੋ ਗਿਆ ਹੈ। ਸੂਬੇ ਵਿਚ ਫੈਡਰਲੀ ਅਤੇ ਪ੍ਰੋਵਿੰਸ਼ਿਅਲੀ ਰੈਗੂਲੇਟ ਕੀਤੀਆਂ ਜਾਂਦੀਆਂ ਅਜਿਹੀਆਂ 136 ਫੈਸਿਲਿਟੀਆਂ 'ਤੇ ਇਹ ਪ੍ਰਬੰਧ ਕੀਤੇ ਜਾ ਰਹੇ ਹਨ। ਮੀਡੀਆ ਨੂੰ ਸੰਬੋਧਨ ਕਰਦਿਆਂ ਪ੍ਰੀਮੀਅਰ ਜੇਸਨ ਕੈਨੀ ਨੇ ਦੱਸਿਆ ਕਿ ਵੈਕਸਿਨੇਸ਼ਨ ਪ੍ਰੋਗਰੈਮ ਦੇ 2-ਸੀ ਫੇਜ਼ ਤਹਿਤ ਇਹਨਾਂ ਫੈਸਿਲਿਟੀਜ਼ ਨੂੰ ਕਵਰ ਕੀਤਾ ਜਾਣਾ ਸੀ ਪਰ ਮੌਡਰਨਾ ਦਵਾਈ ਦੀ ਸਪਲਾਈ ਰੁਕ ਜਾਣ ਕਰਕੇ ਇਸ ਨੂੰ ਚਾਲੂ ਨਹੀਂ ਕੀਤਾ ਜਾ ਸਕਿਆ ਸੀ। ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਨੇ ਦੱਸਿਆ ਕਿ ਮੀਟ ਪਲਾਂਟ ਕਰਮਚਾਰੀਆਂ ਨੂੰ ਮੌਕੇ 'ਤੇ ਹੀ ਕਰਮਚਾਰੀਆਂ ਨੂੰ ਉਹਨਾਂ ਦੀ ਭਾਸ਼ਾ ਵਿੱਚ ਮੌਡਰਨਾ ਕੰਪਨੀ ਦੀ ਦਵਾਈ ਅਤੇ ਇਸ ਦੇ ਫਾਇਦਿਆਂ ਬਾਰੇ ਜਾਣਕਾਰੀ ਲਿਖਤੀ ਰੂਪ ਵਿੱਚ ਮੁਹਈਆ ਕਰਵਾਈ ਜਾਵੇਗੀ।

## ਅਲਬਰਟਾ ਦੇ ਪ੍ਰਾਇਵੇਸੀ ਕਾਨੂੰਨ ਦੀ ਉਲੰਘਣਾ ਕਰਨ ਵਾਲਾ ਪੁਲਸੀਆ ਹੁਣ ਕਾਨੂੰਨੀ ਉਲਝਣਾ ਵਿਚ ਫਸਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਵਿੱਚ 31 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਇੱਕ ਅਧਿਕਾਰੀ, ਸਾਰਜੰਟ ਕੈਵਿਨ ਨਾਇਟ ਨੂੰ ਐਲਬਰਟਾ ਦੇ ਪ੍ਰਾਇਵੇਸੀ ਕਾਨੂੰਨ ਦਾ ਉਲੰਘਣ ਕਰਨ ਅਤੇ ਗ਼ੈਰ ਕਾਨੂੰਨੀ ਢੰਗ ਨਾਲ ਹਾਸਲ ਕੀਤੀ ਜਾਣਕਾਰੀ ਨੂੰ ਅੱਗੋਂ ਕਿਸੇ ਨਾਲ ਸਾਂਝੀ ਕਰਨ ਦੇ ਦੋਸ਼ ਤਹਿਤ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੱਸਿਆ ਗਿਆ ਹੈ ਕਿ ਸਾਰਜੰਟ ਕੈਵਿਨ ਨਾਇਟ ਨੇ ਪਹਿਲੀ ਜੂਨ, 2019 ਤੋਂ ਲੈ ਕੇ 9 ਜੁਲਾਈ, 2020 ਦਰਮਿਆਨ ਦੋ ਵੱਖ ਵੱਖ ਸਰੋਤਾਂ ਤੋਂ 96 ਵਾਰ ਸਰਚ ਕਰਕੇ ਜਾਣਕਾਰੀ ਹਾਸਲ ਕੀਤੀ ਤੇ ਇਸ ਜਾਣਕਾਰੀ ਦੀ ਉਸ ਨੂੰ ਉੱਕਾ ਹੀ ਲੋੜ ਨਹੀਂ ਸੀ। ਸੂਬੇ ਦੇ ਪ੍ਰਾਇਵੇਸੀ ਕਾਨੂੰਨਾਂ ਦੇ ਤਹਿਤ, ਬਿਨਾ ਕਿਸੇ ਠੋਸ ਅਤੇ ਪ੍ਰੋਫੈਸ਼ਨਲ ਕਾਰਨ ਜਾਣਕਾਰੀ ਇਕੱਠੀ ਕਰਨ ਅਤੇ ਉਸ ਨੂੰ ਵਰਤਣ ਵਾਸਤੇ ਕਿਸੇ ਵੀ ਸਰਕਾਰੀ ਕਰਮਚਾਰੀ ਨੂੰ 10 ਹਜ਼ਾਰ ਡਾਲਰ ਦਾ ਜੁਰਮਾਨਾ ਹੋ ਸਕਦਾ ਹੈ ਤੇ ਉਸ ਨੂੰ ਮੁਅੱਤਲ ਕਰਨ ਤੋਂ ਇਲਾਵਾ ਉਸ ਦੀ ਨੌਕਰੀ ਵੀ ਜਾ ਸਕਦੀ ਹੈ। ਇਸ ਅਧਿਕਾਰੀ ਵਿਰੁੱਧ ਅੰਦਰੂਨੀ ਵਿਭਾਗੀ ਜਾਂਚ ਵੀ ਕੀਤੀ ਜਾਵੇਗੀ।


























ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


SOUTH POINTE TOYOTA
FOR ONLY $118 A WEEK! WITH $3888 DOWN
0% FINANCING
NO PAYMENTS UNTIL JULY 2020!
ALL NEW REDESIGNED
2020 HIGHLANDER
PRE-ORDER YOURS TODAY!
403-567-8888
WWW.SOUTHPOINTETOYOTA.COM
11500 35 ST SE #7000
CALGARY, AB T2Z 3W4
SALES@SOUTHPOINTETOYOTA.COM
7WWW.SOUTHPOINTETOYOTA.COM
CALGARYS LARGEST AND MOST AWARDED TOYOTA DEALERSHIP
WWW.SOUTHPOINTETOYOTA.COM

# ਮਾਮਲਾ ਸਿਹਤ ਦਾ- ਚਰਚਾ 5ਜ਼ੀ ਨੈਟਵਰਕ ਦੀ
# ਕੀ ਕਰੋਨਾ ਦਾ ਸਬੰਧ 5ਜ਼ੀ ਨੈਟਵਰਕ ਨਾਲ ਹੈ ?
# ਕੀ ਕਹਿੰਦਾ ਨਿਊਜ਼ੀਲੈਂਡ ਸਿਹਤ ਵਿਭਾਗ ?

**What are the potential health risks from 5G?** (World Health Organization)

To date, and after much research performed, no adverse health effect has been causally linked with exposure to wireless technologies. Health-related conclusions are drawn from studies performed across the entire radio spectrum but, so far, only a few studies have been carried out at the frequencies to be used by 5G.

Tissue heating is the main mechanism of interaction between radiofrequency fields and the human body. Radiofrequency exposure levels from current technologies result in negligible temperature rise in the human body.

As the frequency increases, there is less penetration into the body tissues and absorption of the energy becomes more confined to the surface of the body (skin and eye). Provided that the overall exposure remains below international guidelines, **no consequences for public health are anticipated.**

**Is the COVID-19 outbreak caused by 5G?** (Ministry of Health)

**No.** COVID-19 is caused by a virus that is passed from one infected person to another. Nor is there any good evidence to suggest exposures to radio waves, including those from 5G transmitters, at levels that comply with the New Zealand exposure limits could weaken the immune system and make people more susceptible to infection. People are becoming infected by COVID-19 whether or not there are 5G transmitters where they live.




ਅੱਜਕਲ੍ਹ ਸੋਸ਼ਲ ਮੀਡੀਆ ਉਤੇ ਆਮ ਚਰਚਾ ਹੈ ਕਿ 5ਜੀ ਨੈਟਵਰਕ 6- 6ifth-generation wireless (57) ਕਰੋਨਾ ਬਿਮਾਰੀ ਨੂੰ ਫੈਲਾਉਣ ਅਤੇ ਪੰਛੀਆਂ ਦੀ ਪ੍ਰਜਾਤੀ ਨੂੰ ਖਤਮ ਕਰਨ ਲਈ ਜ਼ਿੰਮੇਵਾਰ ਹੈ। ਭਾਰਤ ਦੇ ਵਿਚ ਇਸਦੀ ਕਾਫੀ ਚਰਚਾ ਹੈ। ਲੋਕ ਪੋਸਟਾਂ ਅਤੇ ਵੀਡੀਓਜ਼ ਪਾਉਣ ਲੱਗੇ ਹਨ। ਇਸ ਸਬੰਧੀ ਨਿਊਜ਼ੀਲੈਂਡ ਸਿਹਤ ਵਿਭਾਗ ਅੰਤਰਰਾਸ਼ਟਰੀ ਪੱਧਰ ਦੇ ਮਾਪਦੰਢਾਂ ਨੂੰ ਕਿਵੇਂ ਆਪਣੇ ਦੇਸ਼ ਅੰਦਰ ਲਾਗੂ ਕਰਦਾ ਹੈ ਅਤੇ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੇ ਉਤਰ ਕਿਵੇਂ ਦਿੰਦਾ ਹੈ, ਆਓ ਜਾਣੀਏ:-

**ਪ੍ਰਸ਼ਨ: ਹੁਣ ਤੱਕ 5ਜੀ ਦੇ ਸਿਹਤ ਉਤੇ ਪੈਂਦੇ ਪ੍ਰਭਾਵਾਂ ਬਾਰੇ ਕੀ ਖੋਜ ਹੋਈ ਹੈ।?**

ਉਤਰ: 5ਜੀ ਸਿਰਫ ਇਕ ਹੋਰ ਰੇਡੀਓ ਟੈਕਨਾਲੋਜੀ ਐਪਲੀਕੇਸ਼ਨ ਹੈ। 5ਜੀ ਦੇ ਵਿਚ ਕੁਝ ਅਨੋਖਾ ਨਹੀਂ ਹੈ ਜੋ ਤੁਹਾਡੇ ਸਰੀਰ ਉਤੇ ਕੋਈ ਵੱਖਰਾ ਪ੍ਰਭਾਵ ਛੱਡਦਾ ਹੋਵੇ। ਇਹ ਉਸੀ ਤਰ੍ਹਾਂ ਹੈ ਜਿਵੇਂ ਪਹਿਲਾਂ ਰੇਡੀਓ ਤਰੰਗਾ ਹਨ।

**ਪ੍ਰਸ਼ਨ: ਕੀ 5ਜੀ ਰੇਡੀਓ ਤਰੰਗਾ ਨੂੰ ਦੂਜੀ ਮੋਬਾਇਲ ਫੋਨ ਤਕਨਾਲੋਜੀ ਤੋਂ ਜਿਆਦਾ ਗਿਣਤੀ ਦੇ ਵਿਚ ਫੈਲਾਉਂਦਾ ਹੈ ?**

ਉਤਰ: ਇਸਦੀ ਗਿਣਤੀ-ਮਿਣਤੀ ਦਰਸਾਉਂਦੀ ਹੈ ਕਿ ਮੌਜੂਦਾ ਸੈਲੂਲਰ ਤਕਨਾਲੋਜੀ ਨਾਲੋਂ 5ਜੀ ਵਾਲਾ ਸੈਲੂਲਰ ਖੇਤਰ ਬਰਾਬਰ ਮਾਤਰਾ ਵਿਚ ਹੀ ਤਰੰਗਾ ਫੈਲਾਉਂਦਾ ਹੈ ਜਾਂ ਫਿਰ ਘੱਟ ਰੇਡੀਓ ਤਰੰਗਾ ਫੈਲਾਉਂਦਾ ਹੈ।

**ਪ੍ਰਸ਼ਨ: ਕੀ 5ਜੀ ਕੁਝ ਦੇਸ਼ਾਂ ਵਿਚ ਬੰਦ ਹੋਇਆ ਹੈ ?**

ਉਤਰ: ਨਿਊਜ਼ੀਲੈਂਡ ਦਾ ਸਿਹਤ ਵਿਭਾਗ ਅਜਿਹੀ ਕੋਈ ਜਾਣਕਾਰੀ ਨਹੀਂ ਰੱਖਦਾ।

ਪ੍ਰਸ਼ਨ: ਕੀ ਇਹ ਸੱਚ ਹੈ ਕਿ ਨੀਦਰਲੈਂਡ ਦੇ ਵਿਚ 5ਜੀ ਨੈਟਵਰਕ ਕਰਕੇ ਸੈਂਕੜੇ ਪੰਛੀ ਮਰ ਗਏ ਸਨ।?

ਉਤਰ: ਨਹੀਂ। ਸੰਨ 2018 ਦੇ ਵਿਚ 350 ਦੇ ਕਰੀਬ ਪੰਛੀ ਉਥੇ ਇਕ ਪਾਰਕ ਦੇ ਵਿਚ ਮਰੇ ਪਾਏ ਗਏ ਸਨ, ਇਨ੍ਹਾਂ ਦਾ ਸਬੰਧ 5ਜੀ ਦੇ ਨਾਲ ਨਹੀਂ ਸੀ। ਪੰਛੀਆਂ ਵਾਲੀ ਘਟਨਾ ਤੋਂ 4 ਮਹੀਨੇ ਪਹਿਲਾਂ 5ਜੀ ਦਾ ਟੈਸਟ ਕੀਤਾ ਗਿਆ ਸੀ ਅਤੇ ਉਹ ਸਿਰਫ ਇਕ ਦਿਨ ਵਾਸਤੇ ਸੀ।

**ਪ੍ਰਸ਼ਨ: ਕੀ ਕਰੋਨਾ (ਕੋਵਿਡ-19) ਦੀ ਮਹਾਂਮਾਰੀ 5ਜੀ ਨੈਟਵਰਕ ਦੇ ਨਾਲ ਆਈ ਹੈ ?**

ਉਤਰ: ਨਹੀਂ। ਕੋਵਿਡ-19 ਇਕ ਵਾਇਰਸ ਹੈ ਜੋ ਇਕ ਦੂਜੇ ਦੇ ਸਰੀਰ ਵਿਚ ਦਾਖਲ ਹੋਣ ਨਾਲ ਅਗੇ ਤੋਂ ਅਗੇ ਵਧ ਰਿਹਾ ਹੈ। ਕਰੋਨਾ ਉਥੇ ਵੀ ਹੋ ਰਿਹਾ ਹੈ ਜਿਸ ਦੇਸ਼ ਦੇ ਵਿਚ ਅਜੇ 5ਜੀ ਪਹੁੰਚਿਆ ਹੀ ਨਹੀਂ ਹੈ। ਇਹ ਛੂਤ ਦੀ ਬਿਮਾਰੀ ਹੈ ਅਤੇ ਤੁਹਾਡੇ ਸਰੀਰ ਅੰਦਰ ਰੋਗਾਣੂਆਂ ਦੀ ਲੜਨ ਦੀ ਸ਼ਕਤੀ ਨੂੰ ਘੱਟ ਕਰਦੀ ਹੈ ਅਤੇ ਵਿਅਕਤੀ ਇਸ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।

**ਪ੍ਰਸ਼ਨ: ਕੀ 5ਜੀ ਨੈਟਵਰਕ ਵਾਸਤੇ ਜਿਆਦਾ ਸ਼ਕਤੀਸ਼ਾਲੀ ਰੇਡੀਓ ਤਰੰਗਾ ਛੱਡੀਆਂ ਜਾਂਦੀਆਂ ਹਨ ? ਜਿਸ ਕਰਕੇ ਇਹ ਜਿਆਦਾ ਖਤਰਨਾਕ ਹਨ ?**

ਉਤਰ: ਇਸ ਵੇਲੇ 5 ਜੀ ਉਹੀ 4ਜੀ ਵਾਲੀ ਸਮਰੱਥਾ ਵਾਲੀਆਂ ਰੇਡੀਓ ਤਰੰਗਾ ਛੱਡ ਰਿਹਾ ਹੈ। ਕੁਝ ਸਾਲਾਂ ਬਾਅਦ ਸ਼ਕਤੀਸ਼ਾਲੀ ਤਰੰਗਾ ਦੇ ਲਈ ਨਵੀਂ ਤਕਨੀਕ 'ਮਿਲੀਮੀਟਰ ਵੇਵਜ਼' ਜਾਰੀ ਕੀਤੀ ਜਾਵੇਗੀ। ਜੋ ਕਿ ਪੁਆਇੰਟ ਟੂ ਪੁਆਇੰਟ ਰੇਡੀਓ ਕਮਿਊਨੀਕੇਸ਼ਨ ਹੋਵੇਗੀ। 'ਮਿਲੀਮੀਟਰ ਵੇਵਜ਼' ਤਰੰਗਾ ਬਹੁਤ ਘੱਟ ਤੁਹਾਡੀ ਚਮੜੀ ਦੇ ਅੰਦਰ ਤੱਕ ਅਸਰ ਕਰੇਗੀ। ਨਿਊਜ਼ੀਲੈਂਡ ਉਚ ਮਾਪਦੰਢਾਂ ਨੂੰ ਅਪਣਾਏਗਾ ਤਾਂ ਕਿ ਕਿਸੀ ਤਰ੍ਹਾਂ ਦਾ ਨੁਕਸਾਨਦਾਇਕ ਅਸਰ ਨਾ ਹੋ ਸਕੇ। ਇਹ ਤਕਨੀਕ ਜਿਆਦਾ ਗਿਣਤੀ ਵਾਲੇ ਵੱਡੇ ਸਮਾਗਮਾਂ ਜਿਵੇਂ ਖੇਡ ਸਟੇਡੀਅਮ ਅਤੇ ਸ਼ਹਿਰਾਂ ਦੇ ਵਿਚ ਬਹੁਤ ਸਹਾਈ ਹੋਵੇਗੀ।

**ਪ੍ਰਸ਼ਨ: ਰੇਡੀਓ ਤਰੰਗਾ ਦੀ ਸਮਰੱਥਾ ਕੀ ਹੋਣੀ ਚਾਹੀਦੀ ਹੈ ?**

ਉਤਰ: ਸਿਹਤ ਮੰਤਰਾਲਾ ਇਸ ਵੇਲੇ ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਚੱਲ ਰਿਹਾ ਹੈ। ਰੇਡੀਓ ਤਰੰਗਾ ਲਈ ਵੱਧ ਤੋਂ ਵੱਧ ਸਮਰੱਥਾ ਇਸ ਵੇਲੇ 3 ਕਿਲੋ ਹਰਟਜ਼ ਤੋਂ 300 ਗੀਗਾ ਹਰਟਜ਼ ਤੱਕ ਹੈ। 1998 ਦੀ ਇਸ ਇਸ ਨਿਰਧਾਰਤ ਸਮੱਰਥਾ ਨੂੰ 2020 ਦੇ ਵਿਚ ਦੁਬਾਰਾ ਵਿਚਾਰਿਆ ਜਾ ਚੁੱਕਾ ਹੈ।



**(ਹਰਜਿੰਦਰ ਸਿੰਘ ਬਸਿਆਲਾ )**
**ਆਕਲੈਂਡ**

# ਪ੍ਰੇਮ-ਗਲਵੱਕੜੀ ਨੂੰ ਤਰਸਦੇ ਨੇ ਸਰਾਭਾ ਆਸ਼ਰਮ 'ਚ ਰਹਿੰਦੇ ਸੈਂਕੜੇ ਮਰੀਜ਼

**ਬਰਜਿੰਦਰ ਸਿੰਘ,**
ਮੋ: 76967-31000,
**barjinder.singh.dang@gmail.com**

ਇਨਸਾਨ ਦੀ ਖੁਸ਼ੀ ਦਾ ਮੁੱਖ ਸੋਮਾ ਮੁਹੱਬਤ ਹੈ। ਪਿਆਰ ਤੋਂ ਬਿਨਾਂ ਇਹ ਉਦਾਸ ਹੋ ਜਾਂਦਾ ਹੈ। ਅਜਿਹੀ ਬਿਰਤੀ ਇਸਨੂੰ ਸਮਾਜ ਨਾਲੋਂ ਤੋੜ ਦਿੰਦੀ ਹੈ। ਜੇ ਕਰ ਮਹੌਲ ਗਮਗੀਨ ਅਤੇ ਬਿਖਾਦੀ ਹੋਵੇ ਤਾਂ ਕਈ ਵਾਰ ਦਿਮਾਗੀ ਸੰਤੁਲਨ ਵੀ ਖੋ ਬੈਠਦਾ ਹੈ। ਫਿਰ ਇਸਨੂੰ ਆਪਣੇ ਹੀ ਤਿਆਗ ਦਿੰਦੇ ਹਨ। ਕਿਉਂਕਿ ਉਹਨਾਂ ਦੀ ਨਜਰ 'ਚ ਇਹ ਪਾਗਲ ਹੈ, ਨਿਕੰਮਾ ਹੈ, ਉਹਨਾਂ 'ਤੇ ਬੋਝ ਹੈ। ਪਿਛਲੇ ਕਈ ਸਾਲਾਂ ਤੋਂ ਏਕ ਨੂਰ ਸੇਵਾ ਕੇਂਦਰ ਸੰਸਥਾ ਦਾ ਮੈਂਬਰ ਹੋਣ ਦੇ ਨਾਤੇ ਲਾਵਾਰਸ ਮਰੀਜ਼ਾਂ ਦੀ ਸੇਵਾ ਕਰਦਿਆਂ ਦਾਸ ਨੇ ਮਹਿਸੂਸ ਕੀਤਾ ਹੈ ਕਿ ਜੇ ਕਰ ਇਹਨਾਂ ਮਰੀਜ਼ਾਂ ਨੂੰ ਪਰਿਵਾਰਾਂ ਵੱਲੋਂ ਲੋੜੀਂਦਾ ਪਿਆਰ ਮਿਲਦਾ ਰਹਿੰਦਾ ਤਾਂ ਇਹਨਾਂ ਵਿੱਚੋਂ ਕਾਫ਼ੀ ਮਰੀਜ਼ਾਂ ਦੀ ਹਾਲਤ ਇਤਨੀ ਨਾਜ਼ੁਕ ਨਾ ਹੁੰਦੀ।



ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸਰਮ ਵਿੱਚ ਹੁਣ ਤੱਕ ਪੰਜ ਕੁ ਸੌ ਦੇ ਕਰੀਬ ਅਜਿਹੇ ਲਾਵਾਰਸ-ਬੇਘਰ ਮਰੀਜ ਦਾਖਲ ਹੋਏ ਹਨ ਜਿਹਨਾਂ ਨੂੰ ਉਹਨਾਂ ਦੇ ਆਪਣਿਆਂ ਨੇ ਹੀ ਛੱਡ ਦਿੱਤਾ। ਕਾਰਨ ਇਹ ਕਿ ਕੋਈ ਜਨਮ ਤੋਂ ਹੀ ਅਪਾਹਜ ਹੈ। ਕਿਸੇ ਨੂੰ ਲਾ-ਇਲਾਜ ਰੋਗ ਲੱਗ ਗਿਆ। ਕਿਸੇ ਕੋਲ ਬਿਮਾਰੀ ਦਾ ਇਲਾਜ ਕਰਵਾਉਣ ਦੀ ਸਮਰੱਥਾ ਨਹੀਂ। ਕੁੱਝ ਕੁ ਆਪਣੇ ਨਸ਼ੇੜੀ ਪਰਿਵਾਰਕ ਮੈਂਬਰਾਂ ਵੱਲੋਂ ਕੁੱਟ-ਮਾਰ ਹੋਣ ਕਰਕੇ, ਕਿਸੇ ਦੀ ਮੱਦਦ ਨਾਲ ਇਸ ਆਸ਼ਰਮ 'ਚ ਪਹੁੰਚ ਗਏ। ਕਿਸੇ ਦੀ ਜਾਇਦਾਦ ਰਿਸ਼ਤੇਦਾਰਾਂ ਨੇ ਆਪਣੇ ਨਾਉਂ ਲਵਾ ਲਈ। ਅਜਿਹੀਆਂ ਅਣਗਿਣਤ ਕਹਾਣੀਆਂ ਹਨ।

ਇਹਨਾਂ ਵਿੱਚੋਂ ਜ਼ਿਆਦਾਤਰ ਉਹ ਮਰੀਜ਼ ਹਨ ਜਿਹਨਾਂ ਨੂੰ ਬਹੁਤ ਹੀ ਤਰਸਯੋਗ ਹਾਲਤ ਵਿੱਚ ਸੜਕਾਂ ਤੋਂ ਚੁੱਕ ਕੇ ਲਿਆਂਦਾ ਗਿਆ ਸੀ ਜਾਂ ਕੋਈ ਛੱਡ ਗਿਆ ਸੀ। । ਉਹਨਾਂ ਵਿੱਚੋਂ ਕਾਫ਼ੀ ਸੁਰਗਵਾਸ ਹੋ ਗਏ। ਬਹੁਤ ਸਾਰੇ ਠੀਕ ਹੋਕੇ ਚਲੇ ਗਏ। ਪਰ ਡੇਢ ਸੌ ਦੇ ਕਰੀਬ ਅਜਿਹੇ ਲਾਵਾਰਸ-ਬੇਘਰ ਮਰੀਜ ਹਮੇਸ਼ਾਂ ਹੀ ਇਸ ਆਸਰਮ ਵਿਚ ਰਹਿੰਦੇ ਹਨ। ਇਹਨਾਂ ਵਿੱਚ ਜ਼ਿਆਦਾਤਰ ਅਪਾਹਜ, ਨੇਤਰਹੀਣ, ਸ਼ੂਗਰ, ਟੀ.ਬੀ., ਮਿਰਗੀ, ਅਧਰੰਗ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਹਨ। ਬਹੁਤ ਸਾਰੇ ਆਪਣਾ ਨਾਉਂ ਜਾਂ ਘਰ-ਬਾਰ ਵਾਰੇ ਦੱਸਣ ਤੋਂ ਵੀ ਅਸੱਮਰਥ ਹਨ। ਆਸਰਮ ਵਿੱਚ ਇਹਨਾਂ ਨੂੰ ਹਰ ਚੀਜ਼ ਮੁਫਤ ਮਿਲਦੀ ਹੈ। ਕੋਈ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ।

ਇਹ ਆਸਰਮ ਇੱਕ ਅਜਿਹਾ ਤੀਰਥ ਹੈ ਜਿੱਥੇ ਸਮਾਜ ਨਾਲੋਂ ਟੁੱਟ ਚੁੱਕੇ ਉਹਨਾਂ ਲਾਵਾਰਸਾਂ-ਬੇਘਰ ਮਰੀਜ਼ਾਂ ਨੂੰ ਗਲ਼ੇ ਲਗਾਇਆ ਜਾਂਦਾ ਹੈ ਜਿਹਨਾਂ ਲਈ ਸਮਾਜ ਤੇ ਸਰਕਾਰ ਦੇ ਬੂਹੇ ਬੰਦ ਹੋ ਚੁੱਕੇ ਹਨ। ਇਹ ਤਰਸਦੇ ਨੇ ਸਾਡੀ ਇੱਕ ਪ੍ਰੇਮ-ਗਲਵੱਕੜੀ ਨੂੰ, ਕਿਉਂਕਿ ਹੁਣ ਇਹ ਸਾਡੇ 'ਚੋਂ ਆਪਣਾ ਪਰਿਵਾਰ ਲੱਭਦੇ ਹਨ। ਜਦੋਂ ਇਹ ਮੈਨੂੰ ਆਪਣੇ ਗਲ਼ ਨਾਲ ਲਾਉਂਦੇ ਹਨ, ਇਹ ਤਾਂ ਨਹੀਂ ਪਤਾ ਕਿ ਇਹਨਾਂ ਨੂੰ ਕਿੰਝ ਮਹਿਸੂਸ ਹੁੰਦਾ ਹੈ, ਪਰ ਮੈਨੂੰ ਜਾਪਦਾ ਹੈ ਜਿਵੇਂ ਇਹਨਾਂ ਦੇ ਚਿਰਾਂ ਤੋਂ ਅੰਦਰ ਸਮੇਟੇ ਹੋਏ ਹੰਝੂਆਂ ਨਾਲ ਮੇਰਾ ਮੈਲਾ ਮਨ ਧੋਤਾ ਗਿਆ ਹੋਵੇ। ਸੋ ਆਓ, ਇਹਨਾਂ ਨਾਲ ਮੁਹੱਬਤ ਵੰਡੀਏ, ਇਹਨਾਂ ਦੀ ਸਹਾਇਤਾ ਕਰੀਏ ਅਤੇ ਇਹਨਾਂ ਕੋਲੋਂ ਆਉਂਦੀ ਇਸਕ ਸੁਗੰਧੀ ਨਾਲ ਆਪਣਾ ਆਪ ਮਹਿਕਾ ਲਈਏ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਡਾ. ਨੌਰੰਗ ਸਿੰਘ ਮਾਂਗਟ ਨਾਲ ਇੰਡੀਆ ਵਿੱਚ 95018-42506, ਅਤੇ ਕੈਨੇਡਾ ਵਿੱਚ 403-401-8787 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 75 ਸਾਲ ਤੋਂ ਉੱਪਰ ਉਮਰ ਦੇ 80% ਤੋਂ ਜ਼ਿਆਦਾ ਬਜ਼ੁਰਗਾਂ ਨੂੰ ਕਰੋਨਾ ਵੈਕਸੀਨ ਦਿੱਤੀ ਜਾ ਚੁੱਕੀ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਨੇ ਦੱਸਿਆ ਹੈ ਕਿ ਸੂਬੇ ਭਰ ਵਿੱਚ ਉਹਨਾਂ ਸਾਰੇ ਬੱਚਿਆਂ ਨੂੰ ਕੋਵਿਡ-19 ਵੈਕਸਿਨ ਲਗਾਏ ਜਾਣ ਦਾ ਐਲਾਨ ਕਰ ਦਿੱਤਾ ਗਿਆ ਹੈ ਜਿਹੜੇ ਕਿਸੇ ਨਾ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ। ਜਿਹਨਾਂ ਬੱਚਿਆਂ ਦਾ ਜਨਮ ਸਾਲ 2006 ਤੋਂ 2009 ਦੇ ਦਰਮਿਆਨ ਹੋਇਆ ਹੈ ਅਤੇ ਉਹ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ, ਉਹ ਵੀ ਹੁਣ ਫਾਇਜ਼ਰ ਕੰਪਨੀ ਦੀ ਦਵਾਈ ਲੈਣ ਲਈ ਐਪੌਇੰਟਮੈਂਟ ਬਣਵਾ ਸਕਦੇ ਹਨ। ਵੈਕਸਿਨੇਸ਼ਨ ਦੇ 2-ਬੀ ਫੇਜ਼ ਤਹਿਤ 16 ਸਾਲ ਜਾਂ ਇਸ ਤੋਂ ਉੱਪਰ ਉਮਰ ਦੇ ਬੱਚਿਆਂ 'ਤੇ ਬਾਲਗ਼ਾਂ ਵਾਸਤੇ ਇਹੀ ਸਹੂਲਤ ਐਲਾਨੀ ਗਈ ਸੀ ਤੇ ਇਸ ਦਾ ਵਿਸਥਾਰ ਕਰਦਿਆਂ ਹੁਣ 12 ਤੋਂ 16 ਸਾਲ ਦੀ ਉਮਰ ਦੇ ਬਿਮਾਰ ਬੱਚਿਆਂ ਲਈ ਦਵਾਈ ਦਿੱਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। 75 ਸਾਲ ਤੋਂ ਉੱਪਰ ਉਮਰ ਦੇ 80% ਤੋਂ ਜ਼ਿਆਦਾ ਬਜ਼ੁਰਗਾਂ ਨੂੰ ਇਹ ਦਵਾਈ ਦਿੱਤੀ ਜਾ ਚੁੱਕੀ ਹੈ। 65 ਤੋਂ 75 ਸਾਲ ਦੀ ਉਮਰ ਦੇ 75% ਵਿਅਕਤੀ ਵੈਕਸਿਨ ਲਗਵਾ ਚੁੱਕੇ ਹਨ ਜਦੋਂ ਕਿ 60 ਤੋਂ 64 ਸਾਲ ਦੀ ਉਮਰ ਵਾਲੇ 55% ਵਿਅਕਤੀਆਂ ਨੂੰ ਇਹ ਟੀਕੇ ਲੱਗ ਚੁੱਕੇ ਹਨ। 50 ਤੋਂ 59 ਸਾਲ ਤੱਕ ਦੇ 37% ਅਤੇ 40 ਤੋਂ 49 ਸਾਲ ਦੀ ਉਮਰ ਦੇ 24% ਲੋਕ ਵੈਕਸਿਨੇਸ਼ਨ ਦੀ ਪਹਿਲੀ ਡੋਜ਼ ਲੈ ਚੁੱਕੇ ਹਨ।

ਕੀ ਤੁਹਾਨੂੰ ਪਤਾ ਹੈ?
ਤੁਹਾਡੇ ਘਰ ਦੀਆਂ ਚਾਬੀਆਂ ਖੁਸ਼ ਸਿੱਧੂ ਕੋਲ ਹਨ।



Luxuria Homes Luxury Comes Standard
LUXURIA HOMES
inspired homes for inspired living
Fully loaded Front Garage homes
starting from low $450,000.00,
1720 sqft with built in standard kitchen appliance package

- ਤੁਸੀਂ ਨਵਾਂ ਘਰ ਸਾਥੋਂ ਖਰੀਦੋ ਅਸੀਂ ਤੁਹਾਡਾ ਪੁਰਾਣਾ ਘਰ ਫਰੀ ਲਿਸਟ ਕਰਾਂਗੇ
- ਇੱਕ ਮਹੀਨੇ ਵਿੱਚ ਡੀਲ ਸਿਰੇ ਚਾੜਦੇ ਹੋ ਤਾਂ ਫਰੀ ਡੈੱਕ ਬਣਵਾ ਸਕਦੇ ਹੋ
- 36 ਫੁੱਟ ਚੌੜੀਆਂ ਰੈਗੂਲਰ ਰਵਾਇਤੀ ਲਾਟਾਂ
- 33 ਫੁੱਟ ਚੌੜੀਆਂ ਜ਼ੀਰੋ ਲਾਟਾਂ
- ਵਾਕ ਆਊਟ ਪੌਂਡ ਦੇ ਕਿਨਾਰੇ ਵਾਲੀਆਂ ਲਾਟਾਂ
- ਨਾਰਥ ਅਤੇ ਈਸਟ ਫੇਸ ਕਰਦੀਆਂ ਲਾਟਾਂ





ਕਾਰਨਰ ਸਟੋਨ ਵਿੱਚ ਨਵਾਂ ਘਰ ਖਰੀਦਣ ਲਈ ਸੰਪਰਕ ਕਰੋ
ਖੁਸ਼ ਸਿੱਧੂ ਕਮਿਓਨਿਟੀ ਮੈਨੇਜਰ
ਲਗਜ਼ਰੀਆ ਹੋਮਜ਼ ਕਾਰਨਰ ਸਟੋਨ ਕੈਲਗਰੀ
Above the Crowd!®

RE/MAX COMPLETE REALTY
REAL ESTATE PERFECTIONIST
(403) 918-0152
#1 RE/MAX
KHUSH SIDHU
B.B.A, S R E S, A B R
REALTOR

# ਪੁਲਸੀਏ ਨੂੰ ਦਰੜਣ ਵਾਲੇ ਛੋਕਰੇ ਨੂੰ ਜਮਾਨਤ ਤੋਂ ਹੋਈ ਕੋਰੀ ਨਾਂਹ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 31 ਦਸੰਬਰ ਦੀ ਰਾਤ 11 ਵਜੇ ਦੇ ਕਰੀਬ ਨੌਰਥ ਈਸਟ ਕੈਲਗਰੀ ਦੀ ਫੌਲਕਨਰਿਜ ਕਮਿਊਨਿਟੀ ਵਿੱਚ ਹੋਈ ਘਟਨਾ ਵਿੱਚ ਮਾਰੇ ਗਏ 37 ਸਾਲਾ ਪੁਲਿਸ ਔਫਿਸਰ ਸਾਰਜੰਟ ਐਂਡ੍ਰਿਊ ਹਾਰਨੈਂਟ ਦੇ ਮਾਮਲੇ ਵਿੱਚ ਦੋਸ਼ੀ ਮੰਨੇ ਜਾ ਰਹੇ ਦੋ ਨੌਜਵਾਨਾਂ ਵਿੱਚੋਂ ਇੱਕ ਨੂੰ ਜ਼ਮਾਨਤ ਦਿੱਤੇ ਜਾਣ ਤੋਂ ਨਾਂਹ ਕਰ ਦਿੱਤੀ ਗਈ ਹੈ। 19 ਸਾਲਾ ਆਮਿਰ ਅਬਦੁਰ-ਰਹਿਮਾਨ ਵਿਰੁੱਧ ਫ਼ਸਟ ਡਿਗਰੀ ਮਰਡਰ ਦਾ ਚਾਰਜ ਲੱਗਿਆ ਹੋਇਆ ਹੈ। ਉਸ ਦੇ ਸਾਥੀ 17 ਸਾਲਾ ਨੂੰ ਇਸ ਤੋਂ ਪਹਿਲਾਂ ਅਦਾਲਤ ਨੇ ਜ਼ਮਾਨਤ ਦਿੱਤੇ ਜਾਣ ਤੋਂ ਨਾਂਹ ਕਰ ਦਿੱਤੀ ਸੀ। ਫ਼ਰਵਰੀ ਵਿੱਚ ਬਹਿਸ ਸੁਣਨ ਤੋਂ ਬਾਦ, ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਜੱਜ, ਜਸਟਿਸ ਡੇਵਿਡ ਗੇਟਸ ਨੇ 28 ਸਫਿਆਂ ਦਾ ਆਪਣਾ ਫੈਸਲਾ ਸੁਣਾਇਆ। ਚੇਤੇ ਰਹੇ ਕਿ ਕਿ ਨਵੇਂ ਵਰ੍ਹੇ ਦੀ ਪੂਰਬਲੀ ਰਾਤ ਬਿਨਾ ਹੈੱਡ-ਲਾਇਟਸ ਤੋਂ ਆ ਰਹੀ ਇੱਕ ਗੱਡੀ ਨੂੰ ਰੋਕਿਆ ਗਿਆ ਸੀ। 19 ਸਾਲਾ ਅਬਦੁਰ-ਰਹਿਮਾਨ ਉਸ ਗੱਡੀ ਵਿੱਚ ਬੈਠਾ ਸੀ ਤੇ ਚਾਰ ਵਾਰੰਟਾਂ ਲਈ ਲੋੜੀਂਦਾ ਸੀ। 17 ਸਾਲਾ ਲੜਕਾ ਗੱਡੀ ਚਲਾ ਰਿਹਾ ਸੀ। ਜਦੋਂ ਪੁਲਿਸ ਉਸ ਨੂੰ ਜੁਰਮਾਨਾ ਟਿਕਟ ਦੇਣ ਦੀ ਤਿਆਰੀ ਕਰ ਰਹੀ ਸੀ ਤਾਂ ਉਸ ਨੇ ਗੱਡੀ ਭਜਾ ਲਈ ਤੇ ਸਾਰਜੰਟ ਹਾਰਨੈਂਟ ਨੂੰ ਟੱਕਰ ਮਾਰ ਕੇ ਸੁੱਟ ਦਿੱਤਾ ਪਰ ਉਹ ਗੱਡੀ ਨਾਲ ਹੀ 400 ਮੀਟਰ ਤੱਕ ਘੜੀਸ ਹੁੰਦਾ ਗਿਆ ਤੇ ਕੁੱਝ ਹੀ ਚਿਰ ਬਾਦ ਉਸ ਦੀ ਮੌਤ ਹੋ ਗਈ ਸੀ। 17 ਸਾਲਾ ਲੜਕੇ ਨੇ ਅਗਲੇ ਹਫ਼ਤੇ ਬਾਦ ਬਾਲਗ਼ ਹੋ ਜਾਣਾ ਸੀ ਤੇ ਉਸ ਵਿਰੁੱਧ ਵੀ ਬਾਲਗ਼ਾਂ ਵਾਲੀ ਸੁਣਵਾਈ ਕੀਤੇ ਜਾਣ ਦੀ ਕੋਸ਼ਿਸ਼ ਕ੍ਰਾਊਨ ਵਕੀਲ ਵੱਲੋਂ ਕੀਤੀ ਜਾ ਰਹੀ ਹੈ।




# ਅਲਬਰਟਾ ਵਿੱਚ ਐਸਟ੍ਰਾ ਜੈਨੇਕਾ ਵੈਕਸੀਨ ਮੁੱਕਣ ਕਾਰਣ ਨਵੀਂ ਬੁਕਿੰਗ ਨਹੀਂ ਹੋ ਰਹੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਐਸਟ੍ਰਾ-ਜ਼ੈਨੇਕਾ ਦਵਾਈ ਲਗਪਗ ਖ਼ਤਮ ਹੋ ਗਈ ਹੈ। ਸਾਲ 1981 ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਲੋਕਾਂ ਵਾਸਤੇ ਇਸ ਦਵਾਈ ਦੀ ਵਰਤੋਂ ਦੀ ਆਗਿਆ ਦਿੱਤੇ ਜਾਣ ਮਗਰੋਂ ਇਸ ਦੀ ਬੁਕਿੰਗ ਨਹੀਂ ਹੋ ਰਹੀ ਹੈ। ਬੀਤੇ ਬੁੱਧਵਾਰ 28 ਅਪਰੈਲ ਤੱਕ ਐਲਬਰਟਾ ਹੈਲਥ ਸਰਵਿਸਿਜ਼ ਦੀਆਂ ਸਾਰੀਆਂ ਬੁਕਿੰਗਜ਼ ਖ਼ਤਮ ਹੋ ਗਈਆਂ ਹਨ। ਹੁਣ 8-1-1 'ਤੇ ਕਾਲ ਕਰਨ ਜਾਂ ਔਨਲਾਇਨ ਟੂਲ ਰਾਹੀਂ ਵੀ ਇਸ ਦਵਾਈ ਵਾਸਤੇ ਬੁਕਿੰਗ ਨਹੀਂ ਹੋ ਸਕੇਗੀ। 27 ਅਪ੍ਰੈਲ ਦੀ ਸ਼ਾਮ ਤੱਕ ਐਸਟ੍ਰਾ-ਜ਼ੈਨੇਕਾ ਦੀਆਂ 69 ਹਜ਼ਾਰ 500 ਡੋਜ਼ਿਜ਼ ਲੱਗ ਚੁੱਕੀਆਂ ਦਰਜ ਹੋਈਆਂ ਹਨ। ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਦਾ ਕਹਿਣਾ ਹੈ ਕਿ ਉਹ ਫੈਡਰਲ ਸਰਕਾਰ ਦੇ ਸੰਪਰਕ ਵਿੱਚ ਹਨ ਤਾਂ ਕਿ ਹੋਰ ਡੋਜ਼ਿਜ਼ ਦਾ ਪ੍ਰਬੰਧ ਕੀਤਾ ਜਾ ਸਕੇ। ਉਹਨਾਂ ਦੱਸਿਆ ਕਿ ਫਾਇਜ਼ਰ ਕੰਪਨੀ ਦੀ ਦਵਾਈ ਦੀਆਂ 2 ਲੱਖ 36 ਹਜ਼ਾਰ ਡੋਜ਼ਿਜ਼ ਹਰੇਕ ਹਫ਼ਤੇ ਆਉਣ ਦੀ ਸੰਭਾਵਨਾ ਹੈ ਤੇ ਮੌਡਰਨਾ ਕੰਪਨੀ ਵੱਲੋਂ ਵੀ ਦਵਾਈ ਹੁਣ ਸਮੇਂ ਸਿਰ ਭੇਜਣ ਦੀ ਗੱਲ ਕਹੀ ਜਾ ਰਹੀ ਹੈ।

# 70 ਸਾਲ ਤੋਂ ਚੱਲਦੀ ਆ ਰਹੀ ਪਾਈਪ ਲਾਈਨ ਦੀਆਂ ਟੂਟੀਆਂ ਅਮਰੀਕਾ ਵਾਲੇ 12 ਮਈ ਤੋਂ ਬੰਦ ਕਰ ਦੇਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਬੇਸਡ ਐਨਰਜੀ ਕੰਪਨੀ ਐਨਬ੍ਰਿਜ ਵੱਲੋਂ ਪਿਛਲੇ 70 ਸਾਲਾਂ ਤੋਂ ਚਲਾਈ ਜਾ ਰਹੀ 645 ਮੀਲ ਲੰਬੀ ਪਾਇਪਲਾਇਨ – ਲਾਇਨ-ਫਾਇਵ ਨੂੰ ਅਮੈਰਿਕਨ ਸੂਬੇ ਮਿਸ਼ਿਗਨ ਦੇ ਗਵਰਨਰ ਗ੍ਰੈਵਨ ਵਿਟਮਰ ਨੇ 12 ਮਈ ਤੋਂ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਹੈ। ਇਸ ਪਾਇਪਲਾਇਨ ਰਾਹੀਂ 5 ਲੱਖ 40 ਹਜ਼ਾਰ ਬੈਰਲ ਕਰੂਡ ਔਇਲ ਅਤੇ ਨੈਚੁਰਲ ਗੈਸ ਮਿਸ਼ਿਗਨ ਵਾਸਤੇ ਸਪਲਾਈ ਹੁੰਦੇ ਹਨ। ਪ੍ਰਾਇਮ ਮਨਿਸਟਰ ਸਮੇਤ ਕਈ ਅਧਿਕਾਰੀਆਂ ਨੇ ਅਮੈਰਿਕਾ ਦੇ ਰਾਸ਼ਟਰਪਤੀ ਨੂੰ ਇਸ ਫੈਸਲੇ ਨੂੰ ਲਾਗੂ ਕਰਨ ਤੋਂ ਰੋਕਣ ਦੀ ਅਪੀਲ ਕੀਤੀ ਹੈ।












ROADWAY AUTO AND SPORT INC
REGINA | SASKATOON
SALES
1140 Albert St Regina, SK (306) 522-5526
Mon-Sat 9am-6pm
1805 8th Street East Saskatoon, SK (306) 382-2800
SERVICE
1500 Winnipeg St, Regina, SK (306) 352-7467 Mon-Fri 8am-5pm
Looking for a Used Vehicle? but have weird credit? No credit? New to country?
Roadway has over 100 premium used vehicles available and finance plans for virtually any situation.
ਸਾਡੇ ਕੋਲ 100 ਤੋਂ ਵੀ ਵੱਧ ਪੁਰਾਣੀਆਂ ਪਰ ਨਵੀਂ ਨਕੋਰ ਦਿੱਖ ਵਾਲੀਆਂ ਗੱਡੀਆਂ ਸਟਾਕ ਵਿੱਚ ਹਨ
ਤੁਹਾਡਾ ਕਰੈਡਿਟ ਖਰਾਬ ਐ, ਚਾਹੇ ਕਨੇਡਾ ਵਿੱਚ ਨਵੇਂ ਆਏ ਹੋ ਪਰ ਅਸੀਂ ਤੁਹਾਨੂੰ ਗੱਡੀ ਦੇ ਮਾਲਕ ਬਣਾ ਹੀ ਦੇਵਾਂਗੇ।





Visit our website to see our entire inventory and get pre-approved at the same time!
WWW.ROADWAYAUTOANDSPORT.COM
Harmandeep Singh (639) 424 0001
SERVICE SPECIALS
TIRES STARTING AT $69.95/EACH
FREE ENGINE LIGHT SCAN
GENERAL MAINTENANCE STARTING AT $39.95
REGULAR OIL CHANGE AT $39.95
SYNTHETIC OIL CHANGE AT $59.95
WHEEL ALIGNMENT AT $79.95

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
- New Automatic Trucks
- City Work
- Long Haul US- Canada Runs
- Dedicated Runs
- Great Miles Rate
Referral Bonus
Health Benefits
LEASE TO OWNER OPERATOR PROGRAM





Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE SWIFT CABS FREE
YOUR DESTINATION IS OUR GOAL
CONTACT: BILL SINGH 306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
- GROUP HEALTH & DENTAL BENEFITS
- LONG TERM DISABILITY BENEFITS
- LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CIBC
Vikas Prashar
Mobile Mortgage Adviser
Toll-Free: 1866 293-3919
Cell: 306 999-4476
vikas.prashar@cibc.com





ਹਰ ਤਰ੍ਹਾਂ ਦਾ ਮੈਰੀਨੇਟਿਡ ਚਿਕਨ ਅਤੇ ਮੱਛੀ
Doaba MEATS & GRILL
ਹਰ ਤਰ੍ਹਾਂ ਦਾ ਵੈਜ/ ਨਾਨ ਵੈਜ ਪੰਜਾਬੀ ਖਾਣਾ (ਸਿਰਫ ਟੇਕ ਆਊਟ)
ਹਰ ਰੋਜ਼ ਸਪੈਸ਼ਲ ਥਾਲੀ
ਕੈਟਰਿੰਗ ਉੱਪਰ ਸਪੈਸ਼ਲ ਡਿਸਕਾਊਂਟ
ਕੱਟਿਆ ਹੋਇਆ ਚਿਕਨ ਅਤੇ ਗੋਟ ਮੀਟ
306 522 1661
401 Victoria Avenue entrance (From side door Elliott St.)
Facebook: Doaba meats and grill

J S California Construction Ltd.
ਰੈਜ਼ੀਡੈਂਸ਼ਲ ਐਂਡ ਕਮਰਸ਼ੀਅਲ ਰੈਨੋਵੇਸ਼ਨ
ਬੇਸਮੈਂਟ ਡਿਵੈਲਪ ਕਰਨ ਲਈ ਸਾਰੀ ਜ਼ਿੰਮੇਵਾਰੀ ਸਾਡੇ ਉੱਪਰ ਛੱਡੋ
ਘਰ ਬਣਾਉਣ ਲਈ ਸਾਡੇ ਕੋਲ ਲਾਟਾਂ ਵੀ ਹਨ।
ਲੈਂਡਸਕੇਪ, ਪੇਵ ਸਟੋਨ ਅਤੇ ਸਨ ਡੈਕ ਬਣਾਉਣ ਦੀਆਂ ਸੇਵਾਵਾਂ ਲਵੋ।
J S California Construction Ltd.
306 201 6564
4349-Chuka Dr, Regina(SK)
ਲੈਂਡ ਸਕੇਪਿੰਗ ਦੀਆਂ ਸਪੈਸ਼ਲ ਆਫਰ ਮਿਲ ਰਹੀਆਂ ਹਨ।

MIDWEST DIESEL REPAIR INC.
Specialist in:
Gurprit Gill (Sony)
We Service all Makes of semi trucks and trailers
- Engine- Transmission * Differential *Rebuilt * Heating and Air Conditioning *Wheel Alignment *Mobile Tire Service - 24 H
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ
P.O. BOX 27064 1009 Wellings Road, Regina, SK, S4R 8R8
www.midwestdieselrepair.ca
Email@midwestdieselrepair.ca
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
(306) 216 0610
Ph. (306) 525 5077
Cell (306) 201 5870
Fax (306) 525 5075

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
- Must Have-Clean Driver Abstract
- Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
- Tax filling
- New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9





Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070